ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ
GIAN
ਗੁਰਮਤਿ ਗਿਆਨ

ਦਸੰਬਰ 2025

# ਗੁਰਮਤਿ ਵਿਰਸਾ

# GURMAT VIRSA गुरमति विरसा

Year-7, Issue-5, December 2025, Ludhiana gurmatvirsa@gmail.com Multilingual Price 25/-

ਪਹਿਲਾ ਸਥਾਨ: ਸਰਹਾਲੀ ਕਲਾਂ | ਦੂਜਾ ਸਥਾਨ: ਗੁਜਰਪੁਰ (ਨਵਾਂਸ਼ਹਿਰ) | ਤੀਜਾ ਸਥਾਨ: ਬੁਗਰਾ



## ਵਿਲੱਖਣ ਛਾਪ ਛੱਡ ਗਏ ਪੰਜਾਬ ਪੱਧਰ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ





## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਪਿੰਡ ਕੁਲਾਰ (ਜਗਰਾਓਂ) ਵਿਖੇ 9 ਨਵੰਬਰ 2025 ਨੂੰ ਪੰਜਾਬ ਪੱਧਰ ਦੇ ਕਰਵਾਏ ਗਏ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ ਦੀਆਂ ਝਲਕਾਂ ਤਸਵੀਰਾਂ ਦੀ ਜ਼ੁਬਾਨੀ



# ਗੁਰਮਤਿ ਵਿਰਸਾ


**ਦਸੰਬਰ 2025** **(ਮਾਸਿਕ ਮੈਗਜ਼ੀਨ)**



**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


## ਮੱਘਰ-ਪੋਹ ਮਹੀਨੇ ਦੇ ਖਾਸ ਦਿਹਾੜੇ

- ਜਨਮ ਦਿਵਸ ਸਾਹਿਬਜ਼ਾਦਾ ਫਤਹਿ ਸਿੰਘ : 29 ਮੱਘਰ (12 ਦਸੰਬਰ)
- ਸ਼ਹੀਦੀ ਵੱਡੇ ਸਾਹਿਬਜ਼ਾਦੇ : 08 ਪੋਹ (21 ਦਸੰਬਰ)
- ਸ਼ਹੀਦੀ ਸਾਕਾ ਚਮਕੌਰ ਸਾਹਿਬ : 08 ਪੋਹ (21 ਦਸੰਬਰ)
- ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ : 13 ਪੋਹ (26 ਦਸੰਬਰ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
Responsible for collection of all Printed matter as per PRB Act
**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ | 9 |
| ਦਸਮੇਸ਼ ਪਿਤਾ ਦਾ ਦਲੇਰ ਪੁੱਤ: ਸਾਹਿਬਜ਼ਾਦਾ ਅਜੀਤ ਸਿੰਘ | 11 |
| ਜਦੋਂ ਸਰਹੰਦ ਦੀ ਮੁਕੰਮਲ ਤਬਾਹੀ ਹੋਈ | 12 |
| ਸਿੱਖ ਸੱਭਿਆਚਾਰ: ਤੁਲਨਾਤਮਿਕ ਅਧਿਐਨ | 13 |
| ੴ ਦਾ ਸਿਧਾਂਤ | 18 |
| ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ | 19 |
| ਨੰਨੇ ਵਾਰਸ | 22 |
| ਪੁਰਾਤਨ ਲੰਗਰ ਮਰਿਯਾਦਾ ਅਤੇ ਅਜੋਕਾ ਪ੍ਰਬੰਧ | 24 |
| ਕੀ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿਚ ਪੰਗਤ ਦੀ ਜਗ੍ਹਾ... | 26 |
| ਲੜੀਵਾਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ... | 28 |
| ਕਾਵਿ ਕਿਆਰੀ | 33 |
| **बड़े साहिबज़ादों की लासानी शहादत** | **34** |
| The Distinguished Lamp | 36 |
| ਗੁਰਮਤਿ ਸੰਜੋਗ | 40 |
| ਅਕਤੂਬਰ ਮਹੀਨੇ ਦੀਆਂ ਸਰਗਰਮੀਆਂ | 41 |
| ਪੰਜਾਬ ਪੱਧਰ ਦੇ ਮੁਕਾਬਲਿਆਂ ਦੀ ਸੰਖੇਪ ਰਿਪੋਰਟ | 42 |





## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਸੰਪਾਦਕੀ**

# ਆਮ ਆਦਮੀ ਪਾਰਟੀ ਪੰਜਾਬ ਦੀ ਧਰਾਤਲ ਨੂੰ ਸਮਝੇ



ਸ਼ੁਰੂ ਸ਼ੁਰੂ ਵਿੱਚ ਆਮ ਆਦਮੀ ਪਾਰਟੀ ਦਾ ਦਾਅਵਾ ਤੇ ਮੁੱਖ ਮਕਸਦ ਤਾਕਤ ਹਾਸਲ ਕਰਨਾ ਨਹੀਂ ਸੀ ਸਗੋਂ ਭਾਰਤ ਦੀ ਸਿਆਸੀ ਧਰਾਤਲ 'ਤੇ ਸਿਆਸੀ ਏਜੰਡੇ ਨੂੰ ਬਦਲਣਾ ਸੀ। ਇਸ ਗੱਲ ਤੋਂ ਪ੍ਰਭਾਵਤ ਹੋਏ ਪੁਰਾਣੇ ਸਮਾਜਵਾਦੀ ਨੇਤਾ, ਲੋਕ ਲਹਿਰ ਦੇ ਆਗੂ ਤੇ ਹੋਰ ਨੌਜਵਾਨਾਂ ਨੇ ਇਸ ਪਾਰਟੀ ਵਲ ਵਹੀਰਾਂ ਘੱਤ ਦਿੱਤੀਆਂ। ਪੰਜਾਬ, ਆਮ ਪਾਰਟੀ ਲਈ ਇਕ ਕਿਸਮ ਦੀ ਕਰਮ ਭੂਮੀ ਹੋ ਸਕਦਾ ਸੀ ਪਰ ਜਿਸ ਤਰ੍ਹਾਂ ਦਾ ਵਿਹਾਰ ਆਮ ਆਦਮੀ ਦੀ ਪਾਰਟੀ ਦੀ ਕੇਂਦਰੀ ਤੇ ਸਥਾਨਿਕ ਲੀਡਰਸ਼ਿੱਪ ਨੇ ਕੀਤਾ ਹੈ ਉਸ ਨਾਲ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਨਾ ਸਿਰਫ ਆਮ ਆਦਮੀ ਪਾਰਟੀ ਦੀ ਸਿਆਸਤ ਤੋਂ ਟੁੱਟਿਆ ਹੈ ਸਗੋਂ ਉਹ ਹਾਂ-ਮੁਖੀ ਸਿਆਸਤ ਵਲੋਂ ਵੀ ਨਿਰਾਸ਼ ਹੋਏ ਹਨ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਆਮ ਆਦਮੀ ਪਾਰਟੀ ਅੰਨਾ ਹਜ਼ਾਰੇ ਦੇ ਅੰਦੋਲਨ ਵਿਚੋਂ ਪੈਦਾ ਹੁੰਦੀ ਹੈ। 2011 ਵਿੱਚ ਅੰਨਾ ਹਜ਼ਾਰੇ ਨੇ ਕੇਂਦਰ ਵਿੱਚ ਰਾਜ ਕਰਦੀ ਭਾਰਤੀ ਕਾਂਗਰਸ ਪਾਰਟੀ ਤੇ ਇਸ ਦੇ ਸਹਿਯੋਗੀ ਦਲਾਂ ਦੇ ਨੇਤਾਵਾਂ ਵਲੋਂ ਕੀਤੇ ਜਾ ਰਹੇ ਭ੍ਰਿਸ਼ਟਚਾਰ ਦੇ ਵਿਰੋਧ ਵਿੱਚ ਅੰਦੋਲਨ ਸ਼ੁਰੂ ਕੀਤਾ ਸੀ। ਅੰਨਾ ਹਜ਼ਾਰੇ ਦੇ ਸਾਥੀ ਜਨ ਲੋਕਪਾਲ ਬਿੱਲ ਦੀ ਮੰਗ ਕਰ ਰਹੇ ਸਨ ਤੇ ਉਨ੍ਹਾਂ ਦਾ ਕਹਿਣਾ ਸੀ ਕਿ ਅਸੀਂ ਸਿਆਸਤ ਵਿੱਚ ਨਹੀਂ ਆਉਣਾ ਚਾਹੁੰਦੇ। ਕੇਜਰੀਵਾਲ ਤੇ ਉਸ ਦੇ ਸਾਥੀ ਸਮਝਦੇ ਸਨ ਕਿ ਰਾਜਨੀਤਿਕ ਤਾਕਤ ਹਾਸਲ ਕਰਨ ਤੋਂ ਬਿਨਾ ਅੱਗੇ ਨਹੀਂ ਵਧਿਆ ਜਾ ਸਕਦਾ। ਕਿਹਾ ਜਾ ਸਕਦਾ ਹੈ ਕਿ ਇਸ ਅੰਦੋਲਨ ਵਿੱਚੋਂ ਇਸ ਪਾਰਟੀ ਦੀ ਸਥਾਪਨਾ ਹੋਈ।

26 ਨਵੰਬਰ 2012 ਨੂੰ ਅਰਵਿੰਦ ਕੇਜਰੀਵਾਲ ਅਤੇ ਉਸ ਦੇ, ਉਸ ਸਮੇਂ ਸਾਥੀਆਂ ਵੱਲੋਂ ਭਾਰਤ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨ ਦੇ ਨਾਂ 'ਤੇ ਆਮ ਆਦਮੀ ਪਾਰਟੀ ਬਣਾਈ ਸੀ। ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵਿੱਚੋਂ ਨਿਕਲੀ ਆਮ ਆਦਮੀ ਪਾਰਟੀ ਨੇ ਸਮੁੱਚੇ ਦੇਸ਼ ਖਾਸ ਕਰਕੇ ਪੰਜਾਬ ਤੇ ਦਿੱਲੀ ਦੇ ਲੋਕਾਂ ਵਿੱਚ ਤਬਦੀਲੀ ਦਾ ਸੁਪਨਾ ਸੰਜੋਇਆ। ਬਹੁਤ ਜਲਦੀ ਹੀ ਵਿਚਾਰਧਾਰਕ ਅਸਪੱਸ਼ਟਤਾ, ਜਮਹੂਰੀਅਤ ਬਾਰੇ ਕੰਮਜ਼ੋਰ ਸਮਝ, ਅਤੇ ਆਪਸੀ ਕਾਟੋ-ਕਲੇਸ਼ ਕਾਰਨ ਇਹ ਸੁਪਨਾ ਦਿਨ-ਬ-ਦਿਨ ਮਧਮ ਪੈਂਦਾ ਗਿਆ।

ਅਜ਼ਾਦੀ ਉਪਰੰਤ ਪੰਜਾਬ ਵਿੱਚ ਕਾਂਗਰਸ ਤੇ ਅਕਾਲੀ-ਭਾਜਪਾ ਪਾਰਟੀਆਂ ਜ਼ਿਆਦਾ ਸਮਾਂ ਰਾਜ ਕਰਦੀਆਂ ਰਹੀਆਂ। ਮਗਰਲਿਆਂ ਸਾਲਾਂ ਵਿੱਚ ਅਕਾਲੀ ਦਲ ਬਾਦਲ ਆਪਣੀ ਪਿੱਠ ਭੂਮੀ ਨੂੰ ਵਿਸਾਰ ਕੇ, ਪੰਥਕ ਸਰੋਕਾਰਾਂ ਨੂੰ ਛੱਡ ਕੇ, ਭਾਰਤੀ ਜਨਤਾ ਪਾਰਟੀ ਦੇ ਕੰਧਾੜੇ ਚੜ੍ਹ ਕੇ, ਆਪਣੇ ਪਰਵਾਰਾਂ ਲਈ ਜਾਇਦਾਦਾਂ ਬਣਾਉਣ ਵਿੱਚ ਮਗਨ ਹੋ ਗਿਆ। ਦੂਸਰਾ ਅਕਾਲੀ ਦਲ ਬਾਦਲ ਦੀ ਪੰਥਕ ਸਰਕਾਰ ਹੋਣ ਦੇ ਨਾਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਇਨ੍ਹਾਂ ਦੀ ਸਰਕਾਰ ਸਮੇਂ ਹੋਣ ਕਰਕੇ ਲੋਕਾਂ ਨੇ ਅਕਾਲੀਆਂ ਨੂੰ ਨਿਕਾਰ ਦਿੱਤਾ। ਪੰਜਾਬ ਵਿੱਚ ਪੁਲੀਸ ਮੁਕਾਬਲਿਆਂ ਦੀ ਕੋਈ ਜਾਂਚ ਨਹੀਂ ਕਰਾਈ ਤੇ ਨਾ ਹੀ ਕਿਸੇ ਜ਼ੁਲਮ ਕਰਨ ਵਾਲੇ ਪੁਲੀਸ ਅਫ਼ਸਰ ਸਬੰਧੀ ਕੋਈ ਕਾਰਵਾਈ ਕੀਤੀ। ਜੇਲ੍ਹਾਂ ਵਿੱਚ ਬੰਦ ਸਿੱਖ ਨੌਜਵਨਾਂ ਨੂੰ ਰਿਹਾਅ ਕਰਨਾ ਇੱਕ ਪਾਸੇ ਰਿਹਾਅ ਜਿਹੜੇ ਕੈਦਾਂ ਕੱਟ ਚੁੱਕੇ ਸਨ ਉਨ੍ਹਾਂ ਲਈ ਵੀ ਕੁਝ ਨਹੀਂ ਕੀਤਾ। ਪੰਜਾਬ ਦੇ ਕਿਸੇ ਮੁੱਦੇ ਨੂੰ ਹੱਲ ਨਹੀਂ ਕਰਾਇਆ ਉਲਟਾ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਕੇਂਦਰੀ ਸਰਕਾਰ ਨਾਲ ਜਾ ਖੜੇ ਹੋਏ। ਸਭ ਤੋਂ ਭਿਆਨਕ ਦੌਰ ਪੰਜਾਬ ਵਿੱਚ ਪੰਥਕ ਸਰਕਾਰ ਸਮੇਂ ਚਿੱਟੇ ਦਾ ਨਸ਼ਾ ਵਿਕਣਾ ਸ਼ੁਰੂ ਹੋਇਆ। ਸ਼ਰੇਆਮ ਅਕਾਲੀ ਦਲ ਬਾਦਲ ਦੇ ਨੇਤਾਵਾਂ ਦਾ ਨਾਂ ਬੋਲਣ ਕਰਕੇ ਲੋਕਾਂ ਨੇ ਇਨ੍ਹਾਂ ਨੂੰ ਵਾਰ ਵਾਰ ਨਿਕਾਰਤਾ। ਅਖ਼ੀਰ ਨੂੰ ਤਿੰਨ ਸੀਟਾਂ ਤੇ ਸਬਰ ਕਰਨਾ ਪਿਆ। ਪੰਜਾਬ ਦੇ ਕਾਂਗਰਸੀ ਪੰਜਾਬ ਲਈ ਨਹੀਂ ਸੋਚਦੇ ਕਿਉਂਕਿ ਉਹ ਕਾਂਗਰਸ ਦੇ ਕੇਂਦਰੀ ਲੀਡਰਾਂ ਵੱਲ ਵੇਖਦੇ ਹਨ। ਕਾਂਗਰਸ ਦੀ ਕੇਂਦਰੀ ਲੀਡਰਸ਼ਿੱਪ ਹਮੇਸ਼ਾਂ ਪੰਜਾਬ ਦੇ ਵਿਰੋਧ ਵਿੱਚ ਹੀ ਭੁਗਤਦੀ ਆ ਰਹੀ ਹੈ। ਕਾਂਗਰਸ ਪਾਰਟੀ ਨੇ ਪੰਜਾਬ ਨੂੰ ਬਣਦੇ ਹੱਕ ਕਦੇ ਵੀ ਨਹੀਂ ਦਿੱਤੇ। ਜੇ ਕਾਂਗਰਸ ਦੇ ਕੇਂਦਰੀ ਨੇਤਾ ਬੇਈਮਾਨ ਨਾ ਹੁੰਦੇ ਤਾਂ ਉਨ੍ਹਾਂ ਦੀ ਕੇਂਦਰ ਵਿੱਚ ਏਨੀ ਦੁਰਗੱਤ ਨਾ ਹੁੰਦੀ। ਪੰਜਾਬ ਵਿੱਚ ਦੋਹਾਂ ਪਾਰਟੀਆਂ ਤੋਂ ਅੱਕੇ ਲੋਕਾਂ ਨੇ ਤੀਸਰੇ ਬਦਲ ਆਮ ਆਦਮੀ ਪਾਰਟੀ ਨੂੰ ਤਰਜੀਹ ਦਿੱਤੀ। ਆਮ ਆਦਮੀ ਪਾਰਟੀ ਨੂੰ ਪੰਜਾਬੀਆਂ ਨੇ ਆਪ ਮੁਹਾਰੇ ਵੋਟਾਂ ਪਾਈਆਂ ਕਿ ਸ਼ਾਇਦ ਇਹ ਪੰਜਾਬ ਦੇ ਭਲੇ ਦੀ ਕੋਈ ਗੱਲ ਕਰਨਗੇ।

2022 ਦੀਆਂ ਚੋਣਾਂ ਵਿੱਚ ਰਾਘਵ ਚੱਢਾ ਸਹਿ-ਇੰਚਾਰਜ ਲਗਾਇਆ ਗਿਆ। ਮੋਗਾ ਵਿਖੇ ਮਹਾਂ ਪੰਚਾਇਤ ਕੀਤੀ ਗਈ ਪੰਜਾਬੀਆਂ ਨੂੰ ਪੂਰੀ ਤਰ੍ਹਾਂ ਸਬਜ਼ ਬਾਗ ਦਿਖਾਏ ਗਏ। 28 ਜੂਨ 2021 ਨੂੰ ਕੇਜਰੀਵਾਲ ਨੇ ਵਾਅਦਾ ਕੀਤਾ ਕਿ ਬਿਜਲੀ ਸਮਝੌਤਿਆਂ ਦੀ ਦੁਬਾਰਾ ਸਮੀਖਿਆ ਕੀਤੀ ਜਾਏਗੀ ਤੇ ਸਰਕਾਰੀ ਖਜ਼ਾਨੇ ਵਿੱਚੋਂ ਹਰੇਕ ਘਰ ਨੂੰ ਤਿੰਨ ਸੌ ਯੂਨਿਟ ਬਿਜਲੀ ਦਿੱਤੀ ਜਾਏਗੀ। ਬਿਜਲੀ ਸਮਝੋਤਿਆਂ ਦੀ ਪੁਛ ਪੜਤਾਲ ਤਾਂ ਕੀਤੀ ਕੋਈ ਨਹੀਂ ਪਰ ਸਰਕਾਰੀ ਖ਼ਜ਼ਾਨੇ ਵਿਚੋਂ ਵੋਟਾਂ ਦੀ ਪ੍ਰਾਪਤੀ ਲਈ ਤਿੰਨ ਸੌ ਯੂਨਿਟ ਬਿਜਲੀ ਫਰੀ ਦਿੱਤੀ ਗਈ। ਇਹ ਇੱਕ ਕਿਸਮ ਦੀ ਰਿਸ਼ਵਤ ਹੀ ਸੀ ਜਿਹੜੀ ਪੰਜਾਬੀਆਂ ਨੇ ਖੁਲ੍ਹੇ ਦਿੱਲ ਨਾਲ ਪਰਵਾਨ ਕਰ ਲਈ। ਹਾਲਾਂ ਕਿ ਪੰਜਾਬੀਆਂ ਨੇ ਮੁਫਤ ਬਿਜਲੀ ਮੰਗੀ ਹੀ ਨਹੀਂ ਸੀ। ਪੰਜਾਬੀਆਂ ਦਾ ਤਾਂ ਇਹ ਕਹਿਣਾ ਸੀ ਬਿਜਲੀ ਦਾ ਰੇਟ ਘਟਾਓ। ਮੁਫਤ ਬਿਜਲੀ ਦੇ ਕੇ ਪੰਜਾਬ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਦਿੱਤੀ।

22 ਨਵੰਬਰ 2022 ਨੂੰ ਭਾਊ ਕੇਜਰੀਵਾਲ ਨੇ ਦੂਜਾ ਐਲਾਨ ਕੀਤਾ ਕਿ ਜੇ ਸਾਡੀ ਸਰਕਾਰ ਜਿੱਤ ਦੀ ਹੈ ਤਾਂ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਨੂੰ ਇੱਕ ਹਜ਼ਾਰ ਰੁਪਇਆ ਪੈਨਸ਼ਨ ਦਿੱਤੀ ਜਾਏਗੀ। ਇਸ ਤੋਂ ਇਲਾਵਾ ਇਸ ਪਾਰਟੀ ਨੇ ਸੰਘੀ ਢਾਚੇ ਦੀ ਵਕਾਲਤ ਕੀਤੀ। ਰਾਜਾਂ ਨੂੰ ਵੱਧ ਅਧਿਕਾਰਾਂ ਦੇ ਸਬਜ਼ ਬਾਗ ਦਿਖਾਏ। ਪਿੰਡ ਦੀਆਂ ਪੰਚਾਇਤਾਂ ਨੂੰ 29 ਵਿਭਾਗਾਂ ਦੇ ਹੱਕ ਦਿਵਾਉਣ ਦੀ ਗੱਲ ਕੀਤੀ। ਕਿਰਸਾਨ ਮਜ਼ਦੂਰਾਂ ਦੀਆਂ ਖ਼ੁਦਕਸ਼ੀਆਂ, ਨਸ਼ਿਆਂ ਨਾਲ ਭੰਨੇ ਨੌਜਾਵਨਾਂ ਦੀ ਗੱਲ ਕੀਤੀ, ਕਾਨੂੰਨ ਦੀ ਮਾੜੀ ਕਾਰਗੁਜ਼ਾਰੀ ਦੀ ਵਿਚਾਰ ਕਰਦਿਆਂ ਪੰਜਾਬ ਵਿੱਚ ਬਹੁਤ ਵੱਡਾ ਅੰਦੋਲਨ ਖੜਾ ਕਰਕੇ ਜਨਤਾ

**ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਤੋਂ ਬਹੁਤ ਉਮੀਦਾਂ ਪਾਲ ਰੱਖੀਆਂ ਸਨ ਕਿ ਪੰਜਾਬ ਨੂੰ ਵਧੀਆ ਤਰੀਕੇ ਨਾਲ ਚਲਾਉਣਗੇ। ਪੰਜਾਬੀ ਆਸ ਰੱਖਦੇ ਸਨ ਕਿ ਇਹ ਪਾਰਟੀ ਸੰਘੀ ਢਾਚੇ ਨੂੰ ਤਰਜੀਹ ਦੇਣ ਦੀ ਵਕਾਲਤ ਹੀ ਨਹੀਂ ਕਰਨਗੇ ਸਗੋਂ ਰਾਜਾਂ ਨੂੰ ਵੱਧ ਅਧਿਕਾਰ ਦਿਵਾਉਣ ਵਿੱਚ ਮੋਹਰੀ ਭੂਮਿਕਾ ਨਿਭਾਏਗੀ। ਜਦੋਂ ਜੰਮੂ ਕਸ਼ਮੀਰ ਵਿਚੋਂ 370 ਧਾਰਾ ਤੋੜੀ ਗਈ ਤਾਂ ਸੂਬਿਆਂ ਨੂੰ ਵਧ ਅਧਿਕਾਰਾਂ ਦਾ ਢੰਡੋਰਾ ਪਿੱਟਣ ਵਾਲੇ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਆਮ ਆਦਮੀ ਪਾਰਟੀ ਦੋਵੇਂ ਚੁੱਪ ਕਰ ਗਏ ਕਿਉਂ ਕਿ ਕੇਂਦਰ ਦੀ ਘੁਰਕੀ ਅੱਗੇ ਬੇਬੱਸ ਸਨ।**

ਵਿੱਚ ਲਾਮਬੰਦੀ ਕੀਤੀ। ਆਮ ਆਦਮੀ ਪਾਰਟੀ ਨਰਾਜ਼ ਤੇ ਉਦਾਸ ਲੋਕਾਂ ਦਾ ਮਸੀਹਾ ਬਣ ਗਈ।

2022 ਵਿੱਚ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚੋਂ ਬਹੁਤ ਵੱਡੀ ਜਿੱਤ ਹਾਸਲ ਹੁੰਦੀ ਹੈ। 117 ਸੀਟਾਂ ਤੋਂ 92 ਸੀਟਾਂ ਆਮ ਆਦਮੀ ਪਾਰਟੀ ਲੈ ਗਈ। ਸ੍ਰ ਭਗਵੰਤ ਸਿੰਘ ਮਾਨ ਪੰਜਾਬ ਦੇ ਮੁੱਖ ਮੰਤ੍ਰੀ ਬਣ ਗਏ ਪਰ ਪੰਜਾਬ ਸਰਕਾਰ ਵਿੱਚ ਦਖਲ ਅੰਦਾਜ਼ੀ ਦਿੱਲੀ ਦੇ ਲੀਡਰਾਂ ਦੀ ਰਹਿਣ ਲੱਗ ਪਈ। ਪੰਜਾਬ ਦੇ ਲੋਕਾਂ ਨੇ ਦਿੱਲੀ ਦੀ ਦਖਲ ਅੰਦਾਜ਼ੀ ਨੂੰ ਬਹੁਤਾ ਪਸੰਦ ਨਹੀਂ ਕੀਤਾ ਗਿਆ।

ਆਮ ਆਦਮੀ ਪਾਰਟੀ ਵਿੱਚ ਜਿਵੇਂ ਜਿਵੇਂ ਨੇਤਾ ਸ਼ਾਮਿਲ ਹੁੰਦੇ ਗਏ ਓਦੂੰ ਬਹੁਤੀ ਤੇਜ਼ੀ ਨਾਲ ਨੇਤਾ ਇਸ ਨੂੰ ਛੱਡਦੇ ਗਏ। ਪਹਿਲਿਆਂ ਵਿੱਚ ਜੋਗਿੰਦਰ ਯਾਦਵ, ਪ੍ਰਸ਼ਾਂਤ ਕਿਸ਼ੋਰ, ਡਾ. ਦਲਜੀਤ ਸਿੰਘ, ਧਰਮਵੀਰ ਗਾਂਧੀ, ਹਰਿੰਦਰ ਸਿੰਘ ਖਾਲਸਾ, ਸੁੱਚਾ ਸਿੰਘ ਛੋਟੇਪੁਰ, ਗੁਰਪ੍ਰੀਤ ਸਿੰਘ ਘੁੱਗੀ, ਸੁਖਪਾਲ ਸਿੰਘ ਖਹਿਰਾ ਤੇ ਇਸ ਨਾਲ ਹੋਰ ਸਾਥੀ ਵੀ ਛੱਡ ਗਏ ਜਾਂ ਕੱਢ ਦਿੱਤੇ ਗਏ। ਆਮ ਆਦਮੀ ਪਾਰਟੀ ਵੱਲੋਂ ਕਈ ਥਾਈਂ ਆਪਣੇ ਵਰਕਰਾਂ ਨੂੰ ਦਰਕਿਨਾਰ ਕਰਦਿਆਂ ਪੈਸੇ ਵਾਲਿਆਂ ਨੂੰ ਟਿਕਟਾਂ ਦਿੱਤੀਆਂ ਗਈਆਂ। ਟਿਕਟਾਂ ਦੇਣ ਸਬੰਧੀ ਜਿਹੜੇ ਵਿਚਾਰ ਮੀਡੀਏ ਵਿੱਚ ਘੁੰਮਦੇ ਹਨ ਉਸ ਨੇ ਆਮ ਆਦਮੀ ਪਾਰਟੀ ਦੀ ਹਾਲਤ ਪਤਲੀ ਹੀ ਕੀਤੀ ਹੈ।

ਰਵਾਇਤ ਤੋਂ ਉਲਟ ਚਲਦਿਆਂ ਚੰਡੀਗੜ੍ਹ ਛੱਡ ਕੇ ਸ੍ਰਦਾਰ ਭਗਤ ਸਿੰਘ ਦੇ ਪਿੰਡ ਖੱਟਕੜ ਕਲ੍ਹਾਂ ਸੌਂਹ ਚੁੱਕ ਸਮਾਗਮ ਰੱਖਿਆ ਗਿਆ। ਹਰ ਇਨਸਾਨ ਦੀ ਆਪਣੀ ਸੋਚ ਲਈ ਅਜ਼ਾਦ ਹੈ ਉਂਝ ਸਾਡੇ ਮੁਤਾਬਿਕ ਤਾਂ ਕਿਰਸਨਾਂ ਦਾ ਮਸੀਹਾ ਬਾਬਾ ਬੰਦਾ ਸਿੰਘ ਬਹਾਦਰ ਦੀ ਮਹਾਨ ਸ਼ਹਦਤ ਨੂੰ ਮੁੱਖ ਰੱਖਦਿਆਂ ਜਿੱਥੇ ਛੋਟੇ ਸਾਹਿਬਜ਼ਾਦਿਆਂ ਸ਼ਹਾਦਤ ਦਿੱਤੀ ਸੀ ਓੱਥੇ ਸੌਂਹ ਚੁੱਕ ਸਮਾਗਮ ਵੀ ਰੱਖਿਆ ਜਾ ਸਕਦਾ ਸੀ। ਪੰਜਾਬ ਦੇ ਉਸਰਈਏ ਨੂੰ ਯਾਦ ਕੀਤਾ ਜਾ ਸਕਦਾ ਸੀ।

ਭਗਵੰਤ ਸਿੰਘ ਮਾਨ ਦੇ ਮੁੱਖ ਮੰਤ੍ਰੀ ਬਣਦਿਆਂ ਹੀ ਦਿੱਲੀ ਦੀਆਂ ਟੀਮਾਂ ਵੀ ਨਾਲ ਤਾਇਨਾਤ ਕੀਤੀਆਂ ਗਈਆਂ। ਦਿੱਲੀ ਤੋਂ ਆਏ ਅਫ਼ਸਰ ਤੇ ਪਾਰਟੀ ਵਰਕਰਾਂ ਦੀ ਭੀੜ ਪੰਜਾਬੀਆਂ ਨੂੰ ਪਸੰਦ ਨਹੀਂ ਹੈ। ਸਾਢੇ ਤਿੰਨ ਸਾਲ ਦਾ ਸਮਾਂ ਲੰਘ ਗਿਆ ਹੈ ਪਰ ਅਜੇ ਤੱਕ ਪੰਜਾਬ ਲਈ ਕੋਈ ਠੋਸ ਨੀਤੀ ਨਹੀਂ ਬਣਾਈ ਜਿਸ ਨਾਲ ਦਾਅਵਾ ਕੀਤਾ ਜਾ ਸਕੇ ਪੰਜਾਬ ਲਈ ਇਸ ਲਾਣੇ ਨੂੰ ਕੋਈ ਹਮਦਰਦੀ ਹੈ।

ਆਮ ਆਦਮੀ ਪਾਰਟੀ ਪੰਜਾਬ ਦੇ ਸਭਿਆਚਾਰ ਨੂੰ ਸਮਝਦਿਆਂ ਹੋਇਆ ਵੀ ਆਪਣੀ ਮਰਜ਼ੀ ਕਰ ਰਹੀ ਹੈ। ਸਭ ਤੋਂ ਪਹਿਲਾਂ ਰਾਜ ਸਭਾ ਦੇ ਮੈਂਬਰਾਂ ਦੀ ਚੋਣ ਸਮੇਂ ਪਤਾ ਨਹੀਂ ਕਿਹੜੀ ਨੀਤੀ ਬਣਾਈ ਗਈ ਉਹ ਮੈਂਬਰ ਲਏ ਗਏ ਜਿੰਨ੍ਹਾਂ ਨੂੰ ਪੰਜਾਬ ਦੇ ਮਸਲਿਆਂ ਨਾਲ ਕੋਈ ਸਰੋਕਾਰ ਨਹੀਂ ਹੈ। ਪੰਜਾਬ ਦਾ ਸਹਿ-ਇੰਚਾਰਜ ਰਾਘਵ ਚੱਢਾ, ਕ੍ਰਿਕਟਰ ਹਰਭਜਨ ਸਿੰਘ, ਸੰਦੀਪ ਪਾਠਕ, ਲਵਲੀ ਯੂਨੀਵਰਸਟੀ ਦਾ ਚਾਂਸਲਰ ਅਸ਼ੋਕ ਮਿੱਤਲ ਤੇ ਉਦਯੋਗਪਤੀ ਸੰਜੀਵ ਅਰੋੜਾ ਰਾਜ ਸਭਾ ਦੇ ਮੈਂਬਰ ਤਾਂ ਹਨ ਪਰ ਪੰਜਾਬ ਦੀ ਰੂਹ ਦੀ ਤਰਜਮਾਨੀ ਨਹੀਂ ਕਰਦੇ ਨਜ਼ਰ ਆਏ। ਕੀ ਇਨ੍ਹਾਂ ਨੂੰ ਪੰਜਾਬ ਦੇ ਬਾਰਡਰ ਦੀ ਕੋਈ ਸੋਝੀ ਹੈ? ਆਮ ਆਦਮੀ ਪਾਟੀ ਨੂੰ ਅਕਸਰ ਰਾਜਨੀਤਿਕ ਲੋਕਾਂ ਨੇ ਕਟਹਿਰੇ ਵਿੱਚ ਖੜਾ ਕਰਦਿਆਂ ਪੁੱਛਿਆ ਹੈ ਕਿ ਕੀ ਰਾਜ ਸਭਾ ਲਈ ਚੁਣੇ ਗਏ ਮੈਂਬਰ ਪੰਜਾਬ ਦੀ ਛੱਡੋ ਇਹ ਆਮ ਆਦਮੀ ਪਾਰਟੀ ਦੀ ਵੀ ਕੋਈ ਗੱਲ ਕਰਨਗੇ?

ਇਨ੍ਹਾਂ ਰਾਜ ਸਭਾ ਦੇ ਨੇਤਾਵਾਂ ਦਾ ਹਾਲ ਦੇਖ ਲਓ ਇਨ੍ਹਾਂ ਨੂੰ ਮੈਂਬਰ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਫੰਡ 119.11 ਕ੍ਰੋੜ ਮਿਲਿਆ ਪਰ ਇਨ੍ਹਾਂ ਨੇ ਕੇਵਲ 34.76 ਕ੍ਰੋੜ ਖਰਚਿਆ ਜਿਸ ਦਾ ਵਿਸਥਾਰ ਬਾਅਦ ਵਿੱਚ ਆਏਗਾ ਕਿ ਇਹ ਪੈਸਾ ਕਿੱਥੇ ਵਰਤਿਆ। ਰਾਜ ਸਭਾ ਵਿੱਚ ਗਏ ਮੈਂਬਰਾਂ ਨੂੰ ਪੰਜਾਬ ਦੇ ਮੁੱਦਿਆਂ ਨਾਲ ਕੋਈ ਦਿੱਲਚਸਪੀ ਨਹੀਂ ਹੈ।

ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਤੋਂ ਬਹੁਤ ਉਮੀਦਾਂ ਪਾਲ ਰੱਖੀਆਂ ਸਨ ਕਿ ਪੰਜਾਬ ਨੂੰ ਵਧੀਆ ਤਰੀਕੇ ਨਾਲ ਚਲਾਉਣਗੇ। ਪੰਜਾਬੀ ਆਸ ਰੱਖਦੇ ਸਨ ਕਿ ਇਹ ਪਾਰਟੀ ਸੰਘੀ ਢਾਚੇ ਨੂੰ ਤਰਜੀਹ ਦੇਣ ਦੀ ਵਕਾਲਤ ਹੀ

**ਪੰਜਾਬ ਸਰਕਾਰ ਦੇ ਨੱਕ ਹੇਠ ਪੰਜਾਬ ਦਾ ਡੀ.ਜੀ.ਪੀ. ਭਾਊ ਭੁੱਲਰ ਫੜਿਆ ਗਿਆ ਹੈ। ਮੀਡੀਆ ਦੀ ਜਾਣਕਾਰੀ ਅਨੁਸਾਰ ਦੁਕਾਨਾਂ, ਪਲਾਟ, ਫਲੈਟ, ਫਾਰਮ ਹਾਊਸ, ਕੋਠੀਆਂ, ਨਗਦ ਨਰਾਇਣ ਪ੍ਰਗਟ ਹੋਇਆ ਹੈ ਉਸ ਨਾਲ ਪੰਜਾਬ ਸਰਕਾਰ ਦੀ ਬਦਨਾਮੀ ਹੀ ਹੋਈ ਹੈ। ਪੰਜਾਬ ਸਰਕਾਰ 'ਤੇ ਪੂਰੀ ਤਰ੍ਹਾਂ ਅਫ਼ਸਰਸ਼ਾਹੀ ਭਾਰੂ ਹੋਈ ਹੈ। ਕਿੰਨੀਆਂ ਖਬਰਾਂ ਨਸ਼ਰ ਹੁੰਦੀਆਂ ਹਨ ਪਰ ਸਜਾ ਕਿਸੇ ਨੂੰ ਕੋਈ ਖਾਸ ਨਹੀਂ ਮਿਲੀ। ਜੇ ਇਸ ਨੂੰ ਬਦਲਾਅ ਕਿਹਾ ਜਾਂਦਾ ਹੈ ਤਾਂ ਫਿਰ ਪੰਜਾਬ ਦਾ ਕੋਈ ਵਾਰਸ ਨਹੀਂ ਹੈ। ਤੁਸੀਂ ਪਾਣੀ ਬਣ ਕੇ ਆਏ ਸੀ ਭਾਫ਼ ਬਣ ਕੇ ਉੱਡ ਰਹੇ ਹੋ। ਆਮ ਆਦਮੀ ਪਾਰਟੀ ਆਪਣੇ ਆਪ ਨੂੰ ਨੈਸ਼ਨਲ ਪਾਰਟੀ ਬਣਾਉਣ ਵਾਸਤੇ ਕਈ ਤਰ੍ਹਾਂ ਦੇ ਪਾਪੜ ਵੇਲ ਰਹੀ ਹੈ। ਜੇ ਪਰਟੀ ਸੁਪਰੀਮੋ ਪੰਜਾਬ ਆਉਂਦਾ ਹੈ ਤਾਂ ਕਹਿੰਦਾ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ, ਜੇ ਹਰਿਆਣੇ ਜਾਂਦਾ ਹੈ ਤਾਂ ਕਹਿੰਦਾ ਹੈ ਸਤਲੁਜ ਜਮਨਾ ਲਿੰਕ ਨਹਿਰ ਬਣਨੀ ਚਾਹੀਦੀ ਹੈ।**

ਨਹੀਂ ਕਰਨਗੇ ਸਗੋਂ ਰਾਜਾਂ ਨੂੰ ਵੱਧ ਅਧਿਕਾਰ ਦਿਵਾਉਣ ਵਿੱਚ ਮੋਹਰੀ ਭੂਮਿਕਾ ਨਿਭਾਏਗੀ। ਜਦੋਂ ਜੰਮੂ ਕਸ਼ਮੀਰ ਵਿਚੋਂ 370 ਧਾਰਾ ਤੋੜੀ ਗਈ ਤਾਂ ਸੂਬਿਆਂ ਨੂੰ ਵਧ ਅਧਿਕਾਰਾਂ ਦਾ ਢੰਡੋਰਾ ਪਿੱਟਣ ਵਾਲੇ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਆਮ ਆਦਮੀ ਪਾਰਟੀ ਦੋਵੇਂ ਚੁੱਪ ਕਰ ਗਏ ਕਿਉਂ ਕਿ ਕੇਂਦਰ ਦੀ ਘੁਰਕੀ ਅੱਗੇ ਬੇਬੱਸ ਸਨ।

ਆਮ ਆਦਮੀ ਪਾਰਟੀ ਗੱਲਾਂ ਤਾਂ ਬਹੁਤ ਸਾਦਗੀ ਦੀਆਂ ਕਰਦੇ ਰਹੇ ਪਰ ਉਸ ਸਿਧਾਂਤ 'ਤੇ ਖਰੇ ਨਹੀਂ ਉੱਤਰੇ। ਸਭ ਤੋਂ ਪਹਿਲਾਂ ਦਿੱਲੀ-ਦੇ ਮੁੱਖ ਮੰਤ੍ਰੀ ਕੇਜਰੀਵਾਲ ਨੇ ਦਿੱਲੀ ਵਿੱਚ ਆਪਣੀ ਰਹਾਇਸ਼ ਦੇ ਨਵੀਨੀ ਕਰਨ ਲਈ ਜਨਤਕ ਫੰਡਾਂ ਦੀ ਦੁਰ ਵਰਤੋਂ ਕਰਨ ਦਾ ਦੋਸ਼ ਲੱਗ ਗਿਆ। 29 ਅਪ੍ਰੈਲ 2023 ਨੂੰ ਜਾਂਚ ਦਾ ਐਲਾਨ ਕੀਤਾ ਗਿਆ। ਸੀ ਬੀ ਆਈ ਵਰਤਮਾਨ ਵਿੱਚ ਮੁੱਖ ਮੰਤ੍ਰੀ ਕੇਜਰੀਵਾਲ ਦੇ ਹਊਸ ਕੰਪਲੈਕਸ ਦੀ ਮੁਰੰਮਤ 'ਤੇ ਖਰਚੇ ਗਏ 52.71 ਕਰੋੜ ਦੀ ਜਾਂਚ ਕਰ ਰਹੀ ਹੈ ਜਿਸ ਵਿੱਚ ਕਥਿੱਤ ਤੌਰ 'ਤੇ ਇੱਕ ਪਰਦੇ ਦੀ ਲਾਗਤ 7.94 ਲੱਖ ਰੁਪਏ ਦੱਸੀ ਜਾਂਦੀ ਹੈ। ਵਿਜੀਲੈਂਸ ਵਿਭਾਗ ਇਸ ਸਮੇਂ ਫੰਡਾਂ ਦੀ ਦੁਰਵਰਤੋਂ ਅਤੇ ਵਿਤੀ ਬੇਨਿਯਮੀਆਂ ਦੀ ਪੈਰਵੀ ਕਰ ਰਿਹਾ ਹੈ। ਏਦਾਂ ਵੀ ਕਿਹਾ ਜਾ ਸਕਦਾ ਹੈ ਕਿ ਆਦਮੀ ਪਾਰਟੀ ਦੇ ਉੱਚ ਨੇਤਾ ਜੇਲ੍ਹਾਂ ਦੀ ਸੈਰ ਵੀ ਕਰ ਆਏ ਹਨ। ਸ਼ਰਾਬ ਘੁਟਾਲਾ ਆਮ ਆਦਮੀ ਪਾਰਟੀ ਲਈ ਗਲੇ ਦੀ ਹੱਡੀ ਬਣ ਗਿਆ ਹੈ ਜਿਸ ਵਿੱਚ ਦਿੱਲੀ ਸਰਕਾਰ ਦੇ ਸਾਬਕਾ ਉੱਪ ਮੁੱਖ ਮੰਤ੍ਰੀ ਮਨੀਸ਼ ਸਿਸੋਦੀਆ ਦਾ ਨਾਂ ਬੋਲਦਾ ਹੈ। ਲੰਮੇਰਾ ਸਮਾਂ ਜੇਲ੍ਹ ਵਿੱਚ ਬਿਤਾ ਆਏ ਹਨ।

ਆਮ ਆਦਮੀ ਪਾਰਟੀ ਦੇ ਕਿਸੇ ਵੀ ਮੈਂਬਰ ਨੇ ਪੰਜਾਬ ਦੀ ਧਰਾਤਲ ਨੂੰ ਨਹੀਂ ਸਮਝਿਆ। ਪੰਜਾਬ ਵਿਚੋਂ 92 ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਐਮ ਐਲ ਏ ਜਿੱਤੇ ਸਨ ਪਰ ਕਿਸੇ ਅੰਦਰ ਵੀ ਪੰਜਾਬ ਪ੍ਰਤੀ ਕੋਈ ਹੁੱਬ, ਪੰਜਾਬ ਦੇ ਵਿਕਾਸ ਲਈ ਰੋਡ ਮੈਪ ਨਹੀਂ ਹੈ। ਕਿਸੇ ਵੀ ਐਮ ਐਲ ਏ ਨੇ ਪੰਜਾਬ ਦੇ ਕਿਸੇ ਮਸਲੇ ਦੀ ਗੱਲ ਨਹੀਂ ਕੀਤੀ। ਚਾਹੀਦਾ ਤਾਂ ਇਹ ਸੀ ਕਿ ਚੱਲ ਰਹੀਆਂ ਰਹੀਆਂ ਸਰਕਾਰੀ ਡਿਸਪੈਂਸਰੀਆਂ ਨੂੰ ਹੀ ਮਹੱਲਾ ਕਲੀਨਕ ਵਾਲੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ। ਪਰ ਇਨ੍ਹਾਂ ਨੇ ਫੋਕੀ ਵਾਹਵਾ ਵਾਹਵਾ ਖੱਟਣ ਲਈ ਪੰਜਾਬ ਸਿਰ ਹੋਰ ਕਰਜ਼ਾ ਵਧਾ ਦਿੱਤਾ।

ਜੇ ਵਿਧਾਨ ਸਭਾ ਦਾ ਇਜਲਾਸ ਹੁੰਦਾ ਹੈ ਤਾਂ ਆਮ ਆਦਮੀ ਪਾਰਟੀ ਤੇ ਬਾਕੀ ਰਾਜਸੀ ਪਾਰਟੀਆਂ ਨੇ ਕਦੇ ਪੰਜਾਬ ਦੇ ਮੁੱਦੇ ਦੀ ਗੱਲ ਨਹੀਂ ਕੀਤੀ ਸਿਰਫ ਇੱਕ ਦੂਜੇ ਨੂੰ ਨੀਵਾਂ ਦਿਖਾਲਣ ਲਈ ਨਿੱਜੀ ਹਮਲੇ ਤੇ ਤੋਹਮਤ ਬਾਜ਼ੀਆਂ ਰਹਿ ਗਈਆਂ ਹਨ। ਵਿਧਾਨ ਸਭਾ ਦਾ ਸੈਸ਼ਨ ਦੇਖ ਕੇ ਕਚਿਆਣ ਆਉਂਦੀ ਹੈ। ਪਹਿਲਾਂ ਕਹਿੰਦੇ ਸਨ ਕਿ ਸਾਨੂੰ ਵੋਟਾਂ ਪਾਓ ਅਸੀਂ ਵਿਧਾਨ ਸਭਾ ਵਿੱਚ ਤੁਹਾਡੀ ਗੱਲ ਰੱਖਾਂਗੇ। ਜਦੋਂ ਗੱਲ ਰੱਖਣ ਦਾ ਸਮਾਂ ਆਉਂਦਾ ਹੈ ਓਦੋਂ ਉੱਠ ਕੇ ਬਾਹਰ ਆ

ਜਾਂਦੇ ਹਨ ਕਿ ਅਸਾਂ ਵਾਕ ਔਟ ਕੀਤਾ ਹੈ। ਵਿਧਾਨ ਸਭਾ ਵਿੱਚ ਪਹਿਲਾਂ ਹੀ ਨਾ ਜਾਂਦੇ ਏਡਾ ਤਮਾਸ਼ਾ ਕਰਨ ਦੀ ਕੀ ਜ਼ਰੂਰਤ ਸੀ।

ਆਮ ਆਦਮੀ ਪਾਰਟੀ ਦੇ ਨੇਤਾ ਪੰਜਾਬ ਦੀ ਧਰਾਤਲ, ਪੰਜਾਬ ਦੀ ਮਿੱਟੀ ਤੇ ਇਸ ਦੇ ਸਰੋਕਾਰਾਂ ਨੂੰ ਸਮਝਣ ਵਿੱਚ ਅਸਮਰੱਥ ਰਹੇ ਹਨ। ਪੰਜਾਬ ਦੀ ਧਰਾਤਲ ਤੋਂ ਕੋਰੇਪਨ ਦੀ ਨਿਸ਼ਾਨੀ ਏਥੋਂ ਦਿਸਦੀ ਹੈ ਕਿ ਸਾਨੂੰ ਵਿਧਾਨ ਸਭਾ ਲਈ ਵੱਖਰੀ ਜਗ੍ਹਾ ਦਿਓ ਕੁੱਲ ਮਿਲਾ ਕਿ ਸਮਝਿਆ ਜਾ ਸਕਦਾ ਹੈ ਪੰਜਾਬ ਦਾ ਚੰਡੀਗੜ੍ਹ ਤੋਂ ਆਪਣਾ ਹੱਕ ਛੱਡਣਾ ਹੈ। ਪਹਿਲਾਂ ਭਾਖੜਾ ਡੈਮ ਦਾ ਪ੍ਰਬੰਧ ਤੁਹਾਥੋਂ ਖੋਹ ਲਿਆ ਤੁਸਾਂ ਕੁਝ ਨਹੀਂ ਕੀਤਾ ਹੁਣ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਤੇ ਦਿਨ ਦੀਵੀਂ ਡਾਕਾ ਮਾਰਿਆ ਹੈ ਤੁਸੀਂ ਕਹਿ ਰਹੇ ਹੋ ਕਿ ਅਸੀਂ ਹਾਈ ਕੋਰਟ ਵਿੱਚ ਕੇਸ ਕਰਾਂਗੇ ਕੀ ਇਸ ਗੱਲ ਨੂੰ ਏਦਾਂ ਸਮਝਿਆ ਜਾਏ ਕਿ ਕੇਂਦਰ ਦੀ ਕਾਰ ਗੁਜ਼ਾਰੀ ਨੂੰ ਤੁਸੀਂ ਠੰਡੇ ਬਸਤੇ ਵਿੱਚ ਪਾ ਰਹੇ ਹੋ। ਉਹ ਵੱਖਰੀ ਗੱਲ ਹੈ ਵਿਦਿਆਰਥੀਆਂ ਦੇ ਰੋਹ ਦੇ ਡਰੋਂ ਕੇਂਦਰੀ ਨੇਤਾਵਾਂ ਨੇ ਫੈਸਲਾ ਵਾਪਸ ਲੈ ਲਿਆ ਹੈ।

ਪੰਜਾਬ ਲਈ ਸਭ ਤੋਂ ਵੱਡਾ ਦੁਖਦਾਈ ਪਹਿਲੂ ਹੈ ਕਿ ਦਿੱਲੀ ਦੀ ਲੀਡਰਸ਼ਿੱਪ ਪੰਜਾਬ ਦੀ ਜ਼ਰਖ਼ੇਜ਼ ਜ਼ਮੀਨ ਨੂੰ ਪੰਜਾਬ ਦੇ ਮੁੱਖ ਮੰਤ੍ਰੀ ਰਾਹੀਂ ਵੇਚਣ ਦਾ ਬੰਦੋਬਸਤ ਕਰ ਰਹੀ ਹੈ। ਪਹਿਲਾਂ ਪੂਡਾ ਦੀ ਜ਼ਿੰਮੇਵਾਰੀ ਲਗਾਈ ਕਿ 65 ਹਜ਼ਾਰ ਏਕੜ ਜ਼ਮੀਨ ਖਰੀਦ ਕੇ ਕਲੋਨੀਆਂ ਵਸਾਈਆਂ ਜਾਣ। ਜਦੋਂ ਕਿਰਸਾਨਾਂ ਨੇ ਰੋਹ ਦਿਖਾਇਆ ਤਾਂ ਅੰਦਰ ਖਾਤੇ ਪੰਜਾਬ ਸਰਕਾਰ ਵੱਲੋਂ ਪਲਟੀ ਮਾਰਦਿਆਂ ਸਰਕਾਰੀ ਜ਼ਮੀਨਾਂ ਵੇਚਣ ਦੀ ਤਿਆਰੀ ਸ਼ੁਰੂ ਕੀਤੀ ਜਾ ਰਹੀ ਹੈ। ਪੰਜਾਬ ਦੀ ਜ਼ਮੀਨ ਸਾਡਾ ਕੌਮੀ ਸਰਮਾਇਆ ਹੈ। ਘੱਟੇ ਕੌਡੀਆਂ ਜ਼ਮੀਨ ਬਰਬਾਦ ਕੀਤੀ ਜਾ ਰਹੀ ਹੈ ਇਸ ਦਾ ਸਾਫ਼ ਭਾਵ ਹੈ ਕਿ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਧਰਾਤਲ ਸਬੰਧੀ ਕੋਈ ਗਿਆਨ ਨਹੀਂ ਹੈ। ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਐਮ. ਐਲ. ਏ. ਪਾਰਟੀ ਵਰਕਰ ਤੇ ਐਮ ਪੀ, ਕੋਈ ਆਪਣਾ ਇਤਰਾਜ਼ ਨਹੀਂ ਜਿਤਾ ਰਹੇ। ਸਾਰੇ ਗੂੰਗੇ ਬਹਿਰ ਬਣ ਕੇ ਤਮਾਸ਼ਾ ਦੇਖ ਰਹੇ ਹਨ।

ਪੰਜਾਬ ਸਰਕਾਰ ਦੇ ਨੱਕ ਹੇਠ ਪੰਜਾਬ ਦਾ ਡੀ.ਜੀ.ਪੀ. ਭਾਊ ਭੁੱਲਰ ਫੜਿਆ ਗਿਆ ਹੈ। ਮੀਡੀਆ ਦੀ ਜਾਣਕਾਰੀ ਅਨੁਸਾਰ ਦੁਕਾਨਾਂ, ਪਲਾਟ, ਫਲੈਟ, ਫਾਰਮ ਹਾਊਸ, ਕੋਠੀਆਂ, ਨਗਦ ਨਰਾਇਣ ਪ੍ਰਗਟ ਹੋਇਆ ਹੈ ਉਸ ਨਾਲ ਪੰਜਾਬ ਸਰਕਾਰ ਦੀ ਬਦਨਾਮੀ ਹੀ ਹੋਈ ਹੈ। ਪੰਜਾਬ ਸਰਕਾਰ 'ਤੇ ਪੂਰੀ ਤਰ੍ਹਾਂ ਅਫ਼ਸਰਸ਼ਾਹੀ ਭਾਰੂ ਹੋਈ ਹੈ। ਕਿੰਨੀਆਂ ਖ਼ਬਰਾਂ ਨਸ਼ਰ ਹੁੰਦੀਆਂ ਹਨ ਪਰ ਸਜਾ ਕਿਸੇ ਨੂੰ ਕੋਈ ਖਾਸ ਨਹੀਂ ਮਿਲੀ। ਜੇ ਇਸ ਨੂੰ ਬਦਲਾਅ ਕਿਹਾ ਜਾਂਦਾ ਹੈ ਤਾਂ ਫਿਰ ਪੰਜਾਬ ਦਾ ਕੋਈ ਵਾਰਸ ਨਹੀਂ ਹੈ। ਤੁਸੀਂ ਪਾਣੀ ਬਣ ਕੇ ਆਏ ਸੀ ਭਾਫ਼ ਬਣ ਕੇ ਉੱਡ ਰਹੇ ਹੋ। ਆਮ ਆਦਮੀ ਪਾਰਟੀ ਆਪਣੇ ਆਪ ਨੂੰ ਨੈਸ਼ਨਲ ਪਾਰਟੀ ਬਣਾਉਣ ਵਾਸਤੇ ਕਈ ਤਰ੍ਹਾਂ ਦੇ ਪਾਪੜ ਵੇਲ ਰਹੀ ਹੈ। ਜੇ ਪਰਟੀ ਸੁਪਰੀਮੋ ਪੰਜਾਬ ਆਉਂਦਾ ਹੈ ਤਾਂ ਕਹਿੰਦਾ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ, ਜੇ ਹਰਿਆਣੇ ਜਾਂਦਾ ਹੈ ਤਾਂ ਕਹਿੰਦਾ ਹੈ ਸਤਲੁਜ ਜਮਨਾ ਲਿੰਕ ਨਹਿਰ ਬਣਨੀ ਚਾਹੀਦੀ ਹੈ।

ਕੈਨੇਡਾ ਵਿੱਚ ਟਰੂਡੋ ਕਹਿੰਦਾ ਸੀ ਵੋਟਾਂ ਮੈਨੂੰ ਪਾਓ ਮੈਂ ਵਿਦਿਆਰਥੀਆਂ ਨੂੰ ਪਹਿਲ ਦਿਆਂਗਾ। ਟਰੂਡੋ ਪ੍ਰਧਾਨ ਮੰਤ੍ਰੀ ਬਣ ਗਿਆ। ਲੋਕ ਧੜਾ ਧੜਾ ਕੈਨੇਡਾ ਪਹੁੰਚ ਗਏ। ਜਦੋ ਵੇਖਿਆ ਕਿ ਦੁਨੀਆਂ ਬਹੁਤ ਆ ਗਈ ਹੈ ਤਾਂ ਹੁਣ ਵਾਲੇ ਪ੍ਰਧਾਨ ਮੰਤ੍ਰੀ ਨੇ ਕਿਹਾ ਸੀ ਕਿ ਵੋਟਾਂ ਮੈਨੂੰ ਪਾਓ ਮੈਂ ਵਿਦਿਆਰਥੀ ਦੇਸ਼ ਵਿਚੋਂ ਬਾਹਰ ਕੱਢਾਂਗਾ। ਪਹਿਲਾਂ ਵਿਦਿਆਰਥੀਆਂ ਨੂੰ ਲਿਆਉਣ ਦੇ ਨਾਂ ਤੇ ਵੋਟਾਂ ਲੈ ਗਿਆ ਹੁਣ ਕੱਢਣ ਦੇ ਨਾਂ 'ਤੇ ਲੈ ਗਿਆ।

ਆਮ ਆਦਮੀ ਪਾਰਟੀ ਕੋਲੋ ਅਜੇ ਵੀ ਸਮਾਂ ਹੈ ਕਿ ਬੇਲੋੜੀ ਇਲਜ਼ਾਮ ਤਰਾਸ਼ੀ, ਚੁਟਕਲੇ ਟਿਚਰਾਂ ਛੱਡ ਕੇ ਪੰਜਾਬ ਲਈ ਠੋਸ ਨੀਤੀ ਬਣਾਉਣ ਦਾ ਯਤਨ ਕਰਨ। ਕੇਂਦਰ ਸਰਕਾਰ ਕੋਲੋਂ ਤੁਸੀਂ ਪੈਸੇ ਮੰਗਦੇ ਹੋ ਉਹ ਕਹਿੰਦੇ ਹਨ ਜਿਹੜੇ ਪਹਿਲਾਂ ਭੇਜੇ ਸਨ ਉਨ੍ਹਾਂ ਦਾ ਹਿਸਾਬ ਦਿਓ। ਵਿਧਾਨ ਸਭਾ ਵਿੱਚ ਬਾਜਵਾ ਕਹਿੰਦਾ ਹੈ ਸ਼ਰਾਬ ਵਾਲੀਆਂ ਫੈਕਟਰੀਆਂ ਕੋਲੋਂ ਤੁਹਾਨੂੰ ਕਰੋੜਾਂ ਰੁਪਇਆ ਆਉਂਦਾ ਹੈ ਤੁਸੀਂ ਕੋਈ ਠੋਸ ਜੁਆਬ ਨਹੀਂ ਦਿੰਦੇ।

ਵਿਧਾਨ ਸਭਾ ਦਾ ਇਜਲਾਸ ਹੋੜੇ ਮਿਹਣਿਆਂ ਵਿੱਚ ਗਵਾਚ ਜਾਂਦਾ ਹੈ। ਦੁੱਖ ਇਸ ਗੱਲ ਦਾ ਹੈ ਕਿ ਵਿਰੋਧੀ ਪਾਰਟੀ ਕੋਲ ਵੀ ਪੰਜਾਬ ਪ੍ਰਤੀ ਠੋਸ ਨੀਤੀ ਨਹੀਂ ਹੈ। ਕੀ ਨਿੱਜੀ ਤੋਹਮਤਬਾਜ਼ੀ ਹੀ ਤੁਹਾਡੇ ਕੋਲ ਰਹਿ ਗਈ ਹੈ?

ਭਾਈ ਸੁਖਵਿੰਦਰ ਸਿੰਘ ਦਦੇਹਰ ਵਾਈਸ ਪ੍ਰਿੰਸੀਪਲ ਹੁਰਾਂ ਨੇ ਬਹੁਤ ਸਟੀਕ ਟਿੱਪਣੀ ਕੀਤੀ ਹੈ

**ਸੀ. ਐਮ. ਪੰਜਾਬ ਜੀ ਇਹ ਗੱਲਾਂ ਪੁਰਾਣੀਆਂ ਹਨ। ਵਿਧਾਨ ਸਭਾ ਵਿੱਚ ਮਤੇ ਪਾਣੀਆਂ ਦੇ, ਪੰਜਾਬੀ ਬੋਲਦੇ ਇਲਾਕਿਆਂ ਦੇ, ਰਾਜਧਾਨੀ ਚੰਡੀਗੜ੍ਹ ਦੇ, ਪੰਜਾਬੀ ਬੋਲੀ ਦੇ, ਡੈਮਾਂ ਦੀ ਸੁਰੱਖਿਆ ਦੇ ਅਤੇ ਬਾਰਡਰ ਤੋਂ 50 ਕਿਲੋਮੀਟਰ ਏਰੀਏ ਦੇ ਹੋਰ ਵੀ ਹੋਣਗੇ?**

***ਅੱਜ ਤੱਕ ਇੱਕ ਵੀ ਮੁੱਦਾ ਹੱਲ ਹੋਇਆ ਤਾ ਦੱਸੋ?***

**ਕਚਿਹਰੀਆਂ ਨੇ ਕਦੀ ਪੰਜਾਬ ਨਾਲ ਨਿਆਂ ਵਾਲਾ ਫੈਸਲਾ ਕੀਤਾ ?**

**ਇਹ ਵਿਧਾਨ ਸਭਾ ਦੇ ਮਤੇ ਇਹ ਕਚਿਹਰੀਆਂ ਜਾਣ ਦਾ ਰਾਹ ਸਿਰਫ ਖੱਜਲ ਕਰਨ ਅਤੇ ਕੰਮ ਲਮਕਾ ਕੇ ਕੇਂਦਰ ਦੇ ਹੱਥ ਮਜਬੂਤ ਕਰਨ ਵਾਲਾ ਹੀ ਹੈ।**

**ਕਿਸਾਨ ਅੰਦੋਲਨ ਵੇਲੇ ਸਰਕਾਰ ਦਾ ਬੜਾ ਜ਼ੋਰ ਲੱਗਾ ਸੀ ਕਿ ਕਿਸਾਨ ਅਦਾਲਤ ਵਿੱਚ ਆਉਣ।**

**ਪਰ ਕਿਸਾਨ ਅੜੇ ਰਹੇ ਤੇ ਆਖਰ ਸਰਕਾਰ ਗੋਡਿਆਂ ਭਾਰ ਹੋ ਗਈ।**

**ਪੰਜਾਬ ਸਰਕਾਰ ਜੀ ਹੋਸ਼ ਕਰੋ।**

ਅਸੀਂ ਆਮ ਆਦਮੀ ਪਾਰਟੀ ਨੂੰ ਸੁਝਾਅ ਦਿਆਂਗੇ ਕਿ ਅਜੇ ਵੀ ਤੁਸੀਂ ਕੁਝ ਕਰ ਸਕਦੇ ਹੋ। ਦਿੱਲੀ ਵਾਲੇ ਭਾਈਆਂ ਦਾ ਤਿਆਗ ਕਰਕੇ ਪੰਜਾਬ ਦੇ ਪੁੱਤ ਬਣੋ ਤੇ ਪੰਜਾਬ ਦੇ ਭਲੇ ਦੀ ਗੱਲ ਕਰੋ। ਨਿੱਜੀ ਤੋਹਮਤ ਬਾਜ਼ੀਆਂ, ਚੁਟਕਲੇ ਛੱਡ ਕੇ ਬਿਆਨਬਾਜ਼ੀ ਘੱਟ ਕਰੋ ਤੇ ਕੋਈ ਠੋਸ ਕੰਮ ਕਰੋ। ਜੇ ਸੁਖਬੀਰ ਸਿੰਘ ਬਾਦਲ ਦੇ ਸੁੱਖ ਵਿਲਾਸ ਦਾ ਤੁਸੀਂ ਕੁਝ ਵਿਗਾੜ ਨਹੀਂ ਸਕਦੇ ਸੀ ਤਾਂ ਫਾਲਤੂ ਦੀਆਂ ਬਿਆਨ ਬਾਜ਼ੀਆਂ ਕਰਨ ਦਾ ਵੀ ਕੋਈ ਲਾਭ ਨਹੀਂ ਹੈ। ਤੁਹਾਡੀਆਂ ਸਾਰੀਆਂ ਨੀਤੀਆਂ ਤੇ ਪੰਜਾਬੀ ਦਾ ਆਹ ਮੁਹਾਵਰਾ ਬੜਾ ਵਧੀਆ ਢੁੱਕਦਾ ਹੈ– ਕਣਕ ਖੇਤ ਕੁੜੀ ਪੇਟ, ਆ ਜਵਾਈਆ ਮੰਡੇ ਖਾਹ। –0–

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।




ਵੱਲੋਂ ਅਦਾਰਾ
'ਗੁਰਮਤਿ ਵਿਰਸਾ'

# ਪਾਠਕਾਂ ਦੇ ਸਵਾਲਾਂ ਦੇ ਜਵਾਬ

**1. ਸਵਾਲ—ਸਹੀ ਇਤਿਹਾਸ ਕਿਥੋਂ ਪ੍ਰਾਪਤ ਹੋਏਗਾ?**

**ਜਵਾਬ**—ਗੁਰੂ ਨਾਨਕ ਸਾਹਿਬ ਸਬੰਧੀ ਵੱਖ ਵੱਖ ਭਾਵਨਾ ਵਾਲੇ ਲੇਖਕਾਂ ਨੇ ਇਤਿਹਾਸ ਲਿਖਿਆ ਹੈ। ਬਾਲੇ ਵਾਲੀ ਜਨਮ ਸਾਖੀ ਵਿਚਲੇ ਪਾਠ-ਕਰਮ ਵਿਚ ਬਹੁਤ ਵਾਰੀ ਬਦਲਾਅ ਕੀਤਾ ਗਿਆ ਹੈ। ਬਹੁਤਾ ਇਤਿਹਾਸ ਤਰਕ ਸੰਗਤ ਨਹੀਂ ਹੈ ਇਸ ਲਈ ਇਤਿਹਾਸ ਵਿਚੋਂ ਹਮੇਸ਼ਾਂ ਨਾਮ ਅਤੇ ਸਥਾਨ ਰੱਖ ਲਏ ਜਾਂਦੇ ਹਨ। ਬਾਕੀ ਘਟਨਾਵਾਂ ਨੂੰ ਗੁਰਬਾਣੀ ਦੇ ਸਿਧਾਂਤ ਅਨੁਸਾਰ ਆਪ ਸਮਝ ਕੇ ਪੇਸ਼ ਕਰਨਾ ਚਾਹੀਦਾ ਹੈ। ਭਾਈ ਕਰਮ ਸਿੰਘ ਹਿਸਟੋਰੀਅਨ ਨੇ ਵਿਗਿਆਨਕ ਲੀਹਾਂ 'ਤੇ ਇਤਿਹਾਸ ਨੂੰ ਲਿਖ ਕੇ ਨਵੀਂ ਪਿਰਤ ਪਾਉਣ ਦਾ ਬਹੁਤ ਵਧੀਆ ਸਾਰਥਿਕ ਯਤਨ ਕੀਤਾ ਸੀ। ਗੁਰੂ ਨਾਨਕ ਸਾਹਿਬ ਜੀ ਨਾਲ ਬਹੁਤ ਸਾਰੀਆਂ ਗੈਰ ਕੁਦਰਤੀ ਸਾਖੀਆਂ ਜੋੜੀਆਂ ਹੋਈਆਂ ਹਨ। ਜਿਹੜੀਆਂ ਇਤਿਹਾਸ ਦਾ ਹਿੱਸਾ ਨਹੀਂ ਹੋ ਸਕਦੀਆਂ। ਵਰਤਮਾਨ ਸਮੇਂ ਵਿਚ ਸੋਹਣ ਸਿੰਘ ਸੀਤਲ, ਪ੍ਰੋ. ਸਾਹਿਬ ਸਿੰਘ ਜੀ ਤੇ ਡਾ. ਹਰਜਿੰਦਰ ਸਿੰਘ ਦਿਲਗੀਰ ਹੁਰਾਂ ਦਾ ਵਧੀਆ ਇਤਿਹਾਸ ਲਿਖਿਆ ਮਿਲਦਾ ਹੈ।

**2. ਸਵਾਲ—ਕੀ ਗੁਰੂ ਸਾਹਿਬ ਜੀ ਨੇ ਮੱਕਾ ਘਮਾਇਆ ਸੀ?**

**ਜਵਾਬ—**ਸਥੂਲ ਚੀਜ਼ਾਂ ਕਦੇ ਘੁੰਮਦੀਆਂ ਨਹੀਂ ਹਨ। ਸਥੂਲ ਵਸਤੂਆਂ ਨੂੰ ਤਕਨੀਕ ਨਾਲ ਹੀ ਘੁਮਾਇਆ ਜਾਂਦਾ ਹੈ। ਮੱਕਾ ਸ਼ਹਿਰ ਦਾ ਨਾਂ ਹੈ ਜਿਸ ਵਿਚ ਵੱਡੀਆਂ ਵੱਡੀਆਂ ਇਮਾਰਤਾਂ, ਬਾਗ ਬਗੀਚੇ, ਖੇਡ ਮੈਦਾਨ ਅਤੇ ਲੋਕ ਵੱਸੇ ਹੋਏ ਹਨ। ਇਸ ਦਾ ਭਾਵ ਅਰਥ ਹੈ ਕਿ ਮੱਕਾ ਸ਼ਹਿਰ ਨਹੀਂ ਘੁੰਮਿਆਂ, ਸਗੋਂ ਇਸ ਸ਼ਹਿਰ ਵਿਚ ਵੱਸਣ ਵਾਲੇ ਉਹ ਲੋਕ ਜਾਂ ਹੱਜ ਕਰਨ ਵਾਲੇ ਸ਼ਰਧਾਲੂ ਲੋਕ ਜਿੰਨ੍ਹਾਂ ਨਾਲ ਗੁਰੂ ਨਾਨਕ ਸਾਹਿਬ ਦੀ ਵਿਚਾਰ ਚਰਚਾ ਹੋਈ ਸੀ, ਜੋ ਆਪਣੇ ਗਿਆਨ ਵਿਚ ਵਾਧਾ ਕਰਨਾ ਚਾਹੁੰਦੇ ਸਨ ਉਹਨਾਂ ਨੂੰ ਸਮਝ ਆ ਗਈ ਰੱਬ ਜੀ ਸਰਬ ਵਿਆਪਕ ਹਨ ਕਿਸੇ ਇਕ ਦਿਸ਼ਾ ਵਿਚ ਨਹੀਂ ਰਹਿੰਦੇ। ਉਂਝ ਗੁਰਬਾਣੀ ਵਿਚ ਮੱਕਾ ਮਨ ਨੂੰ ਕਿਹਾ ਗਿਆ ਹੈ ਜਿਹਾ ਕਿ–

**ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥**
**ਬੋਲਨਹਾਰੁ ਪਰਮ ਗੁਰੁ ਏਹੀ ॥ (1158)**

ਜਦੋਂ ਗੁਰੂ ਪਾਤਸ਼ਾਹ ਜੀ ਨੇ ਉਨ੍ਹਾਂ ਨਾਲ ਵਿਚਾਰ ਗੋਸ਼ਟੀ ਕੀਤੀ ਤੇ ਦੱਸਿਆ ਕਿ ਰੱਬ ਸਰਬ-ਵਿਆਪਕ ਹੈ ਉਹ ਕਿਸੇ ਇਕ ਦਿਸ਼ਾ ਵਿਚ ਨਹੀਂ ਬੈਠਾ। ਇਸ ਉਪਦੇਸ਼ ਨੂੰ ਲੋਕਾਂ ਨੇ ਬੜੀ ਰੀਝ ਨਾਲ ਸੁਣਿਆ। ਹੁਣ ਤਕ ਮੁਸਲਮਾਨ ਵੀਰ ਏਹੀਂ ਸਮਝਦੇ ਸਨ ਕਿ ਖ਼ੁਦਾ ਕੇਵਲ ਪੱਛਮ ਵਾਲੇ ਪਾਸੇ ਹੀ ਰਹਿੰਦਾ ਹੈ ਬਹੁਤ ਲੋਕਾਂ ਦਾ ਵਹਿਮ ਭਰਮ ਦੂਰ ਹੋਇਆ।

**ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥**
**ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥ (1346)**

**ਅਖਰੀਂ ਅਰਥ—** ਹੇ ਭਾਈ! (ਮਨੁੱਖ ਦਾ) ਇਹ ਸਰੀਰ 'ਹਰਿ-ਮੰਦਰ' ਹੈ (ਪਰ ਇਹ ਭੇਤ ਸਤਿਗੁਰੂ ਦੀ ਬਖ਼ਸ਼ੀ) ਆਤਮਕ ਜੀਵਨ ਦੀ ਕੀਮਤੀ ਸੂਝ ਦੀ ਰਾਹੀਂ ਖੁਲ੍ਹਦਾ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ (ਜਗਤ ਦੇ) ਮੂਲ (ਪਰਮਾਤਮਾ) ਨਾਲ ਸਾਂਝ ਨਹੀਂ ਪਾਂਦੇ (ਇਸ ਵਾਸਤੇ ਉਹ ਸਮਝਦੇ ਹਨ ਕਿ) ਮਨੁੱਖ ਦੇ ਅੰਦਰ 'ਹਰਿ-ਮੰਦਰ' ਨਹੀਂ ਹੋ ਸਕਦਾ।

ਸੋ ਕਿਹਾ ਜਾ ਸਕਦਾ ਹੈ ਕਿ ਵਿਚਾਰਧਾਰਾ ਬਦਲਣ ਦੀ ਕਲਾ ਦਿਖਾਈ ਅਤੇ ਮਨ ਰੂਪੀ ਮੱਕਾ ਘੁਮਾ ਦਿੱਤਾ, ਮਨ ਬਦਲ ਦਿੱਤੇ, ਮਾਨਸਿਕ ਅਵਸਥਾ ਬਦਲ ਗਈ ਤੇ ਸਮੁੱਚੀ ਵਿਚਾਰਧਾਰਾ ਬਦਲ ਗਈ।

**3. ਸਵਾਲ—ਕੀ ਗੁਰੂ ਨਾਨਕ ਸਾਹਿਬ ਜੀ ਅੱਖਾਂ ਮੀਟ ਕੇ ਇਕ ਥਾਂ ਤੋਂ ਦੂਜੀ ਥਾਂ 'ਤੇ ਜਾਂਦੇ ਸਨ?**

**ਜਵਾਬ—**ਨਹੀਂ ਜੀ ਏਦਾਂ ਕਦੇ ਵੀ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਜੀ ਦਾ ਮਾਤਾ ਪਿਤਾ ਦੁਆਰਾ ਜਨਮ ਹੋਇਆ ਤੇ ਉਹ ਪਰਮ ਮਨੁੱਖ ਸਨ। ਪਰ ਉਹ ਬਹੁਤ ਹੀ ਤੀਖਣ, ਬਰੀਕ ਤੇ ਦੂਰ ਅੰਦੇਸ਼ੀ ਬੁੱਧੀ ਵਾਲੇ ਸਨ। ਥਾਂ-ਪੁਰ-ਥਾਂ ਜਾ ਕੇ ਆਮ ਤੇ ਖਾਸ ਲੋਕਾਂ ਨਾਲ ਵਿਚਾਰ ਗੋਸ਼ਟੀ ਕਰਦੇ ਸਨ। ਓਦੋਂ ਜੇਹੋ ਜੇਹੇ ਸਾਧਨ ਸਨ ਗੁਰੂ ਨਾਨਕ ਸਾਹਿਬ ਜੀ ਓਦਾਂ ਹੀ ਉਹਨਾਂ ਦੀ ਵਰਤੋਂ ਕਰਦੇ ਸਨ। ਵਿਕੀ ਪੀਡੀਆ ਅਨੁਸਾਰ ਉਦਾਸੀਆਂ ਦਾ ਕੁੱਲ ਪੈਂਡਾ 28000 ਮੀਲ ਤੇ 45061 ਕਿਲੋਮੀਟਰ ਬਣਦਾ ਹੈ। ਕਿਹਾ ਜਾ ਸਕਦਾ ਹੈ ਕਿ ਓਦੋਂ ਦੇ ਪ੍ਰਚੱਲਤ ਸਾਧਨਾਂ ਦੀ ਵਰਤੋਂ ਕੀਤੀ ਤੇ ਪੈਦਲ ਵੀ ਚੱਲੇ ਸਨ। ਅੱਖਾਂ ਮੀਟ ਕੇ ਇਕ ਥਾਂ ਤੋਂ ਦੂਜੀ ਥਾਂ ਜਾਣਾ ਗੈਰ ਕੁਦਰਤੀ ਤੇ ਮਨ ਘੜਤ ਸਾਖੀਆਂ ਹਨ।

**4. ਸਵਾਲ—ਗੁਰੂ ਨਾਨਕ ਸਾਹਿਬ ਜੀ ਦਾ ਜਨਮ ਤੇ ਜਨਮ ਅਸਥਾਨ ਦਾ ਵੇਰਵਾ ਕੀ ਹੈ?**

**ਜਵਾਬ**—ਗੁਰੂ ਨਾਨਕ ਸਾਹਿਬ ਜੀ ਦਾ ਜਨਮ ਪਿੰਡ ਤਲਵੰਡੀ ਵਿਚ ਵੈਸਾਖ ਸੁਦੀ ਸੰਮਤ 1526 ਨੂੰ ਹੋਇਆ। ਪ੍ਰਵਿਸ਼ਟਾ ਮਹੀਨਾ ਵੈਸਾਖ ਦੀ 20 ਤਰੀਕ ਸੀ। ਈਸਵੀ 1469 ਅਪ੍ਰੈਲ ਦੀ 15 ਤਰੀਕ ਤੇ ਦਿਨ ਸ਼ਨੀਵਾਰ ਸੀ। ਤਲਵੰਡੀ ਦਾ ਪਹਿਲਾ ਨਾਂ ਰਾਇਪੁਰ ਸੀ। ਫਿਰ ਰਾਇ ਭੋਇ ਦੀ ਤਲਵੰਡੀ ਨਾਮ ਪ੍ਰਸਿੱਧ ਹੋਇਆ। ਹੁਣ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਨਨਕਾਣਾ ਸਾਹਿਬ ਲਾਹੌਰ ਤੋਂ 48 ਕਿਲੋਮੀਟਰ ਪੱਛਮ ਵੱਲ ਹੈ। ਲਾਹੌਰ ਤੋਂ ਜੜ੍ਹਾਂਵਾਲੇ ਨੂੰ ਜਾਣ ਵਾਲੀ ਰੇਲਵੇ ਲਾਈਨ ਉੱਤੇ ਨਨਕਾਣਾ ਸਾਹਿਬ ਰੇਲਵੇ ਸਟੇਸ਼ਨ ਹੈ, ਜ਼ਿਲ੍ਹਾ ਸ਼ੇਖੂਪੁਰਾ ਜੰਕਸ਼ਨ ਤੋਂ ਇਕ ਲਾਈਨ ਸਾਂਗਲੇ ਦੇ ਰਸਤੇ ਲਾਇਲਪੁਰ ਨੂੰ ਜਾਂਦੀ ਹੈ। ਦੂਜੀ ਲਾਈਨ ਨਨਕਾਣਾ ਸਾਹਿਬ ਜੜ੍ਹਾਂਵਾਲੇ ਦੇ ਰਸਤੇ ਲਾਇਲਪੁਰ ਨੂੰ ਜਾਂਦੀ ਹੈ।

**5. ਸਵਾਲ—ਗੁਰੂ ਨਾਨਕ ਦਾ ਮੁੱਢਲਾ ਪਿੰਡ ਕਿਹੜਾ ਤੇ ਨਾਨਕਾ ਪਿੰਡ ਕਿਹੜਾ ਸੀ?**

**ਜਵਾਬ**—ਗੁਰੂ ਨਾਨਕ ਸਾਹਿਬ ਜੀ ਦਾ ਮੁੱਢਲਾ ਪਿੰਡ ਪੱਠੇਵਿੰਡ ਜ਼ਿਲ੍ਹਾ ਅੰਮ੍ਰਿਤਸਰ ਤਹਿਸੀਲ ਤਰਨਤਾਰਨ ਵਿਚ ਹੈ। ਗੁਰੂ ਸਾਹਿਬ ਜੀ ਦੇ ਪਿਤਾ ਜੀ ਨੌਕਰੀ ਕਰਨ ਲਈ ਰਾਇ ਭੋਇੰ ਦੀ ਤਲਵੰਡੀ ਆਏ ਸਨ। ਤਰਨਤਾਰਨ ਤੋਂ 10 ਮੀਲ ਪੂਰਬ ਦੱਖਣ ਦੀ ਗੁੱਠ ਵਿੱਚ ਹੈ। ਨਾਨਕਾ ਪਿੰਡ ਭਾਵ ਮਾਤਾ ਤ੍ਰਿਪਤਾ ਜੀ ਦਾ ਪਿੰਡ ਚਾਹਲ ਜ਼ਿਲ੍ਹਾ ਤੇ ਤਹਿਸੀਲ ਲਾਹੌਰ ਵਿਚ ਹੈ। ਲਾਹੌਰ ਛਾਉਣੀ ਤੋਂ ਅੱਠ ਮੀਲ ਦੀ ਵਿੱਥ ਉੱਤੇ ਪੂਰਬ-ਦੱਖਣ ਪਾਸੇ ਹੈ। ਬੇਬੇ ਨਾਨਕੀ ਜੀ ਦਾ ਜਨਮ ਵੀ ਏਸੇ ਪਿੰਡ ਹੋਇਆ ਸੀ।

**6. ਸਵਾਲ—ਗੁਰੂ ਨਾਨਕ ਸਾਹਿਬ ਜੀ ਨੇ ਵਿਦਿਆ ਕਿਹੜੇ ਕਿਹੜੇ ਉਸਤਾਦ ਕੋਲੋਂ ਲਈ ਸੀ?**

**ਜਵਾਬ—**ਸੱਤ ਸਾਲ ਦੀ ਉਮਰ ਵਿਚ ਪੰਡਿਤ ਗੋਪਾਲ ਪਾਸ ਹਿੰਦੀ ਪੜ੍ਹਨ ਲਈ ਭੇਜਿਆ, ਫੇਰ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਪੜ੍ਹਨ ਭੇਜਿਆ ਗਿਆ। ਤੇਰ੍ਹਾਂ ਸਾਲ ਦੀ ਉਮਰ ਵਿਚ ਤਲਵੰਡੀ ਦੇ ਮੌਲਵੀ ਕੁਤਬਦੀਨ ਪਾਸ ਫ਼ਾਰਸੀ ਪੜ੍ਹਨ ਬਿਠਾਇਆ ਗਿਆ। ਗੁਰੂ ਨਾਨਕ ਸਾਹਿਬ ਜੀ ਦੀ ਤੀਖਣ ਬੁੱਧੀ ਦੇਖ ਕੇ ਉਸਤਾਦ ਬਹੁਤ ਪ੍ਰਭਾਵਤ ਹੋਏ। ਬਹੁਤ ਜਲਦੀ ਗੁਰੂ ਸਾਹਿਬ ਜੀ ਨੇ ਦੁਨਿਆਵੀ ਵਿਦਿਆ ਹਾਸਲ ਕਰ ਲਈ। ਗੁਰੂ ਸਾਹਿਬ ਜੀ ਦੇ ਗਿਆਨ ਅੱਗੇ ਸਾਰਾ ਨਗਰ ਪ੍ਰਭਾਵਤ ਹੋਇਆ।

**7. ਸਵਾਲ—ਗੁਰੂ ਨਾਨਕ ਸਾਹਿਬ ਜੀ ਨੂੰ ਜਨੇਊ ਕਿਹੜੀ ਉਮਰ ਵਿਚ ਪਾਉਣ ਦਾ ਯਤਨ ਕੀਤਾ?**

**ਜਵਾਬ—**ਜਦੋਂ ਗੁਰੂ ਨਾਨਕ ਸਾਹਿਬ ਜੀ ਦਸ ਸਾਲ ਦੇ ਹੋਏ ਤਾਂ ਘਰ ਦੀ ਪਿਤਾ ਪੁਰਖੀ ਮਰਿਯਾਦਾ ਨੂੰ ਨਿਭਾਉਣ ਲਈ ਪੰਡਿਤ ਹਰਿਦਿਆਲ ਨੂੰ ਸਦਿਆ ਗਿਆ। ਤਾਂ ਕਿ ਉਹ ਗੁਰੂ ਨਾਨਕ ਸਾਹਿਬ ਜੀ ਨੂੰ ਜਨੇਊ ਪਾ ਦੇਵੇ।

–0–




# ਤਰਨਾਪੋ ਇਉ ਹੀ ਗਇਓ...

### ਸਲੋਕ ੩
### ਵਕਤ ਲੰਘਦਾ ਜਾ ਰਿਹਾ ਹੈ

**ਭੂਮਿਕਾ—** ਵਕਤ ਕਦੇ ਕਿਸੇ ਦਾ ਸਕਾ ਨਹੀਂ ਹੋਇਆ। ਵਕਤ ਆਪਣੀ ਚਾਲ ਚੱਲਦਾ ਰਹਿੰਦਾ ਹੈ। ਇਹ ਬੰਦੇ 'ਤੇ ਨਿਰਭਰ ਕਰਦਾ ਹੈ ਕਿ ਉਸ ਨੇ ਵਕਤ ਸੰਭਾਲਣਾ ਹੈ ਜਾਂ ਗਵਾਉਣਾ ਹੈ। ਕਈ ਵਾਰੀ ਵਿਦਿਆਰਥੀ ਸ਼ੁਰੂ ਸਾਲ ਵਿੱਚ, ਇੱਕ ਮਨੌਤ ਬਣਾ ਲੈਂਦਾ ਹੈ, ਕਿ ਅਜੇ ਪੂਰਾ ਸਾਲ ਪਿਆ ਹੋਇਆ ਹੈ, ਨੇੜੇ ਜਾ ਕੇ ਪੜ੍ਹ ਲਵਾਂਗੇ। ਜਿਵੇਂ ਜਿਵੇਂ ਸਾਲ ਲੰਘਦਾ ਜਾਂਦਾ, ਤਿਵੇਂ ਤਿਵੇਂ ਮਨ ਨੂੰ ਧਰਵਾਸ ਜੇਹੀ ਦੇਈ ਜਾਂਦਾ ਹੈ ਕਿ ਕੋਈ ਗੱਲ ਨਹੀਂ ਇਮਤਿਹਾਨਾਂ ਦੇ ਦਿਨਾਂ ਵਿੱਚ ਬਥੇਰਾ ਸਮਾਂ ਹੁੰਦਾ ਹੈ, ਓਦੋਂ ਪੜ੍ਹ ਲਵਾਂਗੇ। ਅਖੀਰ ਜਿਹੜਾ ਸਾਰੇ ਸਾਲ ਵਿੱਚ ਕੰਮ ਕਰਨਾ ਸੀ, ਉਹ ਹੁਣ ਕੁਝ ਦਿਨਾਂ ਵਿੱਚ ਨਹੀਂ ਹੋ ਸਕਦਾ। ਅਜਿਹੀ ਅਵਸਥਾ ਵਿੱਚ ਜੋ ਨਤੀਜਾ ਆਏਗਾ, ਉਹ ਸਭ ਦੇ ਸਾਹਮਣੇ ਹੋਏਗਾ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਅਸੀਂ ਪੰਜਾਬੀਆਂ ਨੇ ਤਾਂ ਵਧੀਆ ਕਹਿਣਾ ਹੀ ਹੈ, ਪਰ ਉਸ ਦੇ ਰਾਜ ਤੋਂ ਕਰੀਬ ਪੌਣੇ ਦੋ ਸਦੀਆਂ ਬਾਅਦ, ਬੀ. ਬੀ. ਸੀ. ਲੰਡਨ ਨੇ ਸਾਰੀ ਦੁਨੀਆਂ ਵਿੱਚ ਸਰਵੇਖਣ ਕਰਵਾ ਕੇ ਸਿੱਧ ਕਰ ਦਿੱਤਾ ਹੈ, ਕਿ ਪਿਛਲੇ ਪੰਜ ਸੌ ਸਾਲ ਦੇ ਇਤਿਹਾਸ ਵਿੱਚ ਉਨ੍ਹਾਂ ਨੂੰ ਸਭ ਤੋਂ ਵੱਧ ਕਾਮਯਾਬ ਅਤੇ ਹਰਮਨ ਪਿਆਰਾ ਸ਼ਾਸਕ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਹੋਇਆ ਹੈ। ਸਭ ਤੋਂ ਵੱਡੇ ਸਤਿਕਾਰ ਦੇ ਇਨਾਮ ਨਾਲ ਨਿਵਾਜੇ ਜਾਣਾ ਸਾਡੇ ਲਈ ਕਿੰਨੀ ਮਾਣ ਵਾਲੀ ਗੱਲ ਹੈ। 17 ਸਾਲ ਦੀ ਉਮਰ ਵਿੱਚ ਸ਼ਾਹ ਨਵਾਜ਼ ਨੂੰ ਧੂੜ ਚਟਾਤੀ, ਤੇ 19 ਸਾਲ ਦੀ ਉਮਰ ਵਿੱਚ ਪੰਜਾਬ ਦਾ ਬਾਦਸ਼ਾਹ ਬਣ ਗਿਆ। ਸਮੇਂ ਦੀ ਸੰਭਾਲ ਤੇ ਵਧੀਆ ਜਿਊਣ ਲਈ, ਸਾਨੂੰ ਬੀਤੇ ਦੀਆਂ ਇਨ੍ਹਾਂ ਚੰਗੀਆਂ ਘਟਨਾਵਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸ ਸਲੋਕ ਵਿੱਚ ਜਵਾਨੀ ਤੇ ਬੁਢੇਪੇ ਦਾ ਸੰਕੇਤ ਦੇ ਕੇ ਸਮੇਂ ਦੀ ਸੰਭਾਲ ਕਰਨ ਲਈ ਪ੍ਰੇਰਤ ਕੀਤਾ ਹੈ।

**ਸਲੋਕ—**

*ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥*

*ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥*

**ਪਦ ਅਰਥ—** ਤਰਨਾਪੋ-ਜਵਾਨੀ। ਇਉ ਹੀ-ਇਉਂ ਹੀ, ਬੇਪ੍ਰਵਾਹੀ ਵਿੱਚ। ਜਰਾ-ਬੁਢੇਪਾ। ਜੀਤਿ ਲੀਓ-ਜਿੱਤ ਲਿਆ। ਅਉਧ-ਉਮਰ। ਜਾਤ ਹੈ ਬੀਤਿ-ਗੁਜ਼ਰਦੀ ਜਾ ਰਹੀ ਹੈ।

**ਅੱਖਰੀ ਅਰਥ—** ਤੇਰੀ ਜਵਾਨੀ ਬੇ-ਪ੍ਰਵਾਹ ਵਿੱਚ ਹੀ ਲੰਘਦੀ ਗਈ। ਹੁਣ ਬੁਢੇਪੇ ਨੇ ਤੇਰੇ ਸਰੀਰ ਨੂੰ ਜਿੱਤ ਲਿਆ ਹੈ। ਨਾਨਕ ਆਖਦਾ ਹੈ— ਹੇ ਮਨ! ਪ੍ਰਮਾਤਮਾ ਦਾ ਭਜਨ ਕਰਿਆ। ਉਮਰ ਲੰਘਦੀ ਜਾ ਰਹੀ ਹੈ ॥੩॥

**ਵਿਚਾਰ ਚਰਚਾ ਤੇ ਵਿਹਾਰਕ ਪੱਖ—**

ਜਵਾਨੀ ਵਿੱਚ ਅਥਾਹ ਤਾਕਤ ਹੁੰਦੀ ਹੈ ਤੇ ਉਸ ਤਾਕਤ ਨਾਲ ਮਨੁੱਖ ਨਵੇਂ ਸੰਸਾਰ ਦੀ ਸਿਰਜਣਾ ਕਰ ਸਕਦਾ ਹੈ, ਦਰਿਆਵਾਂ ਦੇ ਮੂੰਹ ਮੋੜ ਸਕਦਾ ਹੈ। ਬੱਚੇ ਨੂੰ ਘਰ ਤੋਂ ਹੀ ਸਿੱਖਿਆ ਮਿਲਣੀ ਸ਼ੁਰੂ ਹੋ ਜਾਂਦੀ ਹੈ, ਕਿ ਆਪਣਿਆਂ ਪੈਰਾਂ 'ਤੇ ਖੜੇ ਹੋਣ ਲਈ, ਤੈਨੂੰ ਪੜ੍ਹਾਈ ਕਰਨ ਲਈ ਮਿਹਨਤ ਕਰਨੀ ਪੈਣੀ ਹੈ। ਇਸ ਸਲੋਕ ਦੀ ਖ਼ੂਬਸੂਰਤੀ ਦੇਖੋ ਇਸ ਦੀ ਵਿਚਾਰ ਜਵਾਨੀ ਤੋਂ ਸ਼ੁਰੂ ਕੀਤੀ ਗਈ ਹੈ। ਬਚਪਨੇ ਵਿੱਚ ਮਾਂ ਬਾਪ ਨਾ ਕੁੱਝ ਕਰਨ ਲਈ ਪ੍ਰੇਰਤ ਕਰਦੇ ਰਹਿੰਦੇ ਹਨ ਜਦ ਕਿ ਜਵਾਨੀ ਦੀ ਦਹਿਲੀਜ 'ਤੇ ਪੈਰ ਰੱਖਦਿਆਂ ਹੀ ਜਵਾਨ ਬੱਚੇ ਆਪਣੀ ਮਨ ਮਰਜ਼ੀ ਕਰਨ ਨੂੰ ਪਹਿਲ ਦਿੰਦੇ ਹਨ। ਉਨ੍ਹਾ ਮਨੁੱਖਾਂ ਦੀ ਮਾਨਸਿਕਤਾ ਪੇਸ਼ ਕੀਤੀ ਹੈ, ਜਿਹੜੇ ਉਦਮ ਦੀ ਘਾਟ ਕਰਕੇ ਜਵਾਨੀ ਵਿੱਚ ਕੇਵਲ ਸਕੀਮਾਂ ਹੀ ਬਣਾਉਂਦੇ ਰਹਿੰਦੇ ਹਨ ਪਰ ਕੰਮ ਕਰਦੇ ਕੋਈ ਨਹੀਂ ਹਨ। ਦੂਸਰਾ ਭਾਵ ਸਮਝ ਵਿੱਚ ਆਉਂਦਾ ਹੈ, ਕਿ ਬੰਦਿਆ! ਤੈਨੂੰ ਜਵਾਨੀ ਵਿੱਚ ਪੈਰ ਰੱਖਣ ਦਾ ਮੌਕਾ ਮਿਲਿਆ ਪਰ ਤੂੰ ਸਮੇਂ ਦੀ ਸੰਭਾਲ਼ ਨਹੀਂ ਕੀਤੀ— *"ਤਰਨਾਪੋ ਇਉ ਹੀ ਗਇਓ"* ਜਵਾਨੀ ਸਕੀਮਾਂ ਲਉਂਦਿਆਂ ਹੀ ਗੁਜ਼ਰ ਗਈ- *"ਲੀਓ ਜਰਾ ਤਨੁ ਜੀਤਿ"* ਜਦੋਂ ਜਵਾਨੀ ਦਾ ਸਮਾਂ ਲੰਘ ਜਾਂਦਾ ਹੈ, ਬਢੇਪਾ ਜ਼ੋਰ ਪਾ ਲੈਂਦਾ ਹੈ, ਫਿਰ ਕੇਵਲ ਪਛਤਾਵਾ ਹੀ ਰਹਿ ਜਾਂਦਾ ਹੈ ਕਿ ਮੈਂ ਤਾਂ ਅਜੇ ਬਹੁਤ ਸਾਰੇ ਕੰਮ ਕਰਨੇ ਸਨ। ਜ਼ਿੰਦਗੀ ਵਿਚੋਂ ਜਿਹੜਾ ਇੱਕ ਦਿਨ ਮਨਫੀ ਹੋ ਗਿਆ, ਉਹ ਮੁੜ ਪ੍ਰਾਪਤ ਨਹੀਂ ਹੋ ਸਕਦਾ- "ਕਹੁ ਨਾਨਕ ਭਜੁ ਹਰਿ ਮਨਾ" ਰੱਬ ਦਾ ਭਜਨ ਕਰਨਾ ਹੈ। ਰੱਬ ਦੀ ਬੰਦਗੀ ਦਾ ਇਹ ਭਾਵ ਨਹੀਂ ਕਿ ਘੰਟਿਆ ਬੱਧੀ ਚੌਂਕੜੀ ਮਾਰ ਕੇ ਰੱਬ ਰੱਬ ਕਰਦਾ ਰਹੇ। ਇਸ ਦਾ ਭਾਵ ਅਰਥ ਹੈ, ਜਿਹੜੀ ਵੀ ਕਿਰਤ ਕਰਨੀ ਹੈ ਉਹ ਸੱਚ ਦੇ ਅਧਾਰਿਤ ਹੋਵੇ। *"ਅਉਧ ਜਾਤੁ ਹੈ ਬੀਤਿ"* ਜ਼ਿੰਦਗੀ ਵਿੱਚ ਮਿਲਿਆ ਸਮਾਂ ਲੰਘਦਾ ਜਾ ਰਿਹਾ ਹੈ। ਇਹ ਸਲੋਕ ਹਰ ਵੇਲੇ ਮਨੁੱਖ ਨੂੰ ਸਮੇਂ ਦੀ ਸੰਭਾਲ਼ ਸਬੰਧੀ ਸੁਚੇਤ ਕਰਦਾ ਹੈ। ਫਸਲ ਬੀਜਣ ਲਈ ਕਿਰਸਾਨ ਨੂੰ ਵੱਤਰ ਦੀ ਸੰਭਾਲ ਕਰਨੀ ਪਏਗੀ— ਜੇ ਵੱਤਰ ਖੁਸ਼ਕ ਹੋ ਗਿਆ ਤਾਂ ਅੱਧਾ ਬੀਜ ਹੀ ਉੱਗੇਗਾ।

ਪਿਛਲੇ ਕੁੱਝ ਦਹਾਕਿਆਂ ਤੋਂ ਕੌਮ ਦੇ ਨੇਤਾਵਾਂ ਨੇ ਵਕਤ ਦੀ ਸੰਭਾਲ਼ ਨਹੀਂ ਕੀਤੀ? ਨਤੀਜੇ ਸਭ ਦੇ ਸਾਹਮਣੇ ਹਨ। ਜਵਾਨੀ ਦਾ ਭਾਵ ਅਥਾਹ ਜੋਸ਼, ਉਦਮ, ਮਿਹਨਤ ਤੇ ਅੱਗੇ ਵੱਧਣ ਤੋਂ ਆਉਂਦਾ ਹੈ।

1. ਜੁਆਨੀ ਗੁਜ਼ਰਨ ਦਾ ਅਰਥ ਹੈ ਸਮਾਂ ਲੰਘ ਰਿਹਾ ਤੇ ਬੁਢੇਪੇ ਦਾ ਅਰਥ, ਸਮਾਂ ਥੋੜਾ ਰਹਿ ਗਿਆ।

2. ਜਿਹੜਾ ਸਮਾਂ ਮਿਲਿਆ ਸੀ, ਉਹ ਵਿਅਰਥ ਦੀਆਂ ਸੋਚਾਂ ਵਿੱਚ ਲੰਘਾ ਦਿਤਾ।

3. ਨਹਿਰ ਦੇ ਪਾਣੀ ਦੀ ਵਾਰੀ ਸਮੇਂ ਬੰਦਾ ਤਾਸ਼ ਖੇਡਦਾ ਰਹੇ ਤਾਂ ਮੁੜ ਸਮਾਂ ਹਫਤੇ ਬਾਅਦ ਹੀ ਮਿਲੇਗਾ। ਗਿਆ ਵਕਤ ਹੱਥ ਨਹੀਂ ਆਉਂਦਾ।

ਇਹ ਸਲੋਕ ਕੇਵਲ ਬਚਪਨ ਜਾਂ ਬੁਢੇਪੇ ਲਈ ਨਹੀਂ ਹੈ, ਇਹ ਤੇ ਇਕ ਮਿਸਾਲ ਦੇਕੇ ਵਕਤ ਸੰਭਾਲਣ ਦੀ ਪ੍ਰਪੱਕਤਾ ਕਰਾਈ ਹੈ—੩—

*ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥*

*ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥*

*ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥ (੧੩੫੨)*

# ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ




ਕੈਪਟਨ ਅਵਤਾਰ ਸਿੰਘ
97819-90206


ਜਦੋਂ ਵੀ ਦਸੰਬਰ ਮਹੀਨਾ ਆਉਂਦਾ ਹੈ ਤਾਂ ਸਿੱਖ ਕੌਮ ਦੇ ਸਾਹਮਣੇ ਉਹ ਬਹਾਦਰ ਸੂਰਮੇ ਆ ਖੜ੍ਹਦੇ ਹਨ ਜਿਨ੍ਹਾਂ ਨੇ ਮੁਗਲਾਂ ਦੀ ਲੱਖਾਂ ਦੀ ਗਿਣਤੀ ਵਾਲੀ ਫੌਜ ਨੂੰ ਡਾਢੇ ਹੱਥ ਦਿਖਾਏ ਸਨ। ਹਿੰਦੂ ਰਾਜਿਆਂ ਅਤੇ ਮੁਗ਼ਲਾਂ ਦੀ ਝੂਠੀਆਂ ਸੌਂਹਾਂ 'ਤੇ ਇਤਬਾਰ ਕਰਨ ਤੋਂ ਬਾਅਦ ਖੁੱਲ੍ਹੇ ਮੈਦਾਨਾਂ ਵਿਚ ਦੁਸ਼ਮਣਾਂ ਦਾ ਟਾਕਰਾ ਕੀਤਾ। 40 ਸਿੰਘਾਂ ਨੇ ਸਾਰਾ ਦਿਨ ਮੁਗ਼ਲਈ ਫੌਜ ਨੂੰ ਨੇੜੇ ਨਾ ਫਟਕਣ ਦਿੱਤਾ, ਅਖੀਰ ਗੁਰੂ ਸਾਹਿਬ ਦੁਸ਼ਮਨਾਂ ਦੇ ਘੇਰੇ ਵਿਚੋਂ ਸਹੀ ਸਲਾਮਤ ਨਿਕਲ ਜਾਂਦੇ ਹਨ। ਸਾਨੂੰ ਉਨ੍ਹਾਂ ਮਰਜੀਵੜਿਆਂ ਦਾ ਇਤਿਹਾਸ ਯਾਦ ਕਰਵਾਉਂਦਾ ਹੈ ਪੋਹ ਦਾ ਠੰਡਾ ਮਹੀਨਾ। ਜਿਨਾਂ ਵਿਚ ਸਭ ਤੋਂ ਛੋਟੀ ਉਮਰ ਦੇ ਯੋਧੇ ਸੂਬਾ ਸਰਹਿੰਦ ਵਰਗਿਆਂ ਨੂੰ ਕਚਹਿਰੀ ਵਿਚ ਡੱਟ ਕੇ ਜਵਾਬ ਦਿੰਦੇ ਹੋਏ ਸ਼ਹੀਦੀ ਜਾਮ ਤਾਂ ਪੀ ਗਏ ਪਰ ਉਨ੍ਹਾਂ ਦੇ ਚੇਹਰੇ 'ਤੇ ਘਬਰਾਹਟ ਵਿਖਾਈ ਨਾ ਦਿੱਤੀ ਮੇਰੀ ਮੁਰਾਦ ਹੈ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਤੋਂ ਜਿਨ੍ਹਾਂ ਬਾਰੇ ਹੱਥਲੇ ਲੇਖ ਵਿਚ ਸੰਖੇਪ ਵਿਚ ਲਿਖਿਆ ਗਿਆ ਹੈ।



ਸਿੱਖ ਗੁਰੂ ਸਾਹਿਬਾਨ ਨੇ ਜੋ ਜੀਵਨ ਮਾਰਗ ਸਿੱਖ ਸੰਗਤਾਂ ਨੂੰ ਦੱਸਿਆ ਉਸਨੂੰ ਪਹਿਲਾਂ ਆਪਣੇ ਜੀਵਨ ਰਾਹੀਂ ਪ੍ਰਗਟ ਕੀਤਾ। ਉਨ੍ਹਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਜੇਕਰ ਮਨ ਅੰਦਰੂਨੀ ਅਤੇ ਬਾਹਰੀ ਤੌਰ 'ਤੇ ਦ੍ਰਿੜ੍ਹ ਹੈ ਤਾਂ ਹੀ ਅਧਿਆਤਮਿਕ ਵਿਕਾਸ ਦੀ ਦਿਸ਼ਾ ਵੱਲ ਕਦਮ ਚੁੱਕਿਆ ਜਾ ਸਕਦਾ ਹੈ। ਉਨ੍ਹਾਂ ਦੀ ਇਸ ਫਿਲਾਸਫੀ ਨੇ ਲੋਕ ਚੇਤਨਾ ਜਾਗਰਤ ਕਰਨ ਦਾ ਕੰਮ ਕੀਤਾ। ਲੋਕਾਈ ਨੂੰ ਗਿਆਨ ਦੇਣ ਵਿਚ ਇਕੱਲੇ ਗੁਰੂ ਸਾਹਿਬ ਹੀ ਅੱਗੇ ਨਹੀਂ ਆਏ ਬਲਕਿ ਉਨ੍ਹਾਂ ਦੇ ਪਰਿਵਾਰ ਦੇ ਸਮੂਹ ਮੈਂਬਰਾਂ ਨੇ ਵੀ ਇਸ ਕੰਮ ਵਿਚ ਗੁਰੂ ਸਾਹਿਬ ਦਾ ਸਾਥ ਦਿੱਤਾ। ਅਜਿਹੀ ਹੀ ਇਕ ਮਿਸਾਲ ਸਾਨੂੰ ਗੁਰੂ ਗੋਬਿੰਦ ਜੀ ਦੇ ਪਰਿਵਾਰ ਵਿਚੋਂ ਵੇਖਣ ਨੂੰ ਮਿਲਦੀ ਹੈ, ਜਿਸ ਵਿਚ ਉਨ੍ਹਾਂ ਦੇ ਚਾਰੇ ਸਪੁੱਤਰਾਂ ਨੇ ਗੁਰਮਤਿ ਗਾਡੀ ਰਾਹ ਦਾ ਉਪਦੇਸ਼ ਧਾਰਨ ਕਰਨ ਅਤੇ ਇਸ ਉੱਤੇ ਦ੍ਰਿੜਤਾ ਨਾਲ ਪਹਿਰਾ ਦੇ ਕੇ ਸਮੂਹਕ ਚੇਤਨਾ ਜਾਗਰਤ ਕਰਦੇ ਹੋਏ ਸਦੀਵੀ ਚਾਨਣ ਮੁਨਾਰੇ ਦਾ ਕੰਮ ਕੀਤਾ, ਕਿਉਂਕਿ ਗੁਰਮਤਿ ਵਿਚ ਉਮਰ ਦੀਆਂ ਹੱਦਾਂ ਦੀ ਕੋਈ ਰੋਕ ਨਹੀਂ, ਜਿਸਦੀ ਪ੍ਰਤੱਖ ਮਿਸਾਲ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੈ। ਬਾਬਾ ਜ਼ੋਰਾਵਰ ਸਿੰਘ ਜੀ ਦਾ ਜਨਮ 28 ਨਵੰਬਰ ਸੰਨ 1696 ਅਤੇ ਬਾਬਾ ਫਤਹਿ ਸਿੰਘ ਜੀ ਦਾ ਜਨਮ 12 ਦਸੰਬਰ ਸੰਨ 1698 ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ। ਇਹ ਸ਼ਹੀਦੀ ਸਾਕਾ 26 ਦਸੰਬਰ ਸੰਨ 1705 ਨੂੰ ਸਰਹੰਦ ਵਿਖੇ ਹੋਇਆ। ਉਸ ਸਮੇਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੀ ਉਮਰ 7 ਸਾਲ ਅਤੇ 9 ਸਾਲ ਸੀ। ਇਹ ਛੋਟੇ ਸਾਹਿਬਜ਼ਾਦੇ ਗੁਰੂ ਸਾਹਿਬ ਦੇ ਨਾਲ ਅਨੰਦਪੁਰ ਸਾਹਿਬ ਦੀ ਆਖਰੀ ਲੜਾਈ ਸਮੇਂ ਨਾਲ ਸਨ, ਪਰ 19-20 ਦਸੰਬਰ ਸੰਨ 1705 (6-7 ਪੋਹ) ਦੀ ਰਾਤ ਨੂੰ ਅਨੰਦਪੁਰ ਦਾ ਕਿਲ੍ਹਾ ਛੱਡਿਆ ਗਿਆ, ਇਸ ਸਮੇਂ ਸਤਿਗੁਰੂ ਜੀ ਦੇ ਨਾਲ ਉਹਨਾਂ ਦਾ ਸਾਰਾ ਪਰਿਵਾਰ, ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ ਅਤੇ 1500 ਦੇ ਕਰੀਬ, ਘੋੜ ਸਵਾਰ ਅਤੇ ਪੈਦਲ ਸਨ। ਜਦ ਵਹੀਰ ਕੀਰਤਪੁਰ ਤੋਂ ਹੋ ਕੇ ਸਰਸਾ ਨਦੀ ਪਾਸ ਪੁੱਜਿਆ ਤਾਂ ਵੈਰੀ ਨੇ ਆ ਘੇਰਿਆ। ਅੱਗੇ ਸਰਸਾ ਨਦੀ ਵੀ ਠਾਠਾਂ ਮਾਰ ਰਹੀ ਸੀ, ਅਤੇ ਕਹਿਰ ਦੀ ਠੰਡ ਸੀ। ਕੁਝ ਜਥੇ ਵੈਰੀ ਦਾ ਸਾਹਮਣਾ ਕਰਨ ਲਈ ਵੈਰੀ ਦੇ ਸਾਹਮਣੇ ਖੜ੍ਹੇ ਕੀਤੇ ਗਏ ਅਤੇ ਸਤਿਗੁਰੂ ਵੱਡੀ ਸਾਰੀ ਵਹੀਰ ਨਾਲ ਬਹੁਤ ਸਾਰੇ ਜਥੇ ਬਣਾ ਕੇ ਸਰਸਾ ਵਿਚ ਠਿਲ੍ਹ ਪਏ। ਇਸੇ ਸਮੇਂ ਮਾਤਾ ਗੁਜਰ ਕੌਰ ਜੀ, ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੇ ਨਾਲ ਵਾਲੇ ਸਿੰਘਾਂ ਵਿਚੋਂ ਬਹੁਤ ਸਾਰੇ ਸ਼ਹੀਦ ਹੋ ਗਏ ਅਤੇ ਕੁਝ ਰੁੜ ਗਏ। ਗੰਗਾ ਰਾਮ ਬ੍ਰਾਹਮਣ ਦੇਰ ਤੋਂ ਗੁਰੂ ਸਾਹਿਬ ਦਾ ਨੌਕਰ ਰਹਿ ਕੇ ਨਿਰਬਾਹ ਕਰ ਰਿਹਾ ਸੀ। ਇਸ ਦਾ ਪਿੰਡ ਖੇੜੀ, ਇਥੋਂ ਵੀਹ ਕੁ ਮੀਲਾਂ ਦੀ ਵਿੱਥ 'ਤੇ ਮੋਰਿੰਡਾ ਦੇ ਨੇੜੇ ਸੀ। ਗੰਗਾ ਰਾਮ ਇਲਾਕੇ ਦਾ ਵਾਕਿਫ ਸੀ, ਉਹ ਵਾਹੋਦਾਹੀ ਉਹਨਾਂ ਨੂੰ ਆਪਣੇ ਪਿੰਡ ਲੈ ਗਿਆ। ਖੇੜੀ, ਸਰਹੰਦ ਤੋਂ ਉੱਤਰ-ਪੂਰਬ ਵੱਲ 11 ਮੀਲ 'ਤੇ ਹੈ। ਉਧਰ ਚਮਕੌਰ ਦੀ ਗੜ੍ਹੀ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਹੀ ਸਲਾਮਤ ਨਿਕਲ ਜਾਣਾ ਹਕੂਮਤ ਦੀ ਬਹੁਤ ਵੱਡੀ ਹਾਰ ਸੀ। ਚਮਕੌਰ ਆਦਿਕ ਇਲਾਕਾ ਸਰਹੰਦ ਦੇ ਮਤਹਿਤ ਸੀ। ਅਨੰਦਪੁਰ ਦੇ ਸੱਤ ਮਹੀਨਿਆਂ ਦੇ ਜੰਗ ਵਿਚ ਮੁਗਲ ਹਕੂਮਤ ਦੀ ਬਹੁਤੀ ਜ਼ਿੰਮੇਵਾਰੀ ਸਰਹੰਦ ਦੇ ਸੂਬੇਦਾਰ ਸਿਰ ਸੀ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਪਰਿਵਾਰ ਨੂੰ ਫੜ੍ਹਨ ਵਾਸਤੇ ਗਸ਼ਤੀ ਫੌਜਾਂ ਤੋਰ ਦਿੱਤੀਆਂ। ਆਪਣੇ ਸਾਰੇ ਇਲਾਕੇ ਵਿਚ ਡੌਂਡੀ ਪਿਟਵਾ ਦਿੱਤੀ ਕਿ ਗੁਰੂ ਨੂੰ ਪਨਾਹ ਦੇਣ ਵਾਲਿਆਂ ਨੂੰ ਭਾਰੀ ਸਜ਼ਾਵਾਂ ਦਿੱਤੀਆਂ ਜਾਣਗੀਆਂ। ਫੜਨ ਵਾਸਤੇ ਇਨਾਮ ਦੇ ਲਾਲਚ ਵੀ ਪੇਸ਼ ਕੀਤੇ ਗਏ। ਕੁਝ ਡਰ

> **"ਸਾਡੇ ਪਿਤਾ ਨੂੰ ਕੋਈ ਮਾਰ ਨਹੀਂ ਸਕਦਾ। ਅਕਾਲ ਪੁਰਖ ਉਨ੍ਹਾਂ ਦਾ ਰਾਖਾ ਹੈ। ਮਹਿਲ ਮਾੜੀਆਂ ਤੇ ਉੱਚੇ ਅਹੁਦੇ ਸਾਨੂੰ ਧਰਮ ਤੋਂ ਡੁਲਾ ਨਹੀਂ ਸਕਦੇ। ਜਿਊਂਦੇ ਰਹੇ ਤਾਂ ਧਨ-ਧਾਮ ਉਸਰ ਜਾਣਗੇ। ਸ਼ਹੀਦ ਹੋ ਗਏ ਤਾਂ ਅਕਾਲ ਪੁਰਖ ਦੇ ਚਰਨਾਂ ਵਿਚ ਵਾਸਾ ਮਿਲ ਜਾਏਗਾ। ਅਸੀਂ ਹਰ ਹਾਲ ਵਿਚ ਰਾਜ਼ੀ ਹਾਂ।"**
>
> **-ਛੋਟੇ ਸਾਹਿਬਜ਼ਾਦੇ**

ਅਤੇ ਕੁਝ ਸਹਿਮ ਦੇ ਲਾਲਚ ਵਿਚ ਆ ਕੇ ਗੰਗਾ ਰਾਮ ਬ੍ਰਾਹਮਣ ਸਾਰੇ ਫਰਜ਼ਨ ਭੁਲਾ ਕੇ ਮੋਰਿੰਡੇ ਦੇ ਕੋਤਵਾਲ ਨੂੰ ਸੱਦ ਲਿਆਇਆ।

ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਨੂੰ ਫੜ ਕੇ ਸਰਹੰਦ ਅਪੜਾਇਆ ਗਿਆ। ਵਜ਼ੀਰ ਖਾਂ ਸਰਹੰਦ ਤੋਂ ਵਾਪਸ ਪਹੁੰਚ ਚੁੱਕਾ ਸੀ। ਸਾਹਿਬਜ਼ਾਦਿਆਂ ਨੂੰ ਮਾਤਾ ਜੀ ਦੇ ਸਮੇਤ ਕਿਲ੍ਹੇ ਦੇ ਬੁਰਜ ਵਿਚ ਕੈਦ ਕੀਤਾ ਗਿਆ। ਜਦ ਦੂਸਰੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕੀਤਾ ਤਾਂ ਸਭ ਹੈਰਾਨ ਸਨ ਕਿ ਬੱਚਿਆਂ ਦੇ ਚਿਹਰੇ ਤੇ ਜ਼ਰਾ ਵੀ ਘਬਰਾਹਟ ਜਾਂ ਉਦਾਸੀ ਨਹੀਂ ਸੀ। ਵਜ਼ੀਰ ਖਾਂ ਇਹ ਸਮਝਦਾ ਸੀ ਕਿ ਇਤਨੀ ਛੋਟੀ ਅਵਸਥਾ ਦੇ ਆਮ ਬੱਚਿਆਂ ਨੂੰ ਤਾਂ ਕੇਵਲ ਡਰਾ ਕੇ ਹੀ ਝੁਕਾਇਆ ਜਾ ਸਕਦਾ ਹੈ। ਜੇਕਰ ਇਹ ਬੱਚੇ ਡਰ ’ਚ ਆ ਕੇ ਮੁਸਲਮਾਨ ਬਣ ਜਾਣ, ਤਾਂ ਹਕੂਮਤ ਦੀ ਜਿੱਤ ਸਮਝੀ ਜਾ ਸਕਦੀ ਹੈ। ਸੋ ਬਜਾਏ ਜ਼ਬਰਦਸਤੀ ਕਰਨ ਦੇ ਉਸਨੇ ਦਰਬਾਰੀਆਂ ਦੇ ਰਾਹੀਂ ਸਾਹਿਬਜ਼ਾਦਿਆਂ ਨੂੰ ਇਹ ਸਮਝਾਇਆ ਕਿ ਤੁਹਾਡੇ ਪਿਤਾ, ਭਰਾ ਤੇ ਹੋਰ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਹਨ, ਹੁਣ ਤੁਸੀਂ ਇਕੱਲੇ ਹੋ, ਕਿਸ ਪਾਸ ਰਹੋਗੇ? ਜੇਕਰ ਮੁਸਲਮਾਨ ਬਣ ਜਾਓ ਤਾਂ ਤੁਹਾਨੂੰ ਸੁੱਖ ਆਰਾਮ ਮਿਲਣਗੇ ਅਤੇ ਨਵਾਬ ਸਾਹਿਬ ਤੁਹਾਨੂੰ ਆਪਣੇ ਬੱਚਿਆਂ ਦੀ ਤਰ੍ਹਾਂ ਰੱਖਣਗੇ। ਜੇ ਐਸਾ ਨਹੀਂ ਕਰੋਗੇ ਤਾਂ ਤੁਹਾਡੇ ਸਿਰ ਕੱਟ ਦਿੱਤੇ ਜਾਣਗੇ। ਪਰ ਦੋਵੇਂ ਸਾਹਿਬਜ਼ਾਦੇ ਅਡੋਲ ਰਹੇ। ਮਾਤਾ ਜੀ ਨੇ ਸਾਰੀ ਗੱਲ ਸਮਝਾ ਕੇ ਭੇਜਿਆ ਸੀ ਅਤੇ ਉਹਨਾਂ ਨਿਡਰ ਹੋ ਕੇ ਕਿਹਾ ਕਿ ਅਸੀਂ ਧਰਮ ਨਹੀਂ ਛੱਡ ਸਕਦੇ, ਕਿਉਂਕਿ ਉਨ੍ਹਾਂ ਨੂੰ ਗੁਰਬਾਣੀ ਦੀ ਵਿਚਾਰਧਾਰਾ ਚੰਗੀ ਤਰ੍ਹਾਂ ਉਨ੍ਹਾਂ ਦੀ ਦਾਦੀ ਨੇ ਦ੍ਰਿੜ ਕਰਵਾ ਦਿੱਤੀ ਸੀ ਕਿ:- **ਨਿਰਭਉ ਜਪੈ ਸਗਲ ਭਉ ਮਿਟੈ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥ (ਗਉੜੀ ਸੁਖਮਨੀ, ਮਹਲਾ 5, 293) ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥ (ਆਸਾ ਮਹਲਾ 4, 11)** ਫਿਰ ਦਰਬਾਰੀਆਂ ਵਿਚੋਂ ਕੁਝ ਨੇ ਸਲਾਹ ਦਿੱਤੀ ਕਿ ਇਹਨਾਂ ਦੀ ਨਿਡਰਤਾ ਨੂੰ ਪਰਖਿਆ ਜਾਵੇ ਤਾਂ ਕਿ ਪਤਾ ਲੱਗ ਸਕੇ ਕਿ ਸਿੱਖ ਵਿਚਾਰਧਾਰਾ ਕਿੰਨੀ ਕੁ ਦ੍ਰਿੜ੍ਹਤਾ ਲਿਆ ਸਕਦੀ ਹੈ। ਇਹਨਾਂ ਤੋਂ ਇਹ ਸਵਾਲ ਪੁੱਛਿਆ ਗਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਜੁਆਬ ਸੀ ਕਿ ਅਸੀਂ ਜਾ ਕੇ ਸਿੰਘਾਂ ਨੂੰ ਇਕੱਤਰ ਕਰਾਂਗੇ ਅਤੇ ਤੁਹਾਡੇ ਜ਼ੁਲਮ ਦੇ ਖਾਤਮੇ ਵਾਸਤੇ ਜੰਗ ਕਰਾਂਗੇ। ਫਿਰ ਸੁਆਲ ਕੀਤਾ ਗਿਆ, ਜੇ ਤੁਸੀਂ ਹਾਰ ਗਏ, ਫਿਰ ਕੀ ਕਰੋਗੇ? ਸਾਹਿਬਜ਼ਾਦਿਆਂ ਨੇ ਗੱਜ ਕੇ ਜੁਆਬ ਦਿੱਤਾ ਫਿਰ ਜਾ ਕੇ ਸਿੰਘਾਂ ਦੀ ਫੌਜ ਤਿਆਰ ਕਰਾਂਗੇ ਅਤੇ ਉਦੋਂ ਤੱਕ ਜੂਝਦੇ ਰਹਾਂਗੇ ਜਦ ਤੱਕ ਜ਼ੁਲਮ ਦਾ ਰਾਜ ਖਤਮ ਨਹੀਂ ਕਰ ਲੈਂਦੇ। ਇਸ ਦਲੇਰੀ ਭਰੇ ਜੁਆਬ ਦੀ ਸਭ ਨੇ ਦਾਦ ਦਿੱਤੀ। ਗੁੱਸੇ ਵਿਚ ਆ ਕੇ ਵਜ਼ੀਰ ਖਾਂ ਨੇ ਬੱਚਿਆਂ ਨੂੰ ਸਰੀਰਿਕ ਦੁੱਖ ਦੇ ਕੇ ਮਾਰ ਮੁਕਾਉਣ ਦੀ ਯੋਜਨਾ ਬਣਾਈ ਅਤੇ ਦੀਵਾਰਾਂ ਵਿਚ ਜ਼ਿੰਦਾ ਚਿਣ ਦੇਣ ਦਾ ਹੁਕਮ ਦੇ ਦਿੱਤਾ। ਉਸ ਸਮੇਂ ਮਲੇਰਕੋਟਲੇ ਦਾ ਮੁਸਲਮਾਨ ਨਵਾਬ ਸ਼ੇਰ ਮੁਹੰਮਦ ਖਾਂ ਚਮਕੌਰ ਜੰਗ ਤੋਂ ਵਾਪਸ ਮਲੇਰਕੋਟਲੇ ਨੂੰ ਜਾਂਦਾ ਹੋਇਆ ਵਜ਼ੀਰ ਖਾਂ ਦੇ ਨਾਲ ਸਰਹੰਦ ਹੀ ਸੀ। ਸਾਹਿਬਜ਼ਾਦਿਆਂ ਨੂੰ ਪ੍ਰੇਰਣ ਦੀ ਸਾਰੀ ਕਾਰਵਾਈ ਉਸਦੇ ਸਾਹਮਣੇ ਹੋ ਰਹੀ ਸੀ। ਜਦੋਂ ਦੀਵਾਰ ਵਿਚ ਚਿਣ ਦੇਣ ਦਾ ਹੁਕਮ ਹੋਇਆ ਤਾਂ ਨਵਾਬ ਸ਼ੇਰ ਮੁਹੰਮਦ ਖਾਂ ਨੇ ਹਾਕਮਾਂ ਨੂੰ ਐਸੀ ਨੀਚ ਕਰਤੂਤ ਤੋਂ ਵਰਜਿਆ, ਜਦੋਂ ਕਿ ਇਸੇ ਨਵਾਬ ਦੇ ਦੋ ਭਰਾ ਨਾਹਰ ਖਾਂ ਅਤੇ ਖਿਜ਼ਰ ਖਾਂ ਚਮਕੌਰ ਦੇ ਜੰਗ ਵਿਚ ਸਿੰਘਾਂ ਹੱਥੋਂ ਮਾਰੇ ਗਏ ਸਨ। ਉਸ ਨੇ ਕਿਹਾ :- ਵੈਰ ਗੁਰੂ ਕੇ ਸੰਗ ਤੁਮਾਰਾ, ਇਨ ਮਾਸੂਮੋਂ ਕਿਆ ਬਿਗਾੜਾ। ਸ਼ੀਰਖੋਰ ਮਤ ਬਾਲਕ ਮਾਰੋ, ਨਾ ਹਕ ਜ਼ੁਲਮ ਕਰੋ ਨਥਾਰੋ। ਇਸ ਸਮੇਂ ਦੀਵਾਨ ਸੁੱਚਾ ਨੰਦ ਖੱਤਰੀ ਨੇ ਸਿੱਖ ਸਤਿਗੁਰੂਆਂ ਦੀਆਂ ਹਿੰਦੂ ਕੌਮ ਉੱਤੇ ਕੀਤੀਆਂ ਮਿਹਰਬਾਨੀਆਂ ਨੂੰ ਭੁਲਾ ਕੇ ਅਹਿਸਾਨ ਫਰਾਮੋਸ਼ੀ ਦਾ ਸਬੂਤ ਦਿੱਤਾ ਅਤੇ ਇਹ ਕਹਿ ਕੇ ਵਜ਼ੀਰ ਖਾਂ ਨੂੰ ਭੜਕਾਇਆ ਕਿ ਸੱਪ ਦੇ ਬੱਚੇ ਸੱਪ ਹੀ ਹੁੰਦੇ ਹਨ, ਇਹਨਾਂ ਨੂੰ ਮਾਰ ਦੇਣਾ ਹੀ ਨੀਤੀ ਹੈ। ਨਵਾਬ ਸ਼ੇਰ ਮੁਹੰਮਦ ਖਾਂ ਦੀ ਨੇਕ ਸਲਾਹ ਤੇ ਵਜ਼ੀਰ ਖਾਂ ਦਾ ਦਿਲ ਬਦਲ ਗਿਆ ਸੀ, ਪਰ ਦੁਸ਼ਟ ਸੁੱਚਾ ਨੰਦ (ਸਿੱਖ ਇਤਿਹਾਸ ਨੇ ਇਸ ਨੂੰ ਝੂਠਾ ਨੰਦ ਕਰਕੇ ਲਿਖਿਆ ਹੈ) ਦੇ ਉਕਸਾਉਣ ਉੱਤੇ ਦੁਬਾਰਾ ਹੁਕਮਾਂ ਉੱਤੇ ਤਾਮੀਲ ਕਰਨ ਲਈ ਹੁਕਮ ਦਿੱਤਾ। ਐਸੀ ਨੀਚ ਕਰਤੂਤ

**ਸਿੱਖ ਗੁਰੂ ਸਾਹਿਬਾਨ ਨੇ ਜੋ ਜੀਵਨ ਮਾਰਗ ਸਿੱਖ ਸੰਗਤਾਂ ਨੂੰ ਦੱਸਿਆ ਉਸਨੂੰ ਪਹਿਲਾਂ ਆਪਣੇ ਜੀਵਨ ਰਾਹੀਂ ਪ੍ਰਗਟ ਕੀਤਾ। ਉਨ੍ਹਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਜੇਕਰ ਮਨ ਅੰਦਰੂਨੀ ਅਤੇ ਬਾਹਰੀ ਤੌਰ ’ਤੇ ਦ੍ਰਿੜ੍ਹ ਹੈ ਤਾਂ ਹੀ ਅਧਿਆਤਮਿਕ ਵਿਕਾਸ ਦੀ ਦਿਸ਼ਾ ਵੱਲ ਕਦਮ ਚੁੱਕਿਆ ਜਾ ਸਕਦਾ ਹੈ। ਉਨ੍ਹਾਂ ਦੀ ਇਸ ਫਿਲਾਸਫੀ ਨੇ ਲੋਕ ਚੇਤਨਾ ਜਾਗਰਤ ਕਰਨ ਦਾ ਕੰਮ ਕੀਤਾ। ਲੋਕਾਈ ਨੂੰ ਗਿਆਨ ਦੇਣ ਵਿਚ ਇਕੱਲੇ ਗੁਰੂ ਸਾਹਿਬ ਹੀ ਅੱਗੇ ਨਹੀਂ ਆਏ ਬਲਕਿ ਉਨ੍ਹਾਂ ਦੇ ਪਰਿਵਾਰ ਦੇ ਸਮੂਹ ਮੈਂਬਰਾਂ ਨੇ ਵੀ ਇਸ ਕੰਮ ਵਿਚ ਗੁਰੂ ਸਾਹਿਬ ਦਾ ਸਾਥ ਦਿੱਤਾ। ਅਜਿਹੀ ਹੀ ਇਕ ਮਿਸਾਲ ਸਾਨੂੰ ਗੁਰੂ ਗੋਬਿੰਦ ਜੀ ਦੇ ਪਰਿਵਾਰ ਵਿਚੋਂ ਵੇਖਣ ਨੂੰ ਮਿਲਦੀ ਹੈ, ਜਿਸ ਵਿਚ ਉਨ੍ਹਾਂ ਦੇ ਚਾਰੇ ਸਪੁੱਤਰਾਂ ਨੇ ਗੁਰਮਤਿ ਗਾਡੀ ਰਾਹ ਦਾ ਉਪਦੇਸ਼ ਧਾਰਨ ਕਰਨ ਅਤੇ ਇਸ ਉੱਤੇ ਦ੍ਰਿੜਤਾ ਨਾਲ ਪਹਿਰਾ ਦੇ ਕੇ ਸਮੂਹਕ ਚੇਤਨਾ ਜਾਗਰਤ ਕਰਦੇ ਹੋਏ ਸਦੀਵੀ ਚਾਨਣ ਮੁਨਾਰੇ ਦਾ ਕੰਮ ਕੀਤਾ, ਕਿਉਂਕਿ ਗੁਰਮਤਿ ਵਿਚ ਉਮਰ ਦੀਆਂ ਹੱਦਾਂ ਦੀ ਕੋਈ ਰੋਕ ਨਹੀਂ, ਜਿਸਦੀ ਪ੍ਰਤੱਖ ਮਿਸਾਲ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੈ।**

ਸੰਸਾਰ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ ਕਿ 7 ਸਾਲ ਅਤੇ 9 ਸਾਲ ਦੇ ਬੱਚਿਆਂ ਪਾਸੋਂ ਬਦਲਾ ਲਿਆ ਜਾਵੇ। ਪਹਿਲੇ ਦੀਵਾਰਾਂ ਵਿਚ ਚਿਣ ਕੇ ਤਕਲੀਫ ਦਿੱਤੀ ਗਈ, ਤਾਂ ਕਿ ਸ਼ਾਇਦ ਬੱਚੇ ਡੋਲ ਜਾਣ, ਪਰ ਦੀਵਾਰ ਦੇ ਉੱਪਰ ਹੁੰਦੇ ਹੀ ਬੱਚੇ ਬੇਹੋਸ਼ ਹੋ ਗਏ ਅਤੇ ਨਵੀਂ ਉਸਾਰੀ ਕੰਧ ਡਿੱਗ ਪਈ, ਫਿਰ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੂੰ ਹੁਕਮ ਦੇ ਕੇ ਦੋਹਾਂ ਸਾਹਿਬਜ਼ਾਦਿਆਂ ਨੂੰ 26 ਦਸੰਬਰ, ਸੰਨ 1705 ਵਾਲੇ ਦਿਨ ਭਰੇ ਦਰਬਾਰ ਵਿਚ ਕਤਲ ਕਰਵਾ ਦਿੱਤਾ ਗਿਆ। ਵੱਡੇ ਵੱਡੇ ਜਾਬਰਾਂ ਦੇ ਦਿਲ ਵੀ ਪੰਘਰ ਗਏ, ਪਰ ਨਮਕ ਹਰਾਮ ਗੰਗਾ ਰਾਮ ਅਤੇ ਦੁਸ਼ਟ ਸੁੱਚਾ ਨੰਦ ਆਪਣੀ ਕਮੀਨੀ ਹਰਕਤ ਉੱਤੇ ਨਾ ਪਛਤਾਏ। ਇਥੇ ਇਹ ਲਿਖਣ ਯੋਗ ਰਹੇਗਾ ਕਿ ਇਤਿਹਾਸਕਾਰਾਂ ਨੇ ਇਹ ਲਿਖਿਆ ਹੈਂ ਕਿ ਜਦ ਮਾਤਾ ਗੁਜਰ ਕੌਰ ਜੀ ਨੂੰ ਇਹ ਖਬਰ ਪਹੁੰਚਾਈ ਗਈ ਤਾਂ ਉਹ ਗੱਸ਼ ਖਾ ਕੇ ਡਿੱਗ ਪਏ ਤੇ ਗੁਰਪੁਰੀ ਸਿਧਾਰ ਗਏ। ਪਰ ਜਦੋਂ ਮਾਤਾ ਗੁਜਰ ਕੌਰ ਜੀ ਦੇ ਜੀਵਨ ਤੇ ਗਹੁ ਨਾਲ ਝਾਤ ਮਾਰਦੇ ਹਾਂ ਤਾਂ ਇਹ ਠੀਕ ਨਹੀਂ ਜਾਪਦਾ। ਮਾਤਾ ਜੀ ਨੇ ਜਦੋਂ ਆਪਣੇ ਪਤੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਦੇਖਿਆ ਤਾਂ ਅਡੋਲ ਰਹਿੰਦਿਆਂ ਫੁਰਮਾਇਆ, ਕਿ “ਤੁਹਾਡੀ ਨਿਭ ਗਈ ਮੇਰੀ ਵੀ ਨਿਭ ਆਏ?” ਮਾਤਾ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਰ ਜੰਗ ਵਿਚ ਪੂਰਾ ਸਹਿਯੋਗ ਦਿੱਤਾ, ਖਾਸ ਕਰਕੇ ਭੰਗਾਣੀ ਦੇ ਯੁੱਧ ਵਿਚ ਜੋ ਅਗਵਾਈ ਤੇ ਹੱਲਾਸ਼ੇਰੀ ਮਾਤਾ ਜੀ ਨੇ ਦਿੱਤੀ, ਉਸਦੀ ਤਾਂ ਇਤਿਹਾਸ ਖਾਸ ਤੌਰ ਤੇ ਗਵਾਹੀ ਦਿੰਦਾ ਹੈ। ਫਿਰ ਮਾਤਾ ਜੀ ਆਪ ਸਾਹਿਬਜ਼ਾਦਿਆਂ ਨੂੰ ਗੁਰਮਤਿ ਦ੍ਰਿੜ ਕਰਵਾ ਕੇ ਨਵਾਬ ਕੋਲ ਭੇਜਦੇ ਹਨ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਐਸੀ ਮਹਾਨ ਪਵਿੱਤਰ ਆਤਮਾ ਗਸ਼ ਖਾ ਕੇ ਗੁਰਪੁਰੀ ਸਿਧਾਰ ਗਏ ਹੋਣ। ਸੰਭਵ ਤਾਂ ਇਹ ਹੈ ਕਿ ਸਰਕਾਰੀ ਕਰਮਚਾਰੀਆਂ ਨੇ ਉਹਨਾਂ ਨੂੰ ਬੁਰਜ ਤੋਂ ਥੱਲੇ ਸੁੱਟ ਕੇ ਸ਼ਹੀਦ ਕੀਤਾ ਹੋਵੇ, ਇਸ ਤਰ੍ਹਾਂ ਦੀ ਸਜ਼ਾ ਉਸ ਸਮੇਂ ਆਮ ਦਿੱਤੀ ਜਾਂਦੀ ਸੀ। ਦਿੱਲੀ ਵਿਚ ਵੀ ਦਿੱਲੀ ਗੇਟ ਦੇ ਲਾਗੇ ਇਕ ਦਰਵਾਜ਼ਾ ਹੈ ਜਿਥੇ ਇਸ ਤਰ੍ਹਾਂ ਦੀ ਸਜ਼ਾ ਦਿੱਤੀ ਜਾਂਦੀ ਸੀ। ਇਹਨਾਂ ਤਿੰਨਾਂ ਸਰੀਰਾਂ ਦਾ ਸੰਸਕਾਰ ਇਕ ਸ਼ਰਧਾਲੂ ਸਿੱਖ ਟੋਡਰ ਮੱਲ ਜੀ ਨੇ ਕੀਤਾ। ਮਾਤਾ ਜੀ ਤੇ ਸਾਹਿਬਜ਼ਾਦਿਆਂ ਦੇ ਸਰੀਰ ਸ਼ਹੀਦੀ ਅਸਥਾਨ (ਫਤਹਿਗੜ੍ਹ) ਤੋਂ ਲਿਆ ਕੇ ਸਿੱਖਾਂ ਜਿਥੇ ਰਾਤ ਰੱਖੇ ਸਨ, ਉੱਥੇ ਗੁਰਦੁਆਰਾ ਜੋਤੀ ਸਰੂਪ ਹੈ। ਇਸ ਸਾਕੇ ਦੀ ਖਬਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਦੀਨੇ ਪਿੰਡ ਵਿਖੇ ਮਿਲੀ।

-0-

# ਦਸਮੇਸ਼ ਪਿਤਾ ਦਾ ਦਲੇਰ ਪੁੱਤ: ਸਾਹਿਬਜ਼ਾਦਾ ਅਜੀਤ ਸਿੰਘ

**-ਰਮੇਸ਼ ਬੱਗਾ ਚੋਹਲਾ 9463132719**

ਗੁਰੂ ਨਾਨਕ ਪਾਤਸ਼ਾਹ ਦੀ 10ਵੀਂ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਫਰਜੰਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਸੰਮਤ 1743 (ਦੇਸੀ ਮਹੀਨਾ ਮਾਘ) ਮੁਤਾਬਕ 1687 ਈ. ਨੂੰ ਹਿਮਾਚਲ ਪ੍ਰਦੇਸ਼ ਦੇ ਰਮਣੀਕ ਸਥਾਨ ਪਾਉਂਟਾ ਸਾਹਿਬ ਵਿਖੇ ਹੋਇਆ। ਛੋਟੀ ਉਮਰ ਵਿੱਚ ਵਡੇਰੀ ਕੁਰਬਾਨੀ ਸਦਕਾ ਸਿੱਖ ਇਤਿਹਾਸ ਉਨ੍ਹਾਂ ਦਾ ਸਤਿਕਾਰ ਬਾਬਾ ਅਜੀਤ ਸਿੰਘ ਦੇ ਨਾਮ ਨਾਲ ਹੀ ਕਰਦਾ ਹੈ।

ਜਦੋਂ ਅਜੀਤ ਸਿੰਘ ਅਜੇ 5 ਕੁ ਮਹੀਨਿਆਂ ਦੇ ਹੀ ਹੋਏ ਤਾਂ ਉਸ ਸਮੇਂ ਦਸਵੇਂ ਪਾਤਸ਼ਾਹ ਦੀ ਪਹਾੜੀ ਰਾਜਿਆਂ ਨਾਲ ਭੰਗਾਣੀ ਦੇ ਮੈਦਾਨ ਵਿੱਚ ਗਹਿਗੱਚ ਲੜਾਈ ਹੋਈ ਸੀ। ਇਸ ਲੜਾਈ ਵਿਚ ਗੁਰੂ ਕਿਆਂ ਦੀ ਮਹਾਨ ਜਿੱਤ ਸਦਕਾ ਸਾਹਿਬਜ਼ਾਦੇ ਦਾ ਨਾਮ ਅਜੀਤ ਸਿੰਘ ਰੱਖਿਆ ਗਿਆ।

ਛੋਟੀ ਉਮਰ ਵਿਚ ਹੀ ਬਾਬਾ ਜੀ ਕਾਫੀ ਸਿਆਣੇ ਸਨ। ਜਿਥੇ ਉਨ੍ਹਾਂ ਗੁਰਬਾਣੀ ਦਾ ਡੂੰਘੇਰਾ ਗਿਆਨ ਹਾਸਲ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਆਪਣੀ ਆਯੂ ਦਾ ਵੱਡਾ ਹਿੱਸਾ ਗੁਰੂ ਗੋਬਿੰਦ ਸਿੰਘ ਜੀ ਦੀ ਛਤਰ-ਛਾਇਆ ਹੇਠ ਆਨੰਦਪੁਰ ਸਾਹਿਬ ਵਿਖੇ ਹੀ ਬਤੀਤ ਕੀਤਾ।

23 ਮਈ 1699 ਈ: ਨੂੰ ਬਾਬਾ ਅਜੀਤ ਸਿੰਘ ਸੈਂਕੜੇ ਸਿੰਘਾਂ ਦੇ ਜਥੇ ਦੀ ਅਗਵਾਈ ਕਰਦੇ ਹੋਏ ਅਨੰਦਪੁਰ ਸਾਹਿਬ ਦੇ ਨੇੜਲੇ ਪਿੰਡ ਨੂਹ ਪਹੁੰਚ ਗਏ, ਜਿਥੇ ਉਨ੍ਹਾਂ ਉਥੋਂ ਦੇ ਰੰਗੜਾਂ ਨੂੰ ਚੰਗਾ ਸਬਕ ਸਿਖਾਇਆ ਜਿਨ੍ਹਾਂ ਨੇ ਪੋਠੋਹਾਰ ਦੀਆਂ ਸੰਗਤਾਂ ਨੂੰ ਅਨੰਦਪੁਰ ਆਉਣ ਸਮੇਂ ਲੁੱਟਿਆ ਸੀ।

29 ਅਗਸਤ 1700 ਈ: ਨੂੰ ਜਦੋਂ ਪਹਾੜੀ ਰਾਜਿਆਂ ਨੇ ਤਾਰਾਗੜ੍ਹ ਕਿਲ੍ਹੇ ਉਤੇ ਹਮਲਾ ਕੀਤਾ ਤਾਂ ਬਾਬਾ ਜੀ ਨੇ ਬੜੀ ਸੂਰਬੀਰਤਾ ਨਾਲ ਉਨ੍ਹਾਂ ਦਾ ਸਾਹਮਣਾ ਕੀਤਾ। ਅਕਤੂਬਰ ਦੇ ਆਰੰਭਲੇ ਦਿਨਾਂ ਵਿਚ ਜਦੋਂ ਪਹਾੜੀ ਰਾਜਿਆਂ ਨੇ ਨਿਰਮੋਹਗੜ੍ਹ 'ਤੇ ਧਾਵਾ ਬੋਲਿਆ ਤਾਂ ਉਸ ਵਕਤ ਵੀ ਸਾਹਿਬਜ਼ਾਦਾ ਅਜੀਤ ਸਿੰਘ ਨੇ ਦਸਮ ਪਿਤਾ ਦਾ ਡੱਟਵਾਂ ਸਾਥ ਦਿੱਤਾ।

ਇਕ ਦਿਨ ਕਲਗੀਧਰ ਪਾਤਸ਼ਾਹ ਦਾ ਦਰਬਾਰ ਸੱਜਿਆ ਹੋਇਆ ਸੀ। ਇੱਕ ਗਰੀਬ ਬ੍ਰਾਹਮਣ ਦੇਵਦਾਸ ਰੋਂਦਾ-ਕੁਰਲਾਉਂਦਾ ਹੋਇਆ ਆ ਕੇ ਕਹਿਣ ਲੱਗਾ "ਮੈਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੱਸੀ ਦਾ ਰਹਿਣ ਵਾਲਾ ਹਾਂ। ਪਿੰਡ ਦੇ ਪਠਾਣਾਂ ਨੇ ਮੇਰੇ ਨਾਲ ਧੱਕੇਸ਼ਾਹੀ ਕੀਤੀ ਹੈ। ਮੇਰੀ ਕੁੱਟਮਾਰ ਕਰਕੇ ਮੇਰੀ ਧਰਮ-ਪਤਨੀ ਵੀ ਮੇਰੇ ਕੋਲੋਂ ਖੋਹ ਲਈ ਹੈ। ਹੋਰ ਕਿਸੇ ਨੇ ਮੇਰੀ ਫਰਿਆਦ ਵੱਲ ਕੋਈ ਧਿਆਨ ਨਹੀਂ ਦਿੱਤਾ। ਗੁਰੂ ਨਾਨਕ ਦਾ ਦਰ ਹਮੇਸ਼ਾਂ ਹੀ ਨਿਮਾਣਿਆਂ ਦਾ ਮਾਣ ਬਣਦਾ ਆ ਰਿਹਾ ਹੈ, ਸੋ ਕਿਰਪਾ ਕਰੋ ਮੇਰੀ ਇੱਜ਼ਤ ਮੈਨੂੰ ਵਾਪਸ ਦਿਵਾ ਦਿਉ। ਮੈਂ ਸਦਾ ਵਾਸਤੇ ਗੁਰੂ ਨਾਨਕ ਦੇ ਘਰ ਦਾ ਰਿਣੀ ਰਹਾਂਗਾ।"

ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਕਿਹਾ ਕਿ ਪੁੱਤਰ ਜੀ ਕੁੱਝ ਸਿੰਘਾਂ ਨੂੰ ਨਾਲ ਲੈ ਕੇ ਜਾਉ ਅਤੇ ਜਾਬਰ ਖਾਂ ਤੋਂ ਇਸ ਮਜ਼ਲੂਮ ਦੀ ਤੀਵੀਂ ਛੁਡਾ ਕੇ ਲਿਆਉ। ਸਾਹਿਬਜ਼ਾਦਾ ਅਜੀਤ ਸਿੰਘ ਨੇ 100 ਘੋੜ ਸਵਾਰ ਸਿੰਘਾਂ ਦਾ ਟੋਲਾ ਨਾਲ ਲੈ ਕੇ ਬੱਸੀ ਪਿੰਡ 'ਤੇ ਧਾਵਾ ਬੋਲ ਦਿੱਤਾ। ਜਾਬਰ ਖਾਂ ਦੀ ਹਵੇਲੀ ਨੂੰ ਜਾ ਘੇਰਿਆ ਅਤੇ ਗਰੀਬ ਬ੍ਰਾਹਮਣ ਦੀ ਪਛਾਣ ਤੇ ਉਸ ਦੀ ਅਬਲਾ ਪਤਨੀ ਨੂੰ ਜਾਲਮ ਦੇ ਪੰਜੇ 'ਚੋ ਛੁਡਾ ਲਿਆ। ਪਿੰਡ ਤੇ ਹਮਲੇ ਸਮੇਂ ਕਸੂਰਵਾਰ ਤੋਂ ਇਲਾਵਾ ਕਿਸੇ ਹੋਰ ਦਾ ਕੋਈ ਨੁਕਸਾਨ ਨਹੀਂ ਹੋਇਆ।

ਮਨੋਰਥ ਦੀ ਸਿੱਧੀ ਤੋਂ ਬਾਅਦ ਜਦੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਏ ਤਾਂ ਗੁਰੂ ਗੋਬਿੰਦ ਸਿੰਘ ਨੇ ਬਾਬਾ ਜੀ ਨੂੰ ਬਹੁਤ ਸਤਿਕਾਰ ਬਖਸ਼ਿਆ। ਫਰਿਆਦੀ ਦੀ ਪਤਨੀ ਉਸ ਦੇ ਹਵਾਲੇ ਕੀਤੀ ਗਈ ਅਤੇ ਕੁਕਰਮੀ ਜਾਬਰ ਖਾਂ ਨੂੰ ਢੁੱਕਵੀ ਸਜ਼ਾ ਦਿੱਤੀ ਗਈ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਏ ਮੁਗਲਾਂ ਅਤੇ ਪਹਾੜੀਆਂ ਦੇ ਹਮਲਿਆਂ ਦਾ ਸਾਹਿਬਜ਼ਾਦਾ ਅਜੀਤ ਸਿੰਘ ਨੇ ਬੜੇ ਹੀ ਦਲੇਰਾਨਾ ਅਤੇ ਸੂਝਪੂਰਵਕ ਢੰਗ ਨਾਲ ਸਾਹਮਣਾ ਕੀਤਾ। ਅਨੰਦਪੁਰ ਸਾਹਿਬ ਦੀ ਛੇਕੜਲੀ ਲੜਾਈ ਸਮੇਂ ਪਹਾੜੀ ਰਾਜਿਆਂ ਤੇ ਮੁਗਲਾਂ ਦੀਆਂ ਸਾਂਝੀਆ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਅੱਧੇ ਸਾਲ ਤੋਂ ਵੱਧ ਸਮਾਂ ਘੇਰਾ ਪਾਈ ਰੱਖਿਆ। ਸਮੇਂ ਦੀ ਨਜ਼ਾਕਤ ਨੂੰ ਦੇਖਦਿਆ ਬਾਜਾਂ ਵਾਲੇ ਮਾਹੀ ਨੇ ਆਪਣੇ ਪਿਤਾ (ਗੁਰੂ ਤੇਗ ਬਹਾਦਰ) ਦੁਆਰਾ ਵਸਾਈ ਨਗਰੀ ਨੂੰ ਦਸੰਬਰ 1704 ਈ ਨੂੰ ਛੱਡ ਜਾਣ ਦਾ ਫੈਸਲਾ ਕਰ ਲਿਆ। ਗੁਰੂ ਪਰਿਵਾਰ ਅਤੇ ਖਾਲਸਾ ਫੌਜ ਅਜੇ ਸਰਸਾ ਨਦੀ ਦੇ ਨਜ਼ਦੀਕ ਪਹੁੰਚੇ ਹੀ ਸਨ ਕਿ ਦੁਸ਼ਮਣ ਦੀ ਫੌਜ ਨੇ ਆ ਹਮਲਾ ਕੀਤਾ।

ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਂਡ ਹੇਠ ਕੁੱਝ ਸ਼ੇਰਦਿਲ ਸਿੰਘਾਂ ਨੇ ਦੁਸ਼ਮਣ ਦੇ ਟਿੱਡੀ ਦਲ ਨੂੰ ਉਨ੍ਹਾਂ ਚਿਰ ਤੱਕ ਰੋਕੀ ਰੱਖਿਆ ਜਿਨ੍ਹਾਂ ਚਿਰ ਤੱਕ ਗੁਰੂ ਪਿਤਾ ਅਤੇ ਉਨ੍ਹਾਂ ਦੇ ਸਹਿਯੋਗੀ ਸਰਸਾ ਨਦੀ ਵਿਚ ਨਾ ਠਿੱਲ੍ਹ ਪਏ। ਪਿੱਛੋਂ ਉਹ ਆਪਣੇ ਸਾਥੀਆਂ ਸਮੇਤ ਆਪ ਵੀ ਨਦੀ ਪਾਰ ਕਰ ਗਏ।

ਨਦੀ ਪਾਰ ਕਰਨ ਤੋਂ ਬਾਅਦ ਗੁਰੂ ਸਾਹਿਬ ਅਤੇ ਖ਼ਾਲਸਾਈ ਫੌਜ ਦੇ ਕੁੱਝ ਕੁ ਗਿਣਤੀ (40) ਦੇ ਸਿੰਘਾਂ ਨੇ ਚਮਕੌਰ ਸਾਹਿਬ ਵਿਖੇ ਚੌਧਰੀ ਬੁਧੀ ਚੰਦ ਦੀ ਇਕ ਗੜ੍ਹੀਨੁਮਾ ਕੱਚੀ ਹਵੇਲੀ ਦੀ ਸ਼ਰਨ ਲੈ ਲਈ। ਇਸ ਗੜ੍ਹੀ ਵਿਚਲੀ ਓਟ ਸਦਕਾ ਗੁਰੂ ਸਾਹਿਬ ਨੇ ਦੁਸ਼ਮਣ ਦੀ ਫੌਜ ਨਾਲ ਲੋਹਾ ਲੈਣ ਦਾ ਮਨ ਬਣਾ ਲਿਆ। ਪੰਜ-ਪੰਜ ਸਿੰਘਾਂ ਦੇ ਜਥੇ ਵਾਰੀ-ਵਾਰੀ ਦੁਸ਼ਮਣਾਂ ਨਾਲ ਜੂਝ ਕੇ ਸ਼ਹੀਦੀਆਂ ਪ੍ਰਾਪਤ ਕਰਨ ਲੱਗੇ।

ਸਿੰਘਾਂ ਨੂੰ ਜੂਝਦਿਆਂ ਦੇਖ ਕੇ ਬਾਬਾ ਅਜੀਤ ਸਿੰਘ ਦਾ ਖ਼ੂਨ ਵੀ ਉਬਾਲੇ ਖਾਣ ਲੱਗਿਆ। ਜਦੋਂ ਉਨ੍ਹਾਂ ਨੇ ਗੁਰੂ ਪਿਤਾ ਕੋਲੋਂ ਮੈਦਾਨੇ-ਏ-ਜੰਗ ਵਿਚ ਜਾਣ ਦੀ ਆਗਿਆ ਮੰਗੀ ਤਾਂ ਕਲਗੀਧਰ ਪਾਤਸ਼ਾਹ ਨੇ ਪੁੱਤਰ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਅਤੇ ਕਿਹਾ "ਲਾਲ ਜੀਓ! ਜਦ ਮੈਂ ਆਪਣੇ ਪਿਤਾ (ਗੁਰੂ ਤੇਗ ਬਹਾਦਰ) ਜੀ ਨੂੰ ਸ਼ਹੀਦ ਹੋਣ ਲਈ ਘੱਲਿਆ ਸੀ ਤਾਂ ਉਸ ਸਮੇਂ ਮੈਂ ਆਪਣਾ ਧਰਮੀ ਪੁੱਤਰ ਹੋਣ ਦਾ ਫ਼ਰਜ ਅਦਾ ਕੀਤਾ ਸੀ। ਉਸੇ ਹੀ ਤਰਜ਼ 'ਤੇ ਅੱਜ ਮੈਂ ਤੈਨੂੰ ਰਣ-ਤੱਤੇ ਵਲ ਭੇਜ ਕੇ ਧਰਮੀ ਪਿਤਾ ਬਣਨਾ ਚਾਹੁੰਦਾ ਹਾਂ। ਵਾਹਿਗੁਰੂ ਨੇ ਮੈਨੂੰ ਏਥੇ ਭੇਜਿਆ ਹੀ ਇਸ ਵਾਸਤੇ ਹੈ।

ਦਸਵੇਂ ਪਾਤਸ਼ਾਹ ਨੇ ਏਨੀ ਖੁਸ਼ੀ ਅਤੇ ਉਤਸ਼ਾਹ ਨਾਲ ਸਾਹਿਬਜ਼ਾਦੇ ਨੂੰ ਜੰਗ ਵਲ ਤੋਰਿਆ ਜਿੰਨੇ ਚਾਅ ਨਾਲ ਜੰਞ ਚਾੜ੍ਹੀਦੀ ਹੈ। ਸੀਸ ਉਪਰ ਹੀਰਿਆ ਨਾਲ ਜੜੀ ਸੁੰਦਰ ਕਲਗੀ ਝਲਕਾਂ ਮਾਰ ਰਹੀ ਸੀ। ਜਦੋਂ ਉਹ ਬਾਹਰ ਨਿਕਲੇ ਤਾਂ ਮੁਗਲਾਂ ਦੀਆਂ ਫੌਜਾਂ ਨੂੰ ਭਾਸਿਆ ਕਿ ਜਿਵੇਂ ਹਜ਼ੂਰ ਆਪ ਹੀ ਗੜ੍ਹੀ ਵਿਚੋਂ ਬਾਹਰ ਆ ਗਏ ਹੋਣ। ਜਿਧਰ ਕਿਸੇ ਨੂੰ ਰਾਹ ਮਿਲਿਆ ਉਧਰ ਹੀ ਡਰਦਾ ਹੋਇਆ ਦੌੜ ਗਿਆ। ਵੱਡੀ ਗਿਣਤੀ ਵਿਚ ਵੈਰੀਆਂ ਨੂੰ ਸਦਾ ਦੀ ਨੀਂਦ ਬਖਸ਼ ਕੇ ਬਾਬਾ ਜੀ ਆਪ ਵੀ ਸ਼ਹਾਦਤ ਪ੍ਰਾਪਤ ਕਰ ਗਏ। ਸਾਰਾ ਜਿਸਮ ਤੀਰਾਂ ਤੇ ਤਲਵਾਰਾਂ ਨਾਲ ਛੱਲਣੀ ਹੋਇਆ ਪਿਆ ਸੀ, ਪਰ ਆਤਮਾ ਪਰਮਾਤਮਾ ਵਿਚ ਲੀਨ ਹੋ ਚੁੱਕੀ ਸੀ।



ਲਾਲ ਦੀ ਬਹਾਦਰੀ ਦੇਖ ਕੇ ਦਸਮੇਸ਼ ਪਿਤਾ ਜੀ ਕਹਿ ਰਹੇ ਸਨ, "ਬੇਟਾ ਅਜੀਤ! ਤੇਰੀ ਸ਼ਹਾਦਤ ਨੇ ਸਹੀ ਅਰਥਾਂ ਵਿਚ ਮੈਨੂੰ ਸੁਰਖਰੂ ਕਰ ਦਿੱਤਾ ਹੈ।"-0-

# ਜਦੋਂ ਸਰਹੰਦ ਦੀ ਮੁਕੰਮਲ ਤਬਾਹੀ ਹੋਈ



**–ਬਲਰਾਜ ਸਿੰਘ ਐਸ.ਪੀ. ਪੰਡੋਰੀ ਸਿੱਧਵਾਂ 9501100062**

ਸਰਹੰਦ ਨਾਲ ਸਿੱਖਾਂ ਦਾ ਨਾਤਾ ਬਹੁਤ ਪੁਰਾਣਾ ਹੈ। ਸਰਹੰਦ ਨੇ ਸੂਬੇਦਾਰ ਵਜ਼ੀਰ ਖਾਨ (ਅਸਲੀ ਨਾਮ ਮਿਰਜ਼ਾ ਅਸਕਰੀ) ਨੂੰ ਪਤਾ ਨਹੀਂ ਗੁਰੂ ਘਰ ਨਾਲ ਕੀ ਚਿੜ੍ਹ ਸੀ ਕਿ ਉਸ ਨੇ ਦਸਵੇਂ ਪਾਤਸ਼ਾਹ ਦੇ ਖਿਲਾਫ ਅਨੇਕਾਂ ਸੈਨਿਕ ਮੁਹਿੰਮਾਂ ਭੇਜੀਆਂ। ਉਸ ਨੇ ਸਭ ਤੋਂ ਘਿਣਾਉਣਾ ਕੰਮ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ (12 ਦਸੰਬਰ 1705 ਈਸਵੀ) ਕੇ ਸ਼ਹੀਦ ਕਰਨ ਦਾ ਕੀਤਾ। ਇਸ ਕਾਰਨ ਸਿੱਖ ਸਰਹੰਦ ਨੂੰ ਬੇਹੱਦ ਨਫਰਤ ਕਰਦੇ ਸਨ। ਪੰਥ ਨੇ ਸਰਹੰਦ ਨੂੰ ਮੂਲੋਂ ਤਬਾਹ ਕਰਨਾ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ ਸੀ। ਸਰਹੰਦ 'ਤੇ ਸਿੱਖਾਂ ਦਾ ਸਭ ਤੋਂ ਪਹਿਲਾਂ ਹਮਲਾ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਂਡ ਹੇਠ ਹੋਇਆ ਸੀ ਜਦੋਂ ਚੱਪੜਚਿੜੀ ਦੀ ਜੰਗ (14 ਮਈ 1710 ਈਸਵੀ) ਵਿੱਚ ਪਾਪੀ ਵਜ਼ੀਰ ਖਾਨ ਨੂੰ ਮਾਰ ਕੇ ਪੰਥ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲਿਆ ਗਿਆ। 2 ਦਿਨ ਦੇ ਘੇਰੇ ਤੋਂ ਬਾਅਦ 16 ਮਈ ਨੂੰ ਸਰਹੰਦ 'ਤੇ ਪੰਥ ਦਾ ਕਬਜ਼ਾ ਹੋ ਗਿਆ। ਸਿੱਖ ਫੌਜ ਨੇ ਦੁਸ਼ਟਾਂ ਨੂੰ ਚੁਣ ਚੁਣ ਕੇ ਮਾਰਿਆ ਤੇ ਤਕਰੀਬਨ ਸਾਰਾ ਸ਼ਹਿਰ ਅੱਗ ਦੀ ਭੇਂਟ ਕਰ ਦਿੱਤਾ। ਚੁਗਲਖੋਰ ਦੀਵਾਨ ਸੁੱਚਾ ਨੰਦ ਭੱਜਦਾ ਹੋਇਆ ਪਕੜਿਆ ਗਿਆ, ਉਸ ਨੂੰ ਨੱਕ ਵਿੱਚ ਨਕੇਲ ਪਾ ਕੇ ਵਹਿੜਕਿਆਂ ਮਗਰ ਧੂਹ ਧੂਹ ਕੇ ਨਰਕਾਂ ਵੱਲ ਤੋਰ ਦਿੱਤਾ ਗਿਆ। ਕਈ ਦਿਨਾਂ ਬਾਅਦ ਬਾਬਾ ਬੰਦਾ ਸਿੰਘ ਨੇ ਹੁਕਮਨ ਸ਼ਾਂਤੀ ਕਾਇਮ ਕੀਤੀ ਤੇ ਸਰਹੰਦ ਸ਼ਹਿਰ ਮੁਕੰਮਲ ਤਬਾਹੀ ਤੋਂ ਬਚ ਗਿਆ।

ਇਸ ਤੋਂ ਬਾਅਦ ਸਰਹੰਦ 'ਤੇ ਸਿੱਖਾਂ ਨੇ ਅਨੇਕਾਂ ਹਮਲੇ ਕੀਤੇ। 1758 ਈਸਵੀ ਨੂੰ ਮਰਾਠਿਆਂ ਨਾਲ ਮਿਲ ਕੇ ਇੱਕ ਵਾਰ ਫਿਰ ਸੂਬੇਦਾਰ ਅਬਦੁਲ ਸਮੱਦ ਖਾਨ ਨੂੰ ਹਰਾ ਕੇ ਸਰਹੰਦ 'ਤੇ ਕਬਜ਼ਾ ਜਮਾਇਆ। ਪਰ ਸਰਹੰਦ ਦੀ ਮੁਕੰਮਲ ਤਬਾਹੀ 14 ਜਨਵਰੀ 1764 ਈਸਵੀ ਨੂੰ ਹੋਈ। ਵੱਡਾ ਘੱਲੂਘਾਰਾ 5 ਫਰਵਰੀ 1762 ਈਸਵੀ ਨੂੰ ਹੋਇਆ ਸੀ। ਸਿੱਖਾਂ ਦਾ ਸਖਤ ਨੁਕਸਾਨ ਹੋਣ ਦੇ ਬਾਵਜੂਦ ਉਹ ਜਲਦੀ ਹੀ ਸੰਭਲ ਗਏ। ਉਹਨਾਂ ਨੇ 17 ਅਕਤੂਬਰ 1762 ਨੂੰ ਜੰਗ ਪਿੱਪਲੀ ਸਾਹਿਬ ਵਿੱਚ ਅਬਦਾਲੀ ਨੂੰ ਹਰਾ ਦਿੱਤਾ। ਇਸ ਤੋਂ ਬਾਅਦ ਸਿੱਖਾਂ ਨਾਲ ਉਸ ਦੀਆਂ ਝੜਪਾਂ ਹੁੰਦੀਆਂ ਰਹੀਆਂ ਤੇ 12 ਅਕਤੂਬਰ 1762 ਨੂੰ ਅਬਦਾਲੀ ਕਾਬਲ ਨੂੰ ਮੁੜ ਗਿਆ। ਵੱਡੇ ਘੱਲੂਘਾਰੇ ਦਾ ਸਿੱਖਾਂ ਦੇ ਦਿਲਾਂ 'ਤੇ ਸਗੋਂ ਉਲਟ ਅਸਰ ਹੋਇਆ। ਉਹਨਾਂ ਨੇ ਮਨਾਂ ਵਿੱਚ ਅਬਦਾਲੀ ਦਾ ਜੋ ਮਾੜਾ ਮੋਟਾ ਡਰ ਸੀ, ਉਹ ਵੀ ਚੁੱਕਿਆ ਗਿਆ। ਉਸ ਦੇ ਜਾਣ ਤੋਂ ਬਾਅਦ ਸਿੱਖ ਸਾਰੇ ਪਾਸੇ ਛਾ ਗਏ। ਪੂਰੇ ਪੰਜਾਬ ਨੂੰ ਸਿੱਖ ਮਿਸਲਾਂ ਨੇ ਆਪਸ ਵਿੱਚ ਵੰਡ ਲਿਆ। 1763 ਈਸਵੀ ਦੀ ਦੀਵਾਲੀ ਨੂੰ ਦਲ ਖਾਲਸਾ ਦਾ ਵੱਡਾ ਇਕੱਠ ਹਰਿਮੰਦਰ ਸਾਹਿਬ ਵਿਖੇ ਹੋਇਆ। ਸਰਬਸੰਮਤੀ ਨਾਲ ਗੁਰਮਤਾ ਕੀਤਾ ਗਿਆ ਕਿ ਸਰਹੰਦ 'ਤੇ ਕਬਜ਼ਾ ਜਮਾਇਆ ਜਾਵੇ। ਪੂਰੀ ਜੰਗੀ ਤਿਆਰੀ ਕਰਨ ਉਪਰੰਤ ਦਸੰਬਰ 1764 ਨੂੰ ਦਲ ਖਾਲਸਾ ਨੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਰਹੰਦ ਵੱਲ ਕੂਚ ਕਰ ਦਿੱਤਾ। ਉਸ ਦੇ ਨਾਲ ਹੋਰ ਪ੍ਰਸਿੱਧ ਸਰਦਾਰ ਸ. ਜੱਸਾ ਸਿੰਘ ਰਾਮਗੜ੍ਹੀਆ, ਸ. ਚੜ੍ਹਤ ਸਿੰਘ ਸ਼ੁਕਰਚੱਕੀਆ, ਸ. ਹਰੀ ਸਿੰਘ ਭੰਗੀ, ਸ. ਜੈ ਸਿੰਘ ਕਨ੍ਹਈਆ, ਸ. ਖੁਸ਼ਹਾਲ ਸਿੰਘ ਸਿੰਘਪੁਰੀਆ, ਸ. ਹੀਰਾ ਸਿੰਘ ਨੱਕਈ ਅਤੇ ਸ. ਬਘੇਲ ਸਿੰਘ ਕਰੋੜ ਸਿੰਘੀਆ ਆਦਿ ਆਪਣੀਆਂ ਮਿਸਲਾਂ ਸਮੇਤ ਚੱਲ ਰਹੇ ਸਨ।

18 ਦਸੰਬਰ 1764 ਨੂੰ ਦਲ ਖਾਲਸੇ ਨੇ ਮਲੇਰਕੋਟਲਾ ਘੇਰ ਲਿਆ। ਮਲੇਰਕੋਟਲੇ ਦੇ ਨਵਾਬ ਭੀਖਣ ਖਾਨ ਨੇ ਵੱਡੇ ਘੱਲੂਘਾਰੇ ਵੇਲੇ ਅਹਿਮਦ ਸ਼ਾਹ ਅਬਦਾਲੀ ਦੀ ਬਹੁਤ ਮਦਦ ਕੀਤੀ ਸੀ। ਭੀਖਣ ਖਾਨ ਬਾਹਰ ਆ ਕੇ ਲੜਿਆ ਪਰ ਮਾਰਿਆ ਗਿਆ। ਉਸ ਦੇ ਪੁੱਤਰ ਨੇ ਖਾਲਸੇ ਦੇ ਪੈਰੀਂ ਪੈ ਕੇ ਆਪਣੀ ਜਾਨ ਬਚਾ ਲਈ। ਮਲੇਰਕੋਟਲੇ ਤੋਂ ਨਜ਼ਰਾਨਾ ਉਗਰਾਹ ਕੇ ਦਲ ਖਾਲਸਾ ਨੇ ਗੰਗੂ ਰਸੋਈਏ ਦੇ ਪਿੰਡ ਸਹੇੜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਨ ਵਾਲੇ ਫੌਜਦਾਰ ਜਾਨੀ ਖਾਂ-ਮਾਨੀ ਖਾਂ ਦੇ ਪਿੰਡ ਮੋਰਿੰਡੇ 'ਤੇ ਜਾ ਹਮਲਾ ਕੀਤਾ। ਦੋਵਾਂ ਪਿੰਡਾਂ ਨੂੰ ਤਬਾਹ ਕਰ ਕੇ ਤੇ ਜਾਨੀ ਖਾਂ-ਮਾਨੀ ਖਾਂ ਨੂੰ ਖਤਮ ਕਰ ਕੇ ਸਰਹੰਦ ਵੱਲ ਚਾਲੇ ਪਾ ਦਿੱਤੇ। ਦਲ ਖਾਲਸਾ ਨੂੰ ਪਤਾ ਲੱਗਾ ਕਿ ਸੂਬੇਦਾਰ ਜ਼ੈਨ ਖਾਨ ਦਾ ਦੀਵਾਨ ਲਛਮੀ ਨਰਾਇਣ ਪਿੰਡ ਕੁਰਾਲੀ ਕੋਲ ਮਾਮਲਾ ਉਗਰਾਹ ਰਿਹਾ ਹੈ। ਸਿੱਖਾਂ ਨੇ ਹਮਲਾ ਕਰ ਉਸ ਦਾ ਡੇਰਾ ਲੁੱਟ ਲਿਆ ਪਰ ਲਛਮੀ ਨਰਾਇਣ ਜਾਨ ਬਚਾ ਕੇ ਸਰਹੰਦ ਵੱਲ ਦੌੜ ਗਿਆ। ਜਨਵਰੀ ਦੇ ਸ਼ੁਰੂ ਵਿੱਚ ਦਲ ਖਾਲਸਾ ਨੇ ਸਰਹੰਦ ਤੋਂ ਦਸ ਕਿ.ਮੀ. ਦੂਰ ਪਿੰਡ ਪੀਰ ਜੈਨ ਵਿੱਚ ਤੰਬੂ ਗੱਡ ਲਏ। ਉਹਨਾਂ ਨੇ ਆਸ ਪਾਸ ਦਾ ਸਾਰਾ ਇਲਾਕਾ ਨਹਿਸ ਤਹਿਸ ਕਰ ਦਿੱਤਾ। ਜ਼ੈਨ ਖਾਨ ਨੇ ਸੁਲ੍ਹਾ ਵਾਸਤੇ ਦੂਤ ਭੇਜੇ ਜਿਨਾਂ ਨੂੰ ਸਿੱਖਾਂ ਨੇ ਇਨਕਾਰ ਕਰ ਕੇ ਵਾਪਸ ਭਜਾ ਦਿੱਤਾ।

ਖਾਲਸਾ ਫੌਜ ਦੀ ਕੁੱਲ ਗਿਣਤੀ ਤੀਹ ਹਜ਼ਾਰ ਸਵਾਰ ਅਤੇ ਵੀਹ ਹਜ਼ਾਰ ਪੈਦਲ ਸੀ। 14 ਜਨਵਰੀ 1764 ਈਸਵੀ ਨੂੰ ਅਖੀਰ ਜ਼ੈਨ ਖਾਨ ਨੇ ਕਿਲ੍ਹੇ ਵਿੱਚੋਂ ਬਾਹਰ ਨਿਕਲ ਕੇ ਦਲ ਖਾਲਸੇ 'ਤੇ ਹੱਲਾ ਬੋਲ ਦਿੱਤਾ। ਦੁਪਹਿਰ ਤੱਕ ਗਹਿਗੱਚ ਲੜਾਈ ਹੋਈ। ਪਰ ਹੌਲੀ ਹੌਲੀ ਖਾਲਸੇ ਦਾ ਪਲੜਾ ਭਾਰੀ ਹੋਣ ਲੱਗਾ। ਦੁਪਹਿਰ ਵੇਲੇ ਕਿਸੇ ਸੂਰਮੇ ਦੀ ਗੋਲੀ ਨੇ ਲੜਾਈ ਦਾ ਫੈਸਲਾ ਕਰ ਦਿੱਤਾ। ਆਪਣੀ ਫੌਜ ਦੀ ਅਗਵਾਈ ਕਰ ਰਿਹਾ ਜ਼ੈਨ ਖਾਨ ਮੱਥੇ ਵਿੱਚ ਗੋਲੀ ਲੱਗਣ ਕਾਰਨ ਘੋੜੇ ਤੋਂ ਹੇਠਾਂ ਜਾ ਪਿਆ। ਉਸ ਦੀ ਫੌਜ ਜਿਸ ਪਾਸੇ ਜਗ੍ਹਾਂ ਮਿਲੀ, ਭੱਜ ਨਿਕਲੀ। ਭਾਈ ਮਨੀ ਸਿੰਘ ਦੇ ਭਤੀਜੇ ਸ. ਥਰਾਜ ਸਿੰਘ ਨੇ ਸੂਬੇ ਦਾ ਸਿਰ ਵੱਢ ਕੇ ਸ. ਜੱਸਾ ਸਿੰਘ ਆਹਲੂਵਾਲੀਆ ਦੇ ਕਦਮਾਂ ਵਿੱਚ ਜਾ ਰੱਖਿਆ। ਬਿਨਾਂ ਵਕਤ ਗਵਾਏ ਸਿੱਖ ਸਰਹੰਦ ਵਿੱਚ ਜਾ ਵੜੇ। ਦਸ ਦਿਨ ਤੱਕ ਸ਼ਹਿਰ ਲੁੱਟਿਆ ਤੇ ਫੂਕਿਆ ਗਿਆ। ਕੁੱਲ ਸ਼ਹਿਰ ਦੇ ਮਕਾਨ ਢਾਹ ਢੇਰੀ ਕੀਤੇ ਗਏ, ਸਾਰਾ ਸ਼ਹਿਰ ਖੋਲਿਆਂ ਵਿੱਚ ਤਬਦੀਲ ਹੋ ਗਿਆ। ਸਰਹੰਦ ਦੇ ਕਿਲ੍ਹੇ ਦੀਆਂ ਨੀਹਾਂ ਵਿੱਚ ਬਰੂਦ ਦੱਬ ਕੇ ਸਾਰਾ ਕਿਲ੍ਹਾ ਥੇਹ ਕਰ ਦਿੱਤਾ ਗਿਆ। ਮਲਬੇ ਉੱਪਰ ਗਧਿਆਂ ਦਾ ਹੱਲ ਚਲਾਇਆ ਗਿਆ।

ਪੁਰਾਣੇ ਬਜ਼ੁਰਗਾਂ ਨੂੰ ਪੁੱਛ ਕੇ ਜਿਸ ਜਗ੍ਹਾ ਸਾਹਿਬਜ਼ਾਦੇ ਸ਼ਹੀਦ ਕੀਤੇ ਗਏ ਸਨ, ਉਥੇ ਗੁਰਦੁਆਰਾ ਫਤਿਹਗੜ੍ਹ ਸਾਹਿਬ ਉਸਾਰਿਆ ਗਿਆ। ਬਚਿਆ ਖੁਚਿਆ ਸਰਹੰਦ ਸ਼ਹਿਰ ਸ. ਬੁੱਢਾ ਸਿੰਘ ਭਾਈਕੇ ਨੂੰ ਸੌਂਪ ਦਿੱਤਾ, ਜਿਸ ਨੇ ਵੀਹ ਹਜ਼ਾਰ ਇਵਜ਼ਾਨਾ ਲੈ ਕੇ ਤੋਪਖਾਨੇ ਸਮੇਤ ਬਾਬਾ ਆਲਾ ਸਿੰਘ ਦੇ ਹਵਾਲੇ ਕਰ ਦਿੱਤਾ। ਬੁੱਢਾ ਸਿੰਘ, ਗੁਰੂ ਘਰ ਦੇ ਅਨਿੰਨ ਸੇਵਕ ਭਾਈ ਭਗਤੂ ਦਾ ਪੋਤਰਾ ਸੀ। ਸਰਹੰਦ ਸੂਬੇ ਦਾ 270 ਕਿ. ਮੀ. ਲੰਬਾ ਅਤੇ 210 ਕਿ. ਮੀ. ਚੌੜਾ ਇਲਾਕਾ ਸਮੇਤ ਕਰੋੜਾਂ ਦੇ ਖਜ਼ਾਨੇ ਦੇ ਸਿੱਖਾਂ ਦੇ ਕਬਜ਼ੇ ਹੇਠ ਆ ਗਿਆ। ਸੂਬਾ ਸਰਹੰਦ ਸ਼ਿਵਾਲਕ ਦੀਆਂ ਪਹਾੜੀਆਂ ਤੋਂ ਲੈ ਕੇ ਰੋਹਤਕ ਅਤੇ ਜਮਨਾ ਦਰਿਆ ਤੋਂ ਲੈ ਕੇ ਸਤਲੁਜ ਦਰਿਆ ਤੱਕ ਫੈਲਿਆ ਹੋਇਆ ਸੀ। ਜੰਗ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਮਿਸਲਾਂ ਨੇ ਸਰਹੰਦ ਦਾ ਇਲਾਕਾ ਆਪਸ ਵਿੱਚ ਵੰਡ ਲਿਆ। ਇਸ ਤਰਾਂ ਦਲ ਖਾਲਸਾ ਨੇ ਅਖੀਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈ ਲਿਆ। ਸਿੱਖਾਂ ਦੀ ਇਸ ਮਹਾਨ ਜਿੱਤ ਨਾਲ ਪੇਸ਼ਾਵਰ ਤੋਂ ਲੈ ਕੇ ਦਿੱਲੀ ਤੱਕ ਦੁਸ਼ਮਣਾਂ ਦੇ ਦਿਲਾਂ ਵਿੱਚ ਸਿੱਖਾਂ ਦੀ ਬਹਾਦਰੀ ਦੀ ਧਾਂਕ ਜੰਮ ਗਈ। ਉਹ ਇਸ ਇਲਾਕੇ ਦੀ ਸਿਰਮੌਰ ਰਾਜਨੀਤਕ ਅਤੇ ਫੌਜੀ ਤਾਕਤ ਬਣ ਗਏ।

–0–

# ਸਿੱਖ ਸੱਭਿਆਚਾਰ: ਤੁਲਨਾਤਮਿਕ ਅਧਿਐਨ

ਇੰਜੀ: ਜੋਗਿੰਦਰ ਸਿੰਘ

**ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥(951)** ਤੋਂ ਬਿਲਕੁਲ ਸਾਫ਼ ਮਤਲਬ ਸਮਝ ਆਉਂਦਾ ਹੈ ਕਿ ਅਸੀਂ ਆਪਣੇ ਵੱਡੇ-ਵਡੇਰਿਆਂ ਵਲੋਂ ਬਣਾਈਆਂ ਗਈਆਂ ਫੋਟੋ ਰੀਤਾਂ-ਰਿਵਾਜਾਂ, ਚੱਜ-ਆਚਾਰਾਂ, ਸਮਾਜਿਕ ਤੇ ਭਾਈਚਾਰਕ ਰਿਸ਼ਤਿਆਂ ਵਿਚ ਸੁਹਿਰਦਤਾ, ਨੇਮਬੱਧਤਾ ਤੇ ਪ੍ਰੇਮ-ਭਾਵਨਾਵਾਂ ਨਾਲ ਸੰਬੰਧਿਤ ਪ੍ਰਸੰਗਾਂ ਦੀਆਂ ਜਾਣਕਾਰੀਆਂ ਨੂੰ ਆਪਣੇ ਜੀਵਨ-ਅਮਲ ਵਿਚ ਅਪਨਾਅ ਕੇ ਚੰਗੇਰੇ ਮਨੁੱਖ ਜਾਂ ਨਾਗਰਿਕ ਬਣ ਸਕਦੇ ਹਾਂ।

ਪੁਰਾਣਿਆਂ ਸਮਿਆਂ ਤੋਂ ਹੀ ਇਹਨਾਂ ਬਾਬਾਣੀਆਂ-ਕਹਾਣੀਆਂ ਦੇ ਵੇਰਵੇਕਿਸੇ ਨਾ ਕਿਸੇ ਰੂਪ ਵਿਚ ਲਿਖੇ ਜਾਂਦੇ ਰਹੇ ਹਨ। ਮੁਢਲੇ ਕਾਲ ਵਿਚ ਮਨੁੱਖੀ-ਜ਼ਿੰਦਗੀ ਦੇ ਸਾਰਿਆਂ ਸਰੋਕਾਰਾਂ, ਜ਼ਿੰਮੇਵਾਰੀਆਂ, ਨੇਮਾਂ-ਨਿਸ਼ੇਧਾਂ ਤੇ ਕਰਮਾਚਾਰ ਨੂੰ ਧਰਮ ਨਾਲ ਜੋੜਿਆ ਜਾਂਦਾ ਸੀ। ਮੁਕਾਬਲਤਨ ਵਿਕਸਤ ਕਬੀਲਿਆਂ, ਨਸਲਾਂ ਤੇ ਕੌਮਾਂ ਨੇ ਆਪੋ-ਆਪਣੀਆਂ ਮਾਨਤਾਵਾਂ, ਪਰੰਪਰਾਵਾਂ, ਮਰਯਾਦਾਵਾਂ ਤੇ ਸੱਭਿਅਤਾਵਾਂ ਦੇ ਸਮੁੱਚੇ ਰੂਪ ਨੂੰ ਅਲੱਗ-ਅਲੱਗ ਤੇ ਵੱਖਰੇ ਧਰਮੀ-ਵਿਧਾਨ ਵਜੋਂ ਸਿਰਜਿਆ ਸੀ। ਮਾਨਵ ਸੱਭਿਅਤਾ ਦੇ ਇਤਿਹਾਸ ਵਿਚ ਅੱਡ-ਅੱਡ ਸਮਿਆਂ ਅਤੇ ਸਥਾਨਾਂ ਉੱਪਰ ਉਜਾਗਰ ਹੋਏ ਸੁਜਾਣ ਸਿਆਣਿਆਂ, ਰਿਸ਼ੀ-ਮੁਨੀਆਂ ਅਤੇ ਪੀਰ-ਪੈਗ਼ੰਬਰਾਂ ਨੇ ਮਨੁੱਖਤਾ ਦੀ ਵਿਕਸਤ ਖੁਸ਼ਹਾਲੀ ਵਾਸਤੇ, ਮਾਨਵ ਜੀਵਨ ਦੇ ਉਕਤ ਸਾਰੇ ਪਹਿਲੂਆਂ ਨੂੰ ਲੋੜੀਂਦੀ ਤਰਤੀਬ ਦੇਂਦਿਆਂ ਵੱਖ-ਵੱਖ ਮਤਾਂਤਰਾਂ, ਮਜ਼ਹਬਾਂ ਜਾਂ ਧਰਮਾਂ ਦੀ ਸੰਸਥਾਪਨਾ ਕੀਤੀ। ਪਿਛਲੇ ਦਸ ਹਜ਼ਾਰ ਸਾਲਾਂ ਵਿਚ ਕਈ ਤਰ੍ਹਾਂ ਦੀਆਂ ਸੱਭਿਆਤਾਵਾਂ-ਸੱਭਿਆਚਾਰ ਤੇ ਧਰਮਾਂ ਦਾ ਪੈਦਾ ਹੋਣਾ ਅਤੇ ਆਪਣੇ ਸੀਮਿਤ ਜਿਹੇ ਖਿੱਤੇ ਦੇ ਭਾਈਚਾਰੇ ਵਿਚ ਪ੍ਰਵਾਨਿਤ ਹੋਣਾ ਤੇ ਖਤਮ ਹੋ ਜਾਣਾ, ਮਨੁੱਖੀ ਇਤਿਹਾਸ ਦੇ ਵਿਕਾਸ-ਵਿਨਾਸ਼ ਦਾ ਦਿਲਚਸਪ ਹਿੱਸਾ ਬਣ ਚੁੱਕਾ ਹੈ। ਦੁਨੀਆਂ ਦੀਆਂ ਬਹੁ-ਪ੍ਰਕਾਰੀ ਸੱਭਿਆਤਾਵਾਂ ਦੇ ਵੇਰਵਿਆਂ ਦਾ ਇਕ ਖਾਸਾ ਰਿਹਾ ਹੈ ਕਿ ਵਕਤ ਦੇ ਟੇਢੇ-ਮੇਢੇ ਗੇੜਿਆਂ ਦੇ ਬਾਵਜੂਦ ਲਗਭਗ ਹਰ ਸੱਭਿਆਚਾਰ ਨੇ ਆਪਣੀਆਂ ਕੁਝ ਨਿਸ਼ਾਨੀਆਂ ਨੂੰ ਵਰਤਮਾਨ ਸਮੇਂ ਤੱਕ, ਮਨੁੱਖੀ-ਮਾਨਸਿਕਤਾ ਵਿਚ ਕੁਝ ਨਾ ਕੁਝ ਹੋਂਦ ਬਚਾਈ ਹੋਈ ਹੈ।

ਇਹ ਵੀ ਵੇਖਿਆ ਜਾ ਸਕਦੈ ਕਿ ਸਾਧਾਰਣ ਚੱਜ-ਆਚਾਰ ਦੁਆਰਾ ਸਿਰਜੇਸਮਾਜਕ-ਆਚਰਣਦੇ ਮੁਕਾਬਲੇ ਕੁਝ ਉੱਚਤਰ ਤੇ ਗੁਣਾਤਮਕ ਪੱਖੋਂ ਉੱਤਮ ਵਿਚਾਰਧਾਰਾਵਾਂ ਨੂੰ ਸਮਰਪਿਤ ਸਮਾਜਕ ਸੰਸਥਾਵਾਂ ਨੇ ਪੂਰੇ ਵਿਸ਼ਵ ਦੇ ਮਾਨਵ-ਜੀਵਨ ਅਤੇ ਜਨ-ਮਾਨਸਿਕਤਾ ਦੀ ਬੌਧਿਕਤਾ ਤੇ ਆਰਥਿਕਤਾ ਨੂੰ ਨਵੇਂ ਦ੍ਰਿਸ਼ਟੀਕੋਣਾਂ ਨਾਲ ਪ੍ਰਭਾਵਿਤ ਕੀਤਾ ਹੈ। ਉਹਨਾਂ ਦੀ ਸਫ਼ਲਤਾ, ਪੈਰੋਕਾਰਾਂ ਦੀ ਸਿਰਜਣਾਤਮਕ ਸ਼ਕਤੀ ਦੇ ਬਲ-ਬੂਤੇ ਦੇ ਅਨੁਪਾਤ ਵਿਚ ਹੀ ਸੰਭਵ ਹੋ ਸਕੀ ਹੈ। ਇਸ ਪੂਰੇ ਅਰਸੇ ਵਿਚ ਸੁਜਾਣ-ਸੰਸਥਾਪਕਾਂ ਦੀ ਪ੍ਰਤੀਬੱਧਤਾ, ਦ੍ਰਿੜ੍ਹਤਾ, ਤੇ ਪ੍ਰਚਾਰ ਜੁਗਤਾਂ ਦੇ ਨਾਲ-ਨਾਲ, ਭੂ-ਖੰਡਾਂ ਦੀ ਭੂਗੋਲਿਕਤਾ, ਮੌਸਮੀ-ਵਾਤਾਵਰਣ ਅਤੇ ਆਮ ਲੋਕਾਂ ਦੇ ਸੁਭਾਉ ਤੇ ਪਰੰਪਰਾਵਾਂ ਤੋਂ ਹਟ ਕੇ ਨਵੀਆਂ ਵੀਚਾਰਾਂ ਨੂੰ ਸਮਝਣ-ਗ੍ਰਹਿਣ ਕਰਨ ਦੀ ਕਾਬਲੀਅਤ ਦਾ ਵੀ ਵੱਡਾ ਯੋਗਦਾਨ ਰਿਹਾ ਹੈ। ਉਦਾਹਰਣ ਦੇ ਤੌਰ 'ਤੇ ਇਕ ਬੀਜ ਭਾਵੇਂ ਕਿਸੇ ਪੰਛੀ ਦੀ ਵਿੱਠ, ਹਨ੍ਹੇਰੀ ਦੁਆਰਾ ਉੱਡ ਕੇ ਜਾਂ ਮਨੁੱਖ ਵਲੋਂ ਜ਼ਰਖੇਜ਼ਧਰਤੀ ਵਿਚ ਬੀਜਿਆ ਗਿਆ ਹੋਵੇ ਤਾਂ ਨਿੱਕੀ ਕਰੂੰਬਲ ਤੋਂ ਵਧਦਾ-ਵਧਦਾ ਛਾਂ ਦਾਰ ਜਾਂ ਫ਼ਲਦਾਰ ਦਰੱਖਤ ਬਣ ਜਾਂਦਾ ਹੈ। ਪਰ ਜੇ ਉਹੀ ਬੀਜ ਬੰਜਰ, ਰੇਤਲੀ ਜਾਂ ਪਥਰੀਲੀ ਜ਼ਮੀਨ ਵਿਚ ਸੁੱਟਿਆ ਗਿਆ ਹੁੰਦਾ ਤਾਂ ਉਸ ਦਾ ਪੁੰਗਰਨਾ ਸੰਭਵ ਨਹੀਂ ਸੀ। ਇਸੇ ਤਰ੍ਹਾਂ ਕਿਸੇ ਵਿਸ਼ੇਸ਼ਸੂਝ ਰੱਖਣ ਵਾਲੇ ਜਾਗਰੂਕ ਬੁੱਧੀਮਾਨ ਜਾਂ ਪੈਗੰਬਰੀ-ਸ਼ਖ਼ਸੀਅਤ ਦੀਮੌਲਿਕ ਜਾਂ ਸੁਧਾਰਵਾਦੀ ਵਿਚਾਰਧਾਰਾ ਨੇ ਸੰਸਾਰ ਦੇ ਇਕ ਹਿੱਸੇ ਵਿਚੋਂ ਉੱਠ ਕੇ ਦੂਰ-ਦੁਰੇਡੇ ਵੱਸਦੇ ਮਨੁੱਖੀ ਸੱਭਿਆਚਾਰਾਂ ਨੂੰ ਕ੍ਰਾਂਤੀਕਾਰੀ-ਮੋੜ ਦੇਣ ਦਾ ਕ੍ਰਿਸ਼ਮਾ ਕਰ ਵਿਖਾਇਆ ਹੈ। ਮਨੁੱਖਤਾ ਦੇ ਵਿਕਾਸ ਤੇ ਵਿਗਾਸ ਦਾ ਇਹ ਸਫ਼ਰ ਸਦੀਆਂ ਤੋਂ ਚਲਿਆ ਆਉਂਦਾ ਹੈ। ਇਹ ਮਨੁੱਖਤਾ ਦੀ ਸਾਂਝੀ ਵਿਰਾਸਤ ਹੈ।

ਤੱਤਕਾਲੀਨ ਮਨੌਤਾ, ਵਿਸ਼ਵਾਸ ਤੇ ਮਾਨਤਾਵਾਂ ਵਿਚ ਵੇਖੀਆਂ ਜਾਂਦੀਆਂ ਤਰੁੱਟੀਆਂ ਦੇ ਸਨਮੁੱਖ, ਸ੍ਰੇਸ਼ਟ ਮਨੁੱਖਾਂ ਵਲੋਂ ਪ੍ਰਾਪਤ ਗਿਆਨ ਵਿਚਾਰ ਦੀ, ਦੂਸਰਿਆਂ ਨਾਲ ਸਾਂਝ ਤੇ ਸੁਹਿਰਦ-ਸਹਿਮਤੀ ਹੀ ਨਵੇਂ ਸੱਭਿਆਚਾਰ ਨੂੰ ਜਨਮ ਦਿੰਦੀ ਹੈ। ਇਹੋ ਸਿਧਾਂਤ ਧਰਮਾਂ ਦੀ ਦਾਰਸ਼ਨਿਕ ਵਿਚਾਰਧਾਰਾ ਜਾਂ ਮਾਨਵੀ-ਸੱਭਿਆਚਾਰ ਦੀ ਭਵਿੱਖਮੁਖੀ ਹੋਣੀ ਨਿਸ਼ਚਿਤ ਕਰਦਾ ਹੈ। ਵਕਤ ਦੇ ਆਲਮ-ਫ਼ਾਜ਼ਲ ਸਰ ਮੁਹੰਮਦ ਇਕਬਾਲ ਨੇ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ' ਦੀ ਸਦੀਆਂ ਪੁਰਾਣੀ ਤ੍ਰਾਸਦੀ ਨੂੰ ਇਉਂ ਬਿਆਨਿਆ ਹੈ:

**ਕੌਮ ਨੇ ਪੈਗਾਮਿ ਗੌਤਮ ਕੀ**
**ਜ਼ਰਾ ਪਰਵਾਹ ਨਾ ਕੀ।**
**ਕਦਰ ਪਹਚਾਨੀ ਨਾ ਅਪਨੇ**
**ਗੌਹਰੇ-ਯਕ-ਦਾਨਾ ਕੀ।**
**ਸ਼ਮਇ-ਹੱਕ ਸੇ ਜੋ ਮੁਨੱਵਰ ਹੋ,**
**ਯਿਹ ਵੁਹ ਮਹਿਫ਼ਲ ਨਾ ਥੀ।**
**ਬਾਰਸ਼ੇ-ਰਹਿਮਤ ਹੁਈ,**
**ਲੇਕਿਨ ਜ਼ਮੀਂ ਕਾਬਿਲ ਨਾ ਥੀ।**

ਇਹ ਵੀ ਸੱਚ ਹੈ ਕਿ ਜਿਵੇਂ ਕਾਲੇ-ਸੰਘਣੇ ਬੱਦਲ, ਸੂਰਜੀ-ਪ੍ਰਕਾਸ਼ ਨੂੰ ਚਹੁੰ ਤਰਫੀਂ ਫੈਲਣ ਤੋਂ ਬਹੁਤਾ ਸਮਾਂ ਰੋਕ ਨਹੀਂ ਸਕਦੇ ਤੇ ਹਵਾ-ਹਨ੍ਹੇਰੀਆਂ ਨੂੰ ਦੇਸ਼ਾਂ-ਪ੍ਰਦੇਸ਼ਾਂ ਦੀਆਂ ਸਰਹੱਦਾਂ, ਅੱਗੇ ਵਧਣੋਂ ਟੋਕ ਨਹੀਂ ਸਕਦੀਆਂ, ਇਸੇ ਤਰ੍ਹਾਂ ਮਨੁੱਖ ਦੁਆਰਾ ਪ੍ਰਾਪਤ ਕੀਤਾਗਿਆ ਗਿਆਨ ਕਿਸੇ ਇਕ ਇਲਾਕੇ, ਫਿਰਕੇ, ਕਬੀਲੇ ਜਾਂ ਕੌਮ ਦੀ ਮੁਕੰਮਲ ਇਜ਼ਾਰੇਦਾਰੀ ਨਹੀਂ ਬਣਿਆ ਰਹਿ ਸਕਦਾ। ਪਰਮਾਤਮਾ ਦੀ ਸਿਰਜੀ ਸ੍ਰਿਸ਼ਟੀ ਦੀਆਂ ਸਾਰੀਆਂ ਨਿਆਮਤਾਂ- ਬਰਕਤਾਂ ਪੂਰੇ ਵਿਸ਼ਵੀ ਮਨੁੱਖੀ-ਭਾਈਚਾਰੇ ਦੀ ਭਲਾਈ ਤੇ ਖੁਸ਼ਹਾਲੀ ਵਾਸਤੇ ਬਣੀਆਂ ਹਨ-ਦੇਰ ਸਵੇਰ, **'ਰਾਤ ਅੰਧੇਰੀ ਛੱਟ ਕੇ ਰਹੇਗੀ, ਧਨ ਔਰ ਧਰਤੀ ਬਟ ਕੇ ਰਹੇਗੀ।'**

ਵਿਸ਼ੇਸ਼ ਤੌਰ 'ਤੇ ਪ੍ਰਕਿਰਤਕ ਰਹੱਸਾਂ ਦਾ ਗਿਆਨ, ਮਨੁੱਖੀ ਸੋਝੀ ਦਾ ਵਿਕਾਸ, ਦੋ ਜਜ਼ਬਾਤ ਤੇ ਭਾਵਨਾਵਾਂ, ਵਿਚਾਰ ਦੀ ਵਿਵੇਕਸ਼ੀਲਤਾ ਅਤੇ ਮਨੁੱਖ ਦੀਆਂ ਮਾਨਸਿਕ-ਸਮਾਜਿਕ ਤੇ ਸੁਹਿਰਦ ਸਹਿਹੋਂਦ ਦੀਆਂ ਸਮੱਸਿਆਵਾਂ ਥੋੜ੍ਹੇ-ਬਹੁਤ ਫ਼ਰਕਾਂ ਨਾਲ ਇਕੋਜਿਹੀਆਂ ਹੀ ਹੁੰਦੀਆਂ ਹਨ। ਇਸ ਸਚਾਈ ਨੂੰ ਪੂਰੇ ਸੰਸਾਰ ਵਿਚ ਮਨੁੱਖਾਂ ਦੀ ਬਰਾਬਰਤਾ, ਸਾਂਝੀਵਾਲਤਾ, ਭਾਈਚਾਰੇ ਤੇ ਸੁਖਾਵੇਂ ਸੱਭਿਆਚਾਰ ਦੇ ਬੁਨਿਆਦੀ-ਢਾਂਚੇ ਦੀ ਸਿਰਜਣਾ ਦਾ ਆਧਾਰ ਸਵੀਕਾਰਿਆ ਜਾਣਾ ਚਾਹੀਦਾ ਹੈ।

ਲਗਭਗ 2500 ਵਰ੍ਹੇ ਪਿਛੋਕੜ ਵਿਚ ਜਦੋਂ ਮੱਧ ਏਸ਼ੀਆ ਦੇ ਇਕ ਖਿੱਤੇ ਵਿਚ ਯਹੂਦੀ ਧਰਮ ਜਨਮਿਆਂਤਾਂ ਨੇੜਲੇ ਗੁਆਂਢ ਵਿਚ ਹੀ ਯੂਨਾਨੀ ਸੱਭਿਅਤਾ ਦੀ ਸ਼ੁਰੂਆਤ ਹੋਈ। ਭਾਰਤੀ ਉਪ-ਮਹਾਂਦੀਪ ਵਿਚ ਜਦੋਂ ਹਿੰਦੂ ਵੈਦਿਕ ਧਰਮ ਤੋਂ ਬਾਅਦ ਬੋਧੀ ਤੇ ਜੈਨ ਫ਼ਲਸਫ਼ਿਆਂ ਦਾ ਜ਼ੋਰ ਵਧ ਫੁੱਲ ਰਿਹਾ ਸੀ, ਉਸੇ ਸਮੇਂ ਗੁਆਂਢੀ ਚੀਨ ਵਿਚ ਕਨਫਿਊਸ਼ੀਅਸ ਅਤੇ ਲਾਓਤਸੇ ਦੀਆਂ

ਵਿਚਾਰਧਾਰਾਵਾਂ ਲੋਕਾਈ ਨੂੰ ਨਵੀਆਂ ਰਾਹਾਂ 'ਤੇ ਤੁਰਨ ਦਾ ਮਾਰਗ-ਦਰਸ਼ਨ ਕਰ ਰਹੀਆਂ ਸਨ। ਅਰਬ ਦੇ ਭੂ-ਖੰਡਾਂ ਵਿਚ ਹਜ਼ਰਤ ਮੁਹੰਮਦ ਸਾਹਿਬ ਨੇ ਆਪਸ ਵਿਚ ਹਮੇਸ਼ਾ ਲੜਦੇ-ਝਗੜਦੇ ਕਬੀਲਿਆਂ ਨੂੰ, ਇਕ ਖ਼ੁਦਾ ਦੇ ਬੰਦੇ ਬਣਨ ਤੇ ਸਾਂਝੇ ਭਾਈਚਾਰਕ ਵਰਤੋਂ-ਵਿਹਾਰ ਦੀਆਂ ਸਿੱਖਿਆਵਾਂ ਦੁਆਰਾ ਸਮਾਜਿਕ ਇਨਕਲਾਬ ਲਿਆਂਦਾ। ਮਹਾਤਮਾ ਬੁੱਧ ਜਿਨ੍ਹਾਂ ਦਾ ਜਨਮ ਸ਼ਾਕਯ ਵੰਸ਼ ਦੇ ਰਾਜੇ ਸੁਧੋਦਨ ਦੇ ਘਰ ਮਾਤਾ ਮਹਾਂਮਾਯਾ ਦੀ ਕੁੱਖੋਂ ਲੁੰਬਿਨੀ ਵਿਖੇ 623 ਈਸਾ ਪੂਰਵ ਹੋਇਆ ਸੀ ਤੋਂ ਦੋ ਹਜ਼ਾਰ ਵਰ੍ਹੇ ਮਗਰੋਂ ਪੰਜ ਦਰਿਆਵਾਂ ਦੀ ਹਰਿਆਵਲੀ ਧਰਤੀ ਪੰਜਾਬ ਦੀ ਕੁਖੋਂ ਇਕ ਹੋਰ ਰੂਹਾਨੀਅਤ ਦਾ ਅੰਕੁਰ ਫੁੱਟਿਆ। ਉੱਤਰੀ ਹਿੰਦੁਸਤਾਨ ਦੀ ਇਸ ਭੋਇੰ ਨੂੰ ਵਿਦੇਸ਼ੀ ਧਾੜਵੀਆਂ ਨੇ ਬਹੁਤ ਵਾਰੀ ਚੰਗੀ ਤਰ੍ਹਾਂ ਖੋਦਿਆ-ਪੁੱਟਿਆ ਹੋਇਆ ਸੀ, ਪੁਰਾਣੀਆਂ ਸਭਨਾਂ ਉਬੜ-ਖਾਬੜ, ਉੱਚੀਆਂ ਨੀਵੀਆਂ ਵਰਣ-ਵੰਡਾਂ ਨੂੰ ਇਕਸਾਰ ਮਧੋਲਦਿਆਂ, ਜ਼ਰਖੇਜ਼ਜ਼ਮੀਨ ਵਿਚ ਪੱਕੇ ਸਿਆੜ ਪਾ ਕੇ, ਬੇ-ਖਸਮੇ ਛੱਡਿਆ ਹੋਇਆ ਸੀ। ਚੋਖਾ ਵਤਰ ਹੋਵਣ ਦੇ ਬਾਵਜੂਦ, ਬੀਜ ਬਿਨਾਂ, ਲੋਕਾਈ ਭੁੱਖੀ ਦੀ ਭੁੱਖੀ ਹੀ ਰਹੀ। ਜਨ-ਮਾਨਸਿਕਤਾ ਨੇ ਕਈ ਤਰ੍ਹਾਂ ਦੀਆਂ ਬੋਲੀਆਂ, ਰਸਮਾਂ-ਰਿਵਾਜਾਂ, ਧਰਮਾਂ ਤੇ ਸੱਭਿਆਤਾਵਾਂ ਨੂੰ ਨੰਗੇ-ਪਿੰਡੇ ਹੰਢਾਅ ਲਿਆ ਸੀ। ਸਾਰਿਆਂ ਨੇ ਆਮ ਲੋਕਾਈ ਨੂੰ ਸਿਰਫ਼ ਦਰੜਿਆ-ਮਰੜਿਆ, ਪਰ ਬੀਜਿਆ ਕੁਝ ਨਾ। ਅਜਿਹੇ ਹਾਲਾਤ ਵਿਚ ਡਾ: ਇਕਬਾਲ ਅਨੁਸਾਰ:

**ਫਿਰ ਉਠੀ ਆਖਿਰ ਸਦਾ**
**ਤੌਹੀਦ ਕੀ ਪੰਜਾਬ ਸੇ।**
**ਹਿੰਦ ਕੋ ਇਕ ਮਰਦਿ ਕਾਮਿਲ**
**ਨੇ ਜਗਾਯਾ ਖ਼੍ਵਾਬ ਸੇ।**

ਸੰਨ 1469 'ਚ ਰਾਇ ਭੋਇ ਦੀ ਤਲਵੰਡੀ, ਜਿਹਨੂੰ ਅੱਜਕੱਲ੍ਹ ਨਨਕਾਣਾ ਸਾਹਿਬ ਆਖਿਆ ਜਾਂਦਾ ਹੈ, ਮਹਿਤਾ ਕਲਿਆਣ ਚੰਦ ਜੀ ਦੇ ਘਰ, ਵਡਭਾਗੀ ਮਾਤਾ ਤ੍ਰਿਪਤਾ ਨੇ ਜਿਸ ਬਾਲ ਨੂੰ ਜਨਮ ਦਿੱਤਾ, ਭਾਈਚਾਰੇ ਦੇ ਮੁਖੀਆਂ ਨੇ ਉਸ ਦਾ ਨਾਉਂ ਨਾਨਕ ਰੱਖਿਆ। ਬਾਲ-ਬੁਧਿ ਨਾਨਕ ਨੂੰ ਪ੍ਰਬੁੱਧ ਬਣਦਿਆਂ ਚਿਰ ਨਾ ਲੱਗਾ। 30-35 ਵਰ੍ਹਿਆਂ ਦੇ ਨੇੜੇ-ਤੇੜੇ ਉਨ੍ਹਾਂ ਦੀ ਅਧਿਆਤਮਕ-ਚੇਤਨਾ ਨੇ ਪ੍ਰਗਟ ਰੂਪ ਵਿਚ 'ਨਾ ਕੋਈ ਹਿੰਦੂ, ਨਾ ਮੁਸਲਮਾਨ' ਦਾ ਸਿੰਘ-ਨਾਦ ਕੀਤਾ ਸੀ। ਮਤ-ਮਤਾਂਤਰਾਂ ਤੇ ਮਜ਼੍ਹਬਾਂ ਦੀਆਂ ਵੰਡੀਆਂ-ਵਿਤਕਰਿਆਂ ਦੀਆਂ ਵੇਦਨਾਵਾਂ 'ਚ ਜਲਦੀ ਬਲਦੀ 'ਹੈ-ਹੈ ਕਰਦੀ ਲੋਕਾਈ' ਨੂੰ ਪਾਰਬ੍ਰਹਮੁ-ਪਰਮੇਸਰੁ ਦਾ ਖ਼ੁਦਾਈ ਪੈਗ਼ਾਮ ਸੁਣਾਇਆ ਕਿ ਸੰਸਾਰ ਦੀ ਸਾਰੀ ਮਾਨਸ ਜਾਤ **ਏਕੁ ਪਿਤਾ ਏਕਸ ਕੇ ਹਮ ਬਾਰਿਕ**ਹੈ। ਖ਼ੁਦਾਵੰਦ-ਕਰੀਮ ਅੱਲ੍ਹਾ ਜਾਂ ਹਰਿ-ਪ੍ਰਭੂ ਦੀ ਸੰਤਾਨ ਨੇ ਸੁਚਾਰੂ ਸੰਗ-ਸਾਥ ਨਿਭਾਉਂਦਿਆਂ ਅਤੇ ਇਨਸਾਨੀਅਤ ਦੇ ਗੁਣਾਂ ਨੂੰ ਪਛਾਣਦਿਆਂ ਭਾਈਚਾਰਕ ਸਾਂਝ ਦੁਆਰਾ ਜ਼ਿੰਦਗੀ ਦੇ ਹਸੀਨ ਮਰਾਤਬਿਆਂ ਨੂੰ ਹਾਸਿਲ ਕਰਨਾ ਹੈ। ਇਸ ਤੌਹੀਦੀ ਉਪਦੇਸ਼ਦੀ ਪਾਲਣਾ ਵਿਚ ਮਨੁੱਖ ਮਾਤਰ ਵਾਸਤੇ ਜ਼ਰੂਰੀ ਹੈ ਕਿ ਜੀਵਨ ਦੇ ਹਰ ਦੌਰ ਵਿਚ, ਹਰ ਪੜਾਅ 'ਤੇ, ਸਿਰਜਣਹਾਰ ਤੇ ਪਾਲਣਹਾਰ **ਏਕੋ ਹੈ ਭਾਈ ਏਕੋ ਹੈ॥ ਸਾਹਿਬੁ ਮੇਰਾ ਏਕੋਹੈ॥** ਨੂੰ ਚੇਤੇ ਰੱਖਦਿਆਂ ਸਚਿਆਰੀ ਜੀਵਨ-ਜਾਚ ਜਾਂ ਸ਼ੁੱਭ ਅਮਲਾਂ ਨੂੰ ਯਕੀਨੀ ਬਣਾਇਆ ਜਾਵੇ-ਇਥੋਂ ਹੀ ਸ਼ੁਰੂ ਹੁੰਦਾ ਹੈ **ਸਿੱਖ ਸਮਾਜ ਅਤੇ ਵਿਲੱਖਣ ਸੱਭਿਆਚਾਰ ਦਾ ਪੈਂਡਾ।**

ਧਰਮ, ਦਰਸ਼ਨ, ਸੰਸਕ੍ਰਿਤੀ ਤੇ ਸੱਭਿਆਚਾਰਾਂ ਦੇ ਵਿਸ਼ਵਵਿਆਪੀ ਰੂਪ ਨੂੰ ਪਛਾਣਨ ਵਾਸਤੇ ਅਸਾਨੂੰ ਹਿੰਦੂ, ਯਹੂਦੀ, ਯੂਨਾਨੀ, ਬੋਧੀ, ਈਸਾਈ, ਇਸਲਾਮ, ਸਿੱਖ-ਗੁਰਮਤਿ, ਪੱਛਮੀ ਰਾਜਨੀਤਿਕ ਸੋਚ, ਕਮਿਊਨਿਜ਼ਮ ਅਤੇ ਵਿਗਿਆਨ ਤੇ ਤਕਨਾਲੋਜੀ ਨਾਲ ਸੰਬੰਧਿਤ ਵਿਚਾਰਧਾਰਾਵਾਂ ਦੇ ਮਨੁੱਖੀ-ਸਮਾਜਿਕ ਸਰੋਕਾਰਾਂ ਦੇ ਨਾਲ-ਨਾਲ ਵਿਭਿੰਨ ਜੀਵਨ-ਸ਼ੈਲੀਆਂ ਨੂੰ ਤੁਲਨਾਤਮਕ ਦ੍ਰਿਸ਼ਟੀਕੋਣਾਂ ਤੋਂ ਸਮਝਣਾ ਪਵੇਗਾ। ਹਥਲੇ ਲੇਖ ਵਿਚ ਅਸੀਂ ਕੇਵਲ 'ਇਕਸਾਰਤਾ ਜਾਂ ਇਕਰੂਪਤਾ' ਅਤੇ ਇਕਸੁਰਤਾ ਜਾਂ ਸੁਖਾਵੀਂ-ਸਹਿਹੋਂਦ' ਬਾਰੇ ਹੀ ਗੱਲ ਕਰਨ ਤੱਕ ਸੀਮਿਤ ਰਵ੍ਹਾਂਗੇ।

ਭੁਗੋਲਿਕ, ਇਤਿਹਾਸਕ ਤੇ ਸਮਾਜਿਕ ਨੇੜਤਾ ਦੇ ਨੁਕਤਿਆਂ ਤੋਂ, ਬਿਨਾਂ ਸ਼ੱਕ 'ਸਿੱਖ ਸੱਭਿਆਚਾਰ' ਲਗਭਗ ਪੰਜ-ਛੇ ਹਜ਼ਾਰ ਵਰ੍ਹੇ ਪੁਰਾਣੀ ਸਨਾਤਨ ਧਰਮੀ ਭਾਰਤੀ-ਵਿਰਾਸਤ (ਜਿਸ ਨੂੰ ਸੰਸਾਰ ਦੀ ਸਭ ਤੋਂ ਪੁਰਾਤਨ ਸੱਭਿਅਤਾ ਆਖਿਆ ਜਾ ਸਕਦੈ) ਤੋਂ ਬਹੁਤ ਪ੍ਰਭਾਵਿਤ ਰਿਹੈ। ਪੁਰਾਤਨ ਸਮਿਆਂ ਵਿਚ ਰਿਸ਼ੀਆਂ-ਮੁਨੀਆਂ ਤੇ ਸਨਾਤਨ ਸੰਤ ਮਹਾਤਮਾਵਾਂ ਨੇ ਆਸ਼ਰਮਾਂ, ਟਿਕਾਣਿਆਂ, ਡੇਰਿਆਂ ਤੇ ਮੱਠਾਂ ਰਾਹੀਂ ਪ੍ਰਕਿਰਤਕ ਸ਼ਕਤੀਆਂ ਦੀ ਪੂਜਾ-ਅਰਚਨਾ, ਤੀਰਥ-ਇਸ਼ਨਾਨਾਂ, ਵਰਤਾਂ ਤੇ ਬਹੁਬਿੱਧ-ਯੱਗਾਂ, ਪਵਿੱਤ੍ਰ ਸਮਝੇ ਗਏ ਮੰਤ੍ਰ-ਉਚਾਰਣਾਂ ਤੇ ਅਨੁਸ਼ਠਾਨਾਂ ਦਾ ਪ੍ਰਚਾਰ-ਪਾਸਾਰ ਕੀਤਾ। ਉਸ ਵੇਲੇ ਦੇ ਅਣਵਿਕਸਤ ਸਾਧਨਾਂ ਤੇ ਸੀਮਿਤ-ਸੁਵਿਧਾਵਾਂ ਦੀਆਂ ਦੁਸ਼ਵਾਰੀਆਂ ਦੇ ਬਾਵਜੂਦ ਭਾਰਤੀ-ਬੌਧਿਕਤਾ ਨੇ ਵੇਦਾਂ, ਉਪਨਿਸ਼ਦਾਂ, ਸ਼ਾਸਤ੍ਰਾਂ, ਯੋਗ-ਮੀਮਾਂਸਾ,ਦਵੈਤ-ਅਦਵੈਤਵਾਦੀ ਗ੍ਰੰਥਾਂ ਆਦਿ ਦੀਆਂ ਰਚਨਾਵਾਂ ਦੁਆਰਾ ਵੱਖਰੀਆਂ-ਵੱਖਰੀਆਂ ਸ਼ਾਖਾਵਾਂ ਵਾਲੇ ਤੇ ਪਰਸਪਰ ਵਾਦ-ਵਿਵਾਦ, ਵਿਰੋਧਾਂ ਤੇ ਵਖਰੇਵਿਆਂ ਵਾਲੇ ਸੱਭਿਆਚਾਰ ਦੀ ਚਿਰ-ਸਥਾਈ ਸਥਾਪਤੀ ਕੀਤੀ। ਫਿਰ ਰਾਮਾਇਣ, ਭਗਵਤ ਗੀਤਾ, ਮਨੂੰ ਸਿਮਰਤੀਆਂ, ਕੌਟਲਿਆ ਦਾ ਅਰਥ-ਸ਼ਾਸਤਰ, ਵਾਤਸਾਇਨ ਦਾ ਕਾਮ-ਸ਼ਾਸਤਰ, ਜੋਤਿਸ਼ ਵਿਗਿਆਨ, ਹਿੰਦੂ ਖ਼ਗੋਲ ਸ਼ਾਸਤਰ, ਵਿਗਿਆਨ ਕਲਾ ਤੇ ਵਿੱਦਿਆ ਪ੍ਰਣਾਲੀਆਂ ਹੋਂਦ ਵਿਚ ਆਈਆਂ। ਭਾਰਤੀ ਉਪ-ਮਹਾਂਦੀਪ ਦੀ ਹਿੰਦੂ-ਸੱਭਿਅਤਾ ਦੀਆਂ ਬਹੁ-ਦਿਸ਼ਾਵੀ ਜੜ੍ਹਾਂ ਜਿਉਂ-ਜਿਉਂ ਵਧਦੀਆਂ ਫੈਲਦੀਆਂ ਤੇ ਡੂੰਘੀਆਂਹੁੰਦੀਆਂ ਗਈਆਂ, ਇਸ ਵਿਚਲੇ ਜਾਤ-ਪਾਤੀ ਵਰਣਵੰਡ ਤੇ ਧਰਮ-ਕਰਮਾਂ ਦੇ ਵਖਰੇਵੇਂ-ਵਿਤਕਰੇ ਵੀ ਕਰੂਰ, ਕੱਟੜ, ਅੱਖੜ ਤੇ ਅਟੱਲ ਬਣਦੇ ਗਏ। ਹਿੰਦੂ ਸੱਭਿਆਚਾਰਨੇ, ਵੱਡੇ ਬਹੁਗਿਣਤੀ ਵਾਲੇ ਮਨੁੱਖੀ ਸਮਾਜ ਨੂੰ, ਅ-ਮਾਨਵੀ ਸ਼ੋਸ਼ਣ ਤੇ ਮੂੰਹ-ਜ਼ੋਰ ਤ੍ਰਿਸਕਾਰ ਨੇ ਬੇ-ਦਿਲਾ, ਬੇ-ਹਿੰਮਤੀ, ਅਨਪੜ੍ਹ, ਸਾਹ-ਸਤਹੀਣ, ਪੀੜਿਤ ਤੇ ਦਲਿਤ ਬਣਾ ਦਿੱਤਾ। ਸਮੁੱਚੀ ਨਾਰੀ-ਜਾਤ, ਜਿਸ ਨੂੰ ਕਦੇ ਦੇਵੀਆਂ ਸਮਝ ਕੇ ਪੂਜਿਆ ਜਾਂਦਾ ਸੀ, ਦੇ ਸੰਗ ਸਾਥ ਨੂੰ ਧਰਮੀ ਅਖਵਾਉਂਦੇ ਆਗੂ ਵਿਦਵਾਨਾਂ ਵਲੋਂ ਨਰਕ ਦਾ ਮਾਰਗ ਤੋਂ 'ਪੀੜਨ ਕੇ ਅਧਿਕਾਰੀ' ਘੋਸ਼ਿਤ ਕਰ ਦਿੱਤਾ ਗਿਆ। ਮੱਧਕਾਲ ਤੱਕ ਅੱਪੜਦਿਆਂ ਅੱਪੜਦਿਆਂ ਵਿਸ਼ਵ ਦੇ ਲਗਭਗ ਸਾਰੇ ਧਰਮਾਂ, ਕਬੀਲਿਆਂ, ਸਮਾਜਕ ਵਰਗਾਂ ਤੇ ਸਭਿਅਤਾਵਾਂ ਵਿਚ ਥੋੜ੍ਹੇ-ਬਹੁਤ ਫਰਕਾਂ ਨਾਲ ਇਹੋ ਜਿਹੀ ਅਧੋਗਤੀ 'ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕੋ ਖਾਈ' ਵਾਲਾ ਵਰਤਾਰਾ ਬਣ ਚੁੱਕਾ ਸੀ-ਨਾ ਇਕਸਾਰਤਾ, ਨਾ ਇਕਸੁਰਤਾ।

ਵੈਦਿਕ ਹਿੰਦੂ ਧਰਮ ਦੇ ਲਗਭਗ ਸਮਕਾਲੀ ਸਮੇਂ ਸੰਸਾਰ ਦੇ ਦੂਜੇ ਭੂਖੰਡਾਂ ਵਿਚ ਵੀ, ਛੋਟੇ- ਵੱਡੇ ਜਨ-ਸਮੂਹਾਂ ਦੀਆਂ ਆਪੋ-ਆਪਣੀਆਂ ਬੋਲੀਆਂ, ਮਨੌਤਾਂ, ਰਸਮੋ-ਰਿਵਾਜ, ਟੂਣੇ ਟਾਮਣ ਤੇ ਜੰਤ੍ਰ-ਮੰਤ੍ਰ-ਤੰਤ੍ਰ ਆਦਿਕ, ਭਾਰਤੀ ਤੇਤੀ ਕਰੋੜ ਪੂਜਣਯੋਗ ਦੇਵੀ-ਦੇਵਤਿਆਂ ਵਰਗਾ ਵਰਤਾਰਾ ਹੀ ਪ੍ਰਚੱਲਿਤ ਸੀ। ਮੱਧ-ਏਸ਼ੀਆ ਵਿਚਲੇ ਦੂਜਿਆਂ ਦੇ ਮੁਕਾਬਲੇ ਵਧੇਰੇ ਖੁਸ਼ਹਾਲ ਕਬੀਲਿਆਂ ਦੀ ਵਿਰਾਸਤ ਵਿਚ ਇਬਰਾਹਮ ਇਸਾਕ ਅਤੇ ਜੈਕਿਬ ਵਰਗੇ, ਮੁਖੀਆਂ ਨੇ ਆਪਣੇ ਲੋਕਾਂ ਨੂੰ ਸਭਨਾਂ ਦੇ ਸਿਰਜਣਹਾਰ ਇਕੋ'ਰੱਬ' ਦੀ ਹੋਂਦ ਦਾ ਸਿਧਾਂਤ ਸਮਝਾਇਆ। ਇਹਨਾਂ ਪੈਗੰਬਰੀ ਮਹਾਂਪੁਰਸ਼ਾਂ ਨੇ ਖ਼ੁਦਾਈ ਏਕਤਾ ਦੇ ਸੰਕਲਪ ਤੇ ਸ਼ਖ਼ਸੀਅਤ ਨੂੰ '**ਯਹੋਵਾ**' ਆਖਿਆ ਤੇ ਆਪਣੀ ਵਿਚਾਰਧਾਰਾ ਨੂੰ ਯਹੂਦੀ ਧਰਮ ਦਾ ਨਾਉਂ ਦੇਂਦਿਆਂ ਨਵੇਂ-ਸੱਭਿਆਚਾਰ ਦੀ ਆਰੰਭਣਾ ਕੀਤੀ। 'ਯਹੂਦੀ ਲੋਕ' ਆਪਣੀ ਹਸਤੀ ਨੂੰ ਰੱਬ ਵਲੋਂ ਖ਼ਾਸ ਚੁਣਿਆ ਹੋਇਆ ਮਨੁੱਖੀ-ਵਰਗ ਹੋਣ ਦੀ ਸੋਚਣੀ ਦੇ ਕਾਰਨ, ਸਰਬਗੁਣ-ਸੰਪੰਨਤਾ ਦੇ ਉਦੇਸ਼ ਨਾਲ ਮਾਨਵਤਾ ਦੀ ਸੇਵਾ ਵਿਚ ਤਤਪਰ ਰਹਿਣ ਵਾਲੇ ਸੱਭਿਆਚਾਰ ਦੇ ਮੁਦਈ ਅਖਵਾਉਂਦੇ ਹਨ।

ਯਹੂਦੀ ਧਰਮ ਸੰਸਕ੍ਰਿਤੀ ਤੇ ਸਿੱਖਿਆਵਾਂ ਦਾ ਮੁੱਖ-ਆਧਾਰ 'ਤੋਰ੍ਹਾ' ਗ੍ਰੰਥ ਹੈ, ਜੋ ਪੈਗ਼ੰਬਰ ਮੂਸਾ ਨੂੰ ਮਿਲੀਆਂ ਰੱਬੀ-ਹਦਾਇਤਾਂ ਦਾ ਸੰਗ੍ਰਹਿ ਹੈ। ਉਨ੍ਹਾਂ ਦਾ ਮੰਨਣ ਹੈ ਕਿ ਇਹ ਹਦਾਇਤਾਂ ਪੂਰੀ ਮਨੁੱਖਤਾ

ਲਈ ਹਨ ਅਤੇ ਇਹਨਾਂ ਨੂੰ ਆਮ-ਲੋਕਾਂ ਤੱਕ ਪਹੁੰਚਾਉਣਾ ਉਨ੍ਹਾਂ ਦਾ ਧਰਮ-ਕਰਮ ਹੈ। ਯਹੂਦੀ ਲੋਕ ਆਪਣੀ ਸੂਝ-ਸਿਆਣਪ, ਵਿੱਦਿਅਕ ਯੋਗਤਾ, ਬੇਹਤਰ ਬੌਧਿਕ ਸਮਰੱਥਾ ਆਦਿ ਗੁਣਾਂ ਸਦਕਾ ਦੁਨੀਆਂ ਦੀ ਖੁਸ਼ਹਾਲ- ਅਮੀਰੀ ਦੇ ਮਾਲਕ ਹਨ। ਸੰਸਾਰ ਦੀਆਂ ਦੂਸਰੀਆਂ ਅਣ-ਵਿਕਸਿਤ ਤੇ ਅਰਧ-ਵਿਕਸਿਤ ਕੌਮਾਂ ਨੂੰ ਕਈ ਤਰੀਕਿਆਂ ਨਾਲ ਕੰਟਰੋਲ ਕਰਕੇ ਅਧੀਨ ਕਰਨਾ ਤੇ ਆਪਣੀ ਪ੍ਰਤਿਸ਼ਠਾ ਕਾਇਮ ਕਰਨਾ ਉਨ੍ਹਾਂ ਦਾ ਆਦਰਸ਼ ਹੈ। ਚਹੁੰ-ਤਰਫ਼ੀਂ ਇਸਲਾਮਿਕ ਮੁਲਕਾਂ ਨਾਲ ਘਿਰਿਆ ਹੋਇਆ 'ਇਜ਼ਰਾਈਲ' ਗੁਆਂਢੀਆਂ ਨਾਲ ਲਗਾਤਾਰ ਟਕਰਾਉ ਦੀ ਸਥਿਤੀ ਵਿਚ ਬਣਿਆ ਰਹਿੰਦਾ ਹੈ। ਪਰ ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਉਹ ਸੰਸਾਰ ਦੀ ਸਰਬ ਸ੍ਰੇਸ਼ਠ ਹੋਣੀ ਦੇ ਮਾਲਕ ਬਣਨਗੇ।

ਅਜੋਕੇ ਯੂਰਪ ਦੇ ਇਕ ਹਿੱਸੇ 'ਯੂਨਾਨ' ਵਿਚ ਲਗਭਗ ਢਾਈ ਹਜ਼ਾਰ ਸਾਲ ਪਹਿਲੋਂ ਇਕ ਐਸੀ ਸੱਭਿਅਤਾ ਪੈਦਾ ਹੋਈ ਸੀ ਜਿਸ ਨੇ ਸਥਾਨਕੀ-ਖੇਤਰਾਂ ਤੋਂ ਅਗਾਂਹ ਵਧਦਿਆਂ-ਫੁਲਦਿਆਂ, ਕੇਵਲ ਯੂਰਪ ਹੀ ਨਹੀਂ ਬਲਕਿ ਪੂਰੇ ਵਿਸ਼ਵ ਦੇ ਵਿਭਿੰਨ ਮਾਨਵ-ਸੱਭਿਆਚਾਰਾਂ, ਧਰਮ-ਦਰਸ਼ਨ, ਸਮਾਜਿਕ ਨੈਤਿਕਤਾ, ਬੌਧਿਕ-ਵਿਚਾਰਾਂ ਤੇ ਰਾਜਨੀਤਿਕ ਪ੍ਰਣਾਲੀਆਂ ਨੂੰ ਸਮੁੱਚੇ ਰੂਪ ਵਿਚ ਡੂੰਘਾਈ ਤੱਕ ਪ੍ਰਭਾਵਿਤ ਕਰਦਿਆਂ ਆਪਣੀ ਉੱਚਤਮ ਹਸਤੀ ਦਾ ਪਰਚਮ ਲਹਿਰਾਇਆ। ਯੂਨਾਨੀ ਦਾਰਸ਼ਨਿਕ ਧਰਮ ਨੂੰ 'ਹੈਲਿਨਿਜ਼ਮ' ਨਾਂ ਨਾਲ ਜਾਣਿਆ ਜਾਂਦਾ ਹੈ। ਅਕਲਮੰਦੀ ਦੇ ਕਮਾਲ ਤੇ ਸੁਦ੍ਰਿੜ੍ਹ ਸੈਨਿਕ-ਸ਼ਕਤੀ ਦੇ ਬਲਬੂਤੇ '**ਸਿਕੰਦਰ**' ਮਹਾਨ ਨੇ ਵਿਸ਼ਵ ਦੇ ਵੱਡੇ ਖੇਤਰਾਂ ਨੂੰ ਜਿੱਤ ਕੇ ਯੂਨਾਨੀ ਸੱਭਿਅਤਾ ਦਾ ਬੋਲਬਾਲਾ ਕੀਤਾ ਅਤੇ ਮਗਰਲੇ ਆਗੂਆਂ ਨੇ ਪੂਰੇ ਯੂਰਪ ਨੂੰ ਆਪਣੀ ਬਸਤੀ ਬਣਾ ਲਿਆ ਸੀ। ਰੋਮਨ-ਸਲਤਨਤ ਨੇ ਵੀ ਯੂਨਾਨੀ ਸੱਭਿਆਚਾਰ ਨੂੰ ਨਵੀਆਂ ਬਸਤੀਆਂ ਦਾ ਹਾਣੀ ਬਣਾਇਆ। ਸੁਕਰਾਤ, ਪਲੇਟ ਤੇ ਅਰਸਤੂ ਪ੍ਰਾਚੀਨ ਯੂਨਾਨੀ ਵਿਚਾਰਧਾਰਾ ਦੀਆਂ ਪ੍ਰਬੁੱਧ ਤੇ ਵਿਖਿਆਤ ਸ਼ਖ਼ਸੀਅਤਾਂ ਮੰਨੀਆਂ ਗਈਆਂ ਹਨ। ਇੰਝ ਆਪਣੇ ਆਪ ਨੂੰ ਸ੍ਰੇਸ਼ਠ ਅਖਵਾਉਣ ਵਾਲਿਆਂ ਦਾ ਹਮੇਸ਼ਾ, ਧੌਂਸ ਤੇ ਧਿੰਗੋਜ਼ੋਰੀ ਨਾਲ ਆਪਣੀ ਸਿਰਦਾਰੀ ਦੀ ਕਾਇਮੀ ਹੀ ਆਦਰਸ਼ਕ ਟੀਚਾ ਬਣਿਆ ਰਿਹਾ ਹੈ—ਦੂਸਰੀਆਂ ਕੌਮਾਂ ਨੂੰ ਜੰਗਾਂ-ਯੁੱਧਾਂ ਵਿਚ ਬਰਬਾਦੀ ਦੁਆਰਾ ਅਧੀਨ ਤੇ ਆਪਣੇ ਅਨੁਸਾਰੀ ਕਰਨਾ।

ਅਰਬ ਦੇਸ਼ਦੇ ਰੇਗਿਸਤਾਨੀ ਇਲਾਕੇ, ਜਿਸ ਨੂੰ ਅੱਜ ਅਸੀਂਸਾਊਦੀ-ਅਰਬ ਦੇ ਨਾਂ ਨਾਲ ਜਾਣਦੇ ਹਾਂ, ਦੇ ਬੈਦਊਨੀ ਕਬੀਲੇ ਵਿਚ ਛੇਵੀਂ ਸਦੀ 'ਚ ਜਨਮੇ ਪੈਗ਼ੰਬਰ ਹਜ਼ਰਤ ਮੁਹੰਮਦ ਨੇ ਇਸਲਾਮ ਧਰਮ ਦੀ ਬੁਨਿਆਦ ਰੱਖੀ। ਇਸ ਧਰਮ 'ਪਰ ਅਧਾਰਿਤ ਸੱਭਿਆਚਾਰ ਨੇ ਸੰਸਾਰ ਵਿਚ ਮਨੁੱਖਤਾ ਦੇ ਬਹੁਤ ਵੱਡੇ ਹਿੱਸੇ ਨੂੰ ਆਪਣੇ ਪ੍ਰਭਾਵ/ਅਧਿਕਾਰ ਹੇਠ ਲਿਆਂਦਾ ਅਤੇ ਈਸਾਈਅਤ ਤੋਂ ਪਿੱਛੋਂ ਦੂਜਾ ਵੱਡਾ ਧਰਮ ਹੋਣ ਦੀ ਵਡਿਆਈ ਹਾਸਿਲ ਕੀਤੀ ਹੈ। ਇਤਿਹਾਸ ਦੇ ਉਸ ਮੁਕਾਮ 'ਤੇ ਅਰਬੀ-ਲੋਕ ਵੀ ਅਨਿਕ-ਪ੍ਰਕਾਰੀ ਦੇਵਤਿਆਂ, ਮੂਰਤੀਆਂ ਤੇ ਧਾਰਮਿਕ ਕਰਮਕਾਂਡੀ ਭੰਬਲਭੂਸਿਆਂ ਦੇਪਾਖੰਡਵਾਦ ਵਿਚ ਜਕੜੇ ਪਏ ਸਨ। ਵੱਖ-ਵੱਖ ਕਬੀਲੇ ਆਪਸੀ ਖਾਨਾਜੰਗੀ ਵਿਚ ਸਮਾਂ, ਸਮਰੱਥਾ ਤੇ ਧਨ-ਸੰਪਦਾ ਅਜਾਈਂ ਗੁਆ ਰਹੇ ਸਨ। ਮੁਹੰਮਦ ਸਾਹਿਬ ਕੁਦਰਤ ਵਲੋਂ ਹੀ ਐਸੀਆਂ ਨਿਆਮਤਾਂ ਨਾਲ ਨਿਵਾਜੇ ਗਏ ਮੰਨੇ ਜਾਂਦੇ ਹਨ ਕਿ ਜ਼ਿੰਦਗੀ ਦੇ ਇਕ ਪੜਾਅ 'ਪਰ ਪਹੁੰਚਦਿਆਂ, ਉਨ੍ਹਾਂ ਰੱਬੀਅਤ ਤੇ ਇਨਸਾਨਾਂ ਦਰਮਿਆਨ ਰਿਸ਼ਤਿਆਂ, ਅਸੂਲਾਂ ਤੇ ਦੀਨ-ਈਮਾਨ ਬਾਰੇ ਕੁਝ ਅਜਿਹੇ ਮੂਲੋਂ-ਨਵੇਂ ਖ਼ਿਆਲਾਂ ਦੀ ਪੇਸ਼ਕਾਰੀ ਸ਼ੁਰੂ ਕਰ ਦਿੱਤੀ, ਜਿਹੋ ਜਿਹੀ ਕਿਸੇ ਸਾਧਾਰਣ ਬੰਦੇ ਕੋਲੋਂ ਉਮੀਦ ਨਹੀਂ ਸੀ ਰੱਖੀ ਜਾ ਸਕਦੀ। ਅਜਿਹੇ ਐਲਾਨਨਾਮਿਆਂ ਨੂੰ ਰੱਬੀ-ਇਲਹਾਮ ਆਖਿਆ ਗਿਐ ਅਤੇ ਇਹੋ ਕੁਰਾਨ ਦੀਆਂ ਆਇਤਾਂ ਬਣੀਆਂ। ਇਹਨਾਂ ਅਸੂਲਾਂ ਦੇ ਅਨੁਸਾਰ ਜੀਵਨ-ਜਾਚ ਦੀ ਨਵ-ਘਾੜਤ ਨੂੰ ਇਸਲਾਮ ਕਿਹਾ ਗਿਆ-ਜਿਸ ਦਾ ਮਤਲਬ ਹੈ ਅਮਨ, ਇਕ ਰੱਬ ਦੀ ਲਾਸਾਨੀ ਹਸਤੀ ਉੱਤੇ ਈਮਾਨ ਲਿਆਉਣਾ, ਇਕ ਬੇ-ਮਿਸਾਲ ਇਲਾਹੀ ਹੋਂਦ ਦੇ ਹੁਕਮ-ਰਜ਼ਾ ਅੱਗੇ ਆਮੀਨ ਆਖਦਿਆਂ ਸਿਰ-ਨਿਵਾਉਣਾ ਤੇ ਖੁਦਾਈ ਮਖ਼ਲੂਕਾਤ ਵਿਚ ਅਮਨ-ਸ਼ਾਂਤੀ ਕਾਇਮ ਕਰਨ ਨੂੰ ਆਪਣਾ ਕਰਤੱਵ ਬਨਾਉਣਾ।

ਇਸਲਾਮ ਨੇ ਧਰਮ ਦੀ ਮੂਲ-ਕਿਰਿਆ ਵਜੋਂ 'ਨਮਾਜ਼' ਜਾਂ ਅੱਲਾ-ਤਾਅਲਾ ਅੱਗੇ ਅਰਜ਼ੋਈ ਜਾਂ ਅਰਦਾਸ ਨੂੰ ਕੇਂਦਰੀ ਨੁਕਤਾ ਬਣਾਇਆ ਹੈ। ਉਨ੍ਹਾਂ ਨੇ ਜ਼ਿੰਦਗੀ ਦੇ ਮਜ਼ਹਬੀ ਤੇ ਦੁਨਿਆਵੀ ਮਸਲਿਆਂ ਨੂੰ ਨਾਲੋ-ਨਾਲ ਨਜਿੱਠਣ ਦਾ ਅਸੂਲ ਕਾਇਮ ਕੀਤਾ। ਮੁਹੰਮਦ ਸਾਹਿਬ, ਇਕੋ ਵੇਲੇ ਆਪਣੇ ਪੈਰੋਕਾਰਾਂ ਦੇ ਮਜ਼ਹਬੀ, ਸਮਾਜੀ ਤੇ ਸਿਆਸੀ ਰਹਿਬਰ ਸਨ। ਉਨ੍ਹਾਂ ਆਪਣੇ ਸ਼ਾਗਿਰਦ-ਸਾਥੀਆਂ ਦੇ ਬਲ-ਬੂਤੇ 'ਮੱਕੇ' ਤੇ ਆਸੇ-ਪਾਸੇ ਦੇ ਇਲਾਕਿਆਂ'ਪਰ ਆਪਣੀ ਮਲਕੀਅਤ ਜਾਂ ਹਕੂਮਤ ਸਥਾਪਿਤ ਕਰ ਲਈ। 'ਮੱਕਾ ਤੇ ਮਦੀਨਾ' ਵੱਡੇ ਹੁਕਮਰਾਨੀ-ਮਰਕਜ਼ ਬਣੇ ਜੋ ਅੱਜ ਇਸਲਾਮਿਕ-ਦੁਨੀਆਂ ਦੇ ਪਾਕ-ਪਵਿੱਤਰ ਤੀਰਥ-ਅਸਥਾਨ ਮੰਨੇ ਜਾਂਦੇ ਹਨ। ਇਸਲਾਮਿਕ-ਸੱਭਿਆਚਾਰ ਵਿਚ ਪੰਜ ਨਮਾਜ਼ਾਂ, ਰੋਜ਼ੇ ਰੱਖਣਾ, ਗਰੀਬਾਂ ਦੀ ਮਦਦ ਕਰਕੇ ਪੁੰਨ ਲੈਣਾ, ਸਾਰਿਆਂ ਨੂੰ ਇਕ ਰੱਬ ਦੇ ਬੰਦੇ ਤਸਲੀਮ ਕਰਨਾ, ਸ਼ਰੀਅਤ ਅਨੁਸਾਰ ਅਨੁਸ਼ਾਸਨਬੱਧ ਜ਼ਿੰਦਗੀ ਜਿਉਣ ਤੇ ਦੂਸਰੀਆਂ ਭੁੱਲੀਆਂ-ਭਟਕਦੀਆਂ ਬੁੱਤ-ਪੂਜ ਕੌਮਾਂ ਨੂੰ ਵੀ ਖ਼ੁਦਾਈ-ਵਾਹਦੀਅਤ ਦਾ ਸਬਕ ਸਿਖਾਉਣਾ ਆਦਿ, ਮਹੱਤਵਪੂਰਨ ਸਿਧਾਂਤ ਨਿਸ਼ਚਿਤ ਕੀਤੇ ਗਏ ਹਨ। ਵਕਤ ਗੁਜ਼ਰਦਿਆਂ-ਗੁਜ਼ਰਦਿਆਂ ਸਿਧਾਂਤਾਂ ਦੀ ਵਿਆਖਿਆ ਤੇ ਵਿਵਹਾਰਿਕ ਅਮਲਾਂ ਵਿਚ ਬਿਖਾਦ ਪੈਦਾ ਹੋਣਾ ਸੁਭਾਵਿਕ ਹੀ ਹੈ ਤੇ ਅਜੋਕੀ ਕਤਲੋਗਾਰਤ, ਭਰਾ-ਮਾਰੂ ਖ਼ਾਨਾਜੰਗੀ, ਬੇ-ਰਹਿਮ ਜਹਾਦ ਵਰਗੇ ਹੋਰ ਅਨੇਕਾਂ ਕਠੋਰ ਸ਼ਰਈ-ਫਤਵਿਆਂ ਨੂੰ ਇਸੇ ਪ੍ਰਸੰਗ ਵਿਚ ਵਿਚਾਰਨਾ ਬਣਦੈ।

ਬਦਲਦੇ ਹਾਲਾਤ ਦੇ ਸਨਮੁੱਖ, ਮਨੁੱਖੀ ਸੋਚ, ਇਤਿਹਾਸ ਦੇ ਹਰ ਮੁਕਾਮ 'ਤੇ ਆਪਣੀ ਬੇਹਤਰੀ ਵਾਸਤੇ ਪਰਿਵਰਤਨਸ਼ੀਲ ਰਹੀ ਹੈ। ਯੂਨਾਨੀ-ਸੱਭਿਆਚਾਰ ਦੇ ਨਵ-ਉਭਾਰ, ਵਿਰਾਟ ਰੋਮਨ-ਸਲਤਨਤ ਵਿਚ ਜਦੋਂ ਅਧੋਗਤੀ ਆਉਣੀ ਸ਼ੁਰੂ ਹੋਈ ਤਾਂ ਉਥੋਂ ਦੇ ਹੁਕਮਰਾਨਾਂ ਤੇ ਨਾਗਰਿਕਾਂ ਨੇ ਈਸਾਈਅਤ ਦੇ ਸਿਧਾਂਤਾਂ ਨੂੰ ਅਪਣਾਅ ਲਿਆ। ਈਸਾਈ ਚਰਚ ਤੇ ਰਾਜਕੀ-ਸੰਸਥਾਵਾਂ ਨੇ ਇਕ ਹਜ਼ਾਰ ਸਾਲ ਵਿਚ ਵਿਕਾਸ ਕਰਦਿਆਂ ਕਰਦਿਆਂ ਦੁਨੀਆਂ ਦੀਆਂ ਦੂਸਰੀਆਂ ਆਬਾਦੀਆਂ ਨੂੰ ਵੀ ਹਰ ਖੇਤਰ ਵਿਚ ਪ੍ਰਭਾਵਿਤ ਕੀਤਾ ਅਤੇ ਆਪਣੀਆਂ ਸ਼ਕਤੀਆਂ ਨੂੰ ਬੁਲੰਦੀਆਂ ਤੱਕ ਪਹੁੰਚਾਇਆ। ਪਰ ਜਦੋਂ ਈਸਾਈ-ਚਰਚਾਂ ਤੇ ਸਮਾਜੋ-ਰਾਜਕੀ ਸੰਸਥਾਵਾਂ ਵਿਚ ਸੁਆਰਥੀ, ਆਪ-ਹੁਦਰੀਆਂ, ਅ-ਨੈਤਿਕ ਘਾਟਾਂ ਵਧਣ ਲੱਗੀਆਂ ਤਾਂ ਪੰਦਰਵੀਂ ਸਦੀ 'ਚ ਇਟਲੀ ਵਿਚ '**ਰੈਨੇਸਾਂਸ**' ਦੀ ਵਿਚਾਰਧਾਰਾ ਨੇ ਜਨਮ ਲਿਆ। ਰੈਨੇਸਾਂਸ ਫ਼ਿਲਾਸਫ਼ੀ ਦਾ ਮੋਢੀ ਜਾਂ ਬਾਨੀ '**ਦਾਂਤੇ**', ਈਸਾਈ ਚਰਚ ਦੇ ਵਿਦਵਾਨਾਂ, ਚਰਚ ਤੋਂ ਬਾਗੀ ਹੋਏ ਚਿੰਤਕਾਂ ਤੇ ਤਤਕਾਲੀਨ ਹੁਕਮਰਾਨਾਂ, ਸਾਰਿਆਂ ਦੀ ਮਿੱਤਰਤਾ ਤੇ ਮਕਬੂਲੀਅਤ ਹਾਸਿਲ ਕਰਨ ਵਿਚ ਕਾਮਯਾਬ ਹੋਇਆ।

ਇਕ ਹਜ਼ਾਰ ਈਸਵੀ ਦੇ ਲਾਗੇ-ਤਾਗੇ ਈਸਾਈ ਧਰਮ ਦਾ ਵਪਾਰੀਕਰਨ ਸ਼ੁਰੂ ਹੋ ਗਿਆ ਸੀ। ਧਰਮ-ਸੰਸਥਾ ਵਿਚ ਆ ਚੁੱਕੀਆਂ ਕਮਜ਼ੋਰੀਆਂ, ਬੁਰਿਆਈਆਂ ਤੇ ਫੋਕਟ ਕਰਮਕਾਂਡਾਂ ਤੋਂ, ਈਸਾਈ ਰਾਜ-ਸੱਤਾ ਦੇ ਹੁਕਮਰਾਨ ਵੀ ਚਰਚ ਤੋਂ ਬਾਗੀ ਹੋਣ ਲੱਗੇ। ਯੂਰਪੀ ਜੀਵਨ ਤੇ ਮਾਨਵ-ਸੱਭਿਆਚਾਰ ਵਿਚ ਤਬਦੀਲੀਆਂ ਲਿਆਉਣ ਲਈ ਧਰਮ-ਆਗੂਆਂ, ਸੰਤਾਂ, ਵਿਚਾਰਵਾਨਾਂ, ਵਿਦਵਾਨਾਂ ਤੇ ਰਾਜਨੀਤੀ-ਵਿਸ਼ੇਸ਼ਗ ਸੁਜਾਨ ਵਿਅਕਤੀਆਂ ਨੇ ਭਰਪੂਰ ਯਤਨ ਕੀਤੇ। ਜਰਮਨੀ ਦੀ ਇਕ ਯੂਨੀਵਰਸਿਟੀ ਦੇ ਅਧਿਆਪਕ ਪਾਦਰੀ ਮਾਰਟਿਨ ਲੂਥਰ ਨੇ 1517 ਵਿਚ ਰੋਮਨ-ਪੋਪ ਨੂੰ ਸਿੱਧੇ ਤੌਰ 'ਤੇ ਵੰਗਾਰਦਿਆਂ ਵੱਖਰਾ ਪ੍ਰੋਟੈਸਟੈਂਟ-ਵਰਗ ਬਣਾ ਲਿਆ। ਅੰਤਰ-ਵਿਰੋਧੀ ਟਕਰਾਉ ਦੇ ਚਲਦਿਆਂ 1572 ਵਿਚ

ਕੈਥੋਲਿਕ ਹਜੂਮ ਨੇ ਪੈਰਿਸ ਸ਼ਹਿਰ ਵਿਚ 3000 ਪ੍ਰੋਟੈਸਟੈਂਟ ਪੈਰੋਕਾਰਾਂ ਨੂੰ ਦਿਨ-ਦਿਹਾੜੇ ਕਤਲ ਕਰ ਦਿੱਤਾ।1589 ਵਿਚ ਨਵੇਂ-ਈਸਾਈਆਂ ਵਲੋਂ ਆਪਣੀ ਮਰਜ਼ੀ ਅਨੁਸਾਰ ਸਾਦੇ ਸਰਲ ਢੰਗ ਵਿਚ ਪੂਜਾ-ਪਾਠ ਕਰਨ ਦੀ ਆਜ਼ਾਦੀ ਨੂੰ ਪ੍ਰਵਾਨ ਕਰ ਲਿਆ ਗਿਆ ਤੇ ਉਨ੍ਹਾਂ ਨੇ ਕਈ ਦੇਸ਼ਾਂ ਵਿਚ ਆਪਣੇ ਵੱਖਰੇ ਚਰਚ ਵੀ ਬਣਾ ਲਏ।

ਇਸ ਸਮੇਂ ਪੂਰਬੀ ਭੂ-ਖੰਡ ਦੇ ਭਾਰਤੀ ਉਪ-ਮਹਾਂਦੀਪ ਵਿਚ 1469 'ਚ ਗੁਰੂ ਨਾਨਕ ਦਾ ਆਗਮਨ ਹਿੰਦੂਆਂ ਦੀ ਖੱਤਰੀ ਬਿਰਾਦਰੀ ਨਾਲ ਸੰਬੰਧਿਤ, ਮਹਿਤਾ ਕਲਿਆਣ ਚੰਦ ਦੇ ਘਰ ਹੋਇਆ।ਸਤਿਗੁਰੂ ਜੀ ਨੇ ਮਨੁੱਖੀ ਜੀਵਨ-ਮਿਆਰਾਂ ਵਿਚ ਬਹੁਪੱਖੀ ਤੇ ਬਹੁ-ਦਿਸ਼ਾਵੀ ਵਿਕਾਸ ਦੇ ਰਾਹ ਵਿਚ ਖੜ੍ਹੀਆਂ ਕੀਤੀਆਂ ਜਾ ਰਹੀਆਂ ਦੀਵਾਰਾਂ ਨੂੰ ਢਹਿ-ਢੇਰੀ ਕਰਦਿਆਂ, ਸਾਂਝੀਵਾਲਤਾ ਦੀ ਵਿਚਾਰਧਾਰਾ 'ਪਰ ਆਧਾਰਿਤ ਸਰਬੱਤ ਦੇ ਭਲੇ ਵਾਲੇ ਸੱਭਿਆਚਾਰ ਦੀ ਨੀਂਹ ਰੱਖੀ।ਭੱਟੀ ਰਾਜਪੂਤ ਰਾਇ ਭੋਇ, ਜੋ ਮੁਗ਼ਲਈਆ ਸਲਤਨਤ ਅਧੀਨ ਮੁਸਲਮਾਨ ਬਣਿਆ ਸੀ, ਦਾ ਪੁੱਤਰ ਤੇ ਹੁਕਮਰਾਨ ਰਾਇ ਬੁਲਾਰ, ਸੁਲਤਾਨਪੁਰ ਦਾ ਨਵਾਬ ਦੌਲਤ ਖਾਂ ਅਤੇ ਅਖੌਤੀ ਨੀਵੀਆਂ ਵਿਚੋਂ ਚੋਂਭੜ ਜਾਤੀ ਦਾ ਮਿਰਾਸੀ ਮੀਰ ਬਾਦਰੇ ਦਾ ਪੁੱਤਰ 'ਭਾਈ ਮਰਦਾਨਾ' ਉਨ੍ਹਾਂ ਦੇ ਮੁਢਲੇ ਮਿੱਤਰ ਵੀ ਤੇ ਮੁਰੀਦ ਵੀ ਬਣ ਗਏ। ਉਨ੍ਹਾਂ ਦੀਆਂ ਸੁਹਿਰਦ-ਸਹਿਹੋਂਦ ਵਾਲੀਆਂਸਿੱਖਿਆਵਾਂ ਨੂੰ ਉਤਰਾਧਿਕਾਰੀਆਂ ਤੇ ਗੁਰਸਿੱਖਾਂ ਨੇ ਦੂਰ-ਦੂਰ ਤੱਕ ਆਮ ਲੋਕਾਂ ਵਿਚ ਪ੍ਰਚਾਰਿਆ ਤੇ ਸੰਗਤਾਂ ਸਥਾਪਿਤ ਕੀਤੀਆਂ।

ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਨੇ ਸੰਨ 1604 ਈ. ਵਿਚ ਆਪਣੇ ਵਲੋਂ ਉਚਾਰਨ ਕੀਤੀ ਅਤੇ ਪੂਰਵ-ਵਰਤੀ ਗੁਰੂਆਂ, ਸੰਤਾਂ ਭਗਤਾਂ ਦੀ ਬਾਣੀ ਨੂੰ ਇਕ ਵੱਡ ਆਕਾਰੀ ਗ੍ਰੰਥ, ਜਿਸ ਨੂੰ ਉਦੋਂ 'ਪੋਥੀ ਸਾਹਿਬ' ਆਖਿਆ ਗਿਆ, ਦੇ ਰੂਪ ਵਿਚ ਸੰਕਲਨ ਤੇ ਸੰਪਾਦਿਤ ਕਰਦਿਆਂ 'ਸਿੱਖ ਸੱਭਿਆਚਾਰ' ਨੂੰ ਦਾਰਸ਼ਨਿਕ-ਆਧਾਰ ਪ੍ਰਦਾਨ ਕੀਤਾ।ਇਸ 'ਪੋਥੀ ਸਾਹਿਬ' ਨੂੰ ਰਾਮਦਾਸਪੁਰੇ (ਅੰਮ੍ਰਿਤਸਰ) ਦੇ ਅੰਮ੍ਰਿਤ-ਸਰੋਵਰ ਵਿਚ ਉਸਾਰੇ ਗਏ ਸ੍ਰੀ ਦਰਬਾਰ ਸਾਹਿਬ ਵਿਚ ਸੁਸ਼ੋਭਿਤ ਕੀਤਾ ਗਿਆ।ਉਨ੍ਹਾਂ ਨੇ ਇਸ ਨਗਰ ਨੂੰ 'ਸਿੱਖ ਸਮਾਜ ਤੇ ਸੱਭਿਆਚਾਰ' ਦੇ ਪ੍ਰਚਾਰ ਤੇ ਪਾਸਾਰ ਵਾਸਤੇ ਕੇਂਦਰੀ ਧਰਮ-ਅਸਥਾਨ ਵਜੋਂ, ਨਿਰਮਾਣ ਸੰਪੂਰਨ ਕੀਤਾ।ਇਸ ਅਸਥਾਨ 'ਤੇ ਬਿਨਾਂ ਕਿਸੇ ਧਰਮ ਜਾਂ ਮਜ਼ਬ੍ਹੋ-ਮਿੱਲਤ, ਜਾਤ-ਪਾਤ, ਨਸਲ, ਕਨਬੇ, ਕਬੀਲੇ ਜਾਂ ਵਰਣ ਵੰਡ ਦੇ ਵਿਤਕਰੇ ਤੋਂ, ਹਰ ਕੋਈ ਸ਼ਰਧਾਲੂ ਆ ਕੇ ਦਰਸ਼ਨ, ਇਸ਼ਨਾਨ ਤੇ ਰੂਹਾਨੀ ਸਿੱਖਿਆਵਾਂ ਗ੍ਰਹਿਣ ਕਰ ਸਕਦਾ ਹੈ।ਮਾਨਵੀ ਸਾਂਝ ਤੇ ਬਰਾਬਰਤਾ ਦੇ ਐਸੇ ਵਰਤੋਂ-ਵਿਹਾਰ ਨੂੰ ਅਸੀਂ ਵੱਖ-ਵੱਖ ਵਿਚਾਰਾਂ-ਵਿਸ਼ਵਾਸਾਂ ਵਾਲਿਆਂ ਵਿਚ ਪਰਸਪਰ ਇਕਸੁਰਤਾ, ਸੁਖਾਵੀਂ ਸਹਿਹੋਂਦ ਅਤੇ ਸਰਬੱਤ ਦੇ ਭਲੇ ਨੂੰ ਸਮਰਪਿਤ ਸਿੱਖ-ਸੱਭਿਆਚਾਰ ਨਿਸ਼ਚਿਤ ਕਰਦੇ ਹਾਂ।ਇੰਝ ਜੁਗ-ਗਰਦੀ ਦੀਆਂ ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀਆਂ ਨੂੰ ਮਾਨਵ ਚਿੰਤਨ ਤੇ ਸੱਭਿਆਚਾਰ ਵਿਚ ਕ੍ਰਾਂਤੀਕਾਰੀ-ਕਾਲ ਮੰਨਿਆ ਜਾ ਸਕਦਾ ਹੈ।

ਤਤਕਾਲੀਨ ਸਥਾਨਕ ਧਰਮ, ਦਰਸ਼ਨ, ਸਭਿਅਤਾ, ਸਮਾਜਕ ਬਣਤਰ ਤੇ ਵਿਵਹਾਰ ਵਿਚ ਸੱਚ ਹੱਕ ਨਿਆਂ ਦੇ ਸਰੋਕਾਰਾਂ ਦੇ ਟਕਰਾਉ ਕਾਰਨ ਸੰਨ 1606 ਈ: ਵਿਚ ਗੁਰੂ ਅਰਜਨ ਸਾਹਿਬ ਨੂੰ ਸ਼ਹਾਦਤ ਦੇਂਦਿਆਂ ਅਸਹਿ ਤੇ ਅਕਹਿ ਅਣ-ਮਨੁੱਖੀਤਸੀਹੇ ਸਹਾਰਨੇ ਪਏ। ਛੇਵੇਂ ਪਾਤਸ਼ਾਹ ਨੇ ਰਾਜਸੀ ਧੱਕੇ, ਧੌਂਸ ਤੇ ਧਿੰਗਾਣੀ ਜ਼ੋਰ-ਜ਼ਬਰਦਸਤੀ ਨੂੰ ਹਥਿਆਰਬੰਦ ਪੈਂਤੜਿਆਂ ਰਾਹੀਂ ਧੜੱਲੇ ਨਾਲ ਰੋਕਿਆ। ਉਨ੍ਹਾਂ ਮੌਕੇ ਦੀ ਨਜ਼ਾਕਤ ਨੂੰ ਭਾਂਪਦਿਆਂ ਆਪਣੇ ਪੁਰਖਿਆਂ ਵਲੋਂ ਵਸਾਏ ਤੇ ਵਰੋਸਾਏ ਕੇਂਦਰ ਅਸਥਾਨਾਂ ਤੋਂ ਲਾਂਭੇ ਰਹਿ ਕੇ ਨਾਨਕ- ਵਿਚਾਰਧਾਰਾ ਤੇ ਉਸ 'ਪਰ ਆਧਾਰਿਤ ਮਨੁੱਖੀ ਬਰਾਬਰਤਾ ਤੇ ਅਧਿਆਤਮੋ-ਸਮਾਜਿਕ ਸੁਤੰਤਰਤਾ ਖਾਤਿਰ ਪਰਚਾਰ-ਵਹੀਰਾਂ ਦਾ ਹੜ੍ਹ ਲੈ ਆਂਦਾ।ਨਤੀਜਤਨ ਨੌਂਵੇਂ ਨਾਨਕ ਗੁਰੂ ਤੇਗ ਬਹਾਦਰ ਸਾਹਿਬ ਨੇ, ਉਸ ਧਰਮ ਨਾਲ ਜੁੜੇ ਵਿਦਵਾਨ ਪੰਡਿਤਾਂ ਦੇ ਮਾਨਵੀ-ਅਧਿਕਾਰਾਂ ਦੀ ਰਖਵਾਲੀ ਵਾਸਤੇ ਸ਼ਹੀਦ ਹੋਣਾ ਮਨਜ਼ੂਰ ਕੀਤਾ, ਜਿਸ ਦੇ ਸਿਧਾਂਤਾਂ, ਵਿਸ਼ਵਾਸਾਂ ਤੇ ਕਰਮਕਾਂਡਾਂ ਨੂੰ ਉਹ ਮੂਲੋਂ ਰੱਦ ਕਰਦੇ ਸਨ।ਮਨੁੱਖੀ ਸੱਭਿਆਚਾਰ ਦੇ ਇਤਿਹਾਸ ਵਿਚ ਐਸੀ ਸ਼ਹਾਦਤ ਦੀ ਹੋਰ ਕਿਧਰੇ ਮਿਸਾਲ ਨਹੀਂ ਮਿਲਦੀ। ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਵਿਸਾਖੀ ਵਾਲੇ ਦਿਹਾੜੇ ਸਿੱਖ ਆਚਾਰ-ਵਿਹਾਰ ਤੇ ਸੱਭਿਆਚਾਰ ਨੂੰ ਸਮਰਪਿਤ ਗੁਰੂ ਕਿਆਂ ਸਿੱਖਾਂ ਨੂੰ ਆਦਰਸ਼ਕ-ਖ਼ਾਲਸਾਈ ਅਨੁਸ਼ਾਸਨ ਵਿਚ ਬੰਨ੍ਹ ਕੇ ਵਿਸ਼ਵ-ਚੇਤਨਾ ਨੂੰਮਨੋਵਿਗਿਆਨਕ ਅਧਿਆਤਮੋ-ਸਮਾਜੀ, ਉਦਾਰਤਾ, ਉਧਾਰਤਾ, ਇਕਾਗਰਤਾ ਤੇ ਇਕਸੁਰਤਾ ਵਾਲੇ ਨਵੇਂ-ਨਿਰਾਲੇ ਸੰਕਲਪ ਬਖਸ਼ਿਸ਼ ਕੀਤੇ।ਇਨ੍ਹਾਂ ਸੰਕਲਪਾਂ, ਸਿਧਾਂਤਾਂ ਤੇਉਦੇਸ਼ਾਂ ਨੂੰ ਅਮਲੀ ਤੌਰ 'ਤੇ ਪੂਰਾ ਕਰਦਿਆਂ ਉਨ੍ਹਾਂ ਆਪਣੇ ਜੀਵਨ ਕਾਲ ਦੌਰਾਨ,ਸਰਬੰਸ ਕੁਰਬਾਨ ਕਰਕੇ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ 'ਆਗਾਂਹਾਂ ਕੂ ਤ੍ਰਾਂਘ' ਦਾਸਫ਼ਰ ਜਾਰੀ ਰੱਖਿਆ। ਮਹਾਂ-ਪਿਆਨੇ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ-ਗੱਦੀ 'ਤੇ ਸੁਭਾਇਮਾਨ ਕਰਕੇ ਖ਼ਾਲਸਾ ਪੰਥ ਨੂੰ ਵਿਅਕਤੀਗਤ ਅਗਵਾਈ ਤੋਂ ਨਿਜਾਤ ਦਿਵਾਉਂਦਿਆਂ ਰੱਬੀ ਹੁਕਮ-ਰਜ਼ਾ, ਸ਼ਬਦ-ਬ੍ਰਹਮ ਜਾਂ ਨਾਨਕ-ਵਿਚਾਰਧਾਰਾ ਦੇ ਅਨੁਸਾਰੀਸਰਗਰਮ ਜੀਵਨ-ਅਮਲ ਦਾ ਉਪਦੇਸ਼ ਦਿੱਤਾ।ਉਨ੍ਹਾਂ ਸਿੱਖ-ਸੱਭਿਆਚਾਰ ਨੂੰ ਵਿਸ਼ਵਮੁਖੀ ਸਰਬੱਤ ਦੇ ਭਲੇ ਨੂੰ ਸਮਰਪਿਤ, ਬਲਵਾਨ-ਗਤੀਸ਼ੀਲ ਵਹੀਰ ਬਣਨ ਵਾਸਤੇ ਖ਼ਾਲਸੇ ਨੂੰ ਭਵਿੱਖ ਵਿਚ ਹਮੇਸ਼ਾ ਹਮੇਸ਼ਾ ਲਈ ਆਪਣੇ ਤੇਜ-ਪ੍ਰਤਾਪ ਦੇ ਅੰਗ-ਸੰਗ ਹੋਵਣ ਦਾ ਵਾਇਦਾ-ਵਰਦਾਨ ਬਖ਼ਸ਼ਿਆ:

**ਜਬ ਲਗ ਖ਼ਾਲਸਾ ਰਹੇ ਨਿਆਰਾ॥**
**ਤਬ ਲਗ ਤੇਜ ਦੀਉ ਮੈਂ ਸਾਰਾ॥**
**ਜਬ ਇਹ ਗਹੈ ਬਿਪਰਨ ਕੀ ਰੀਤ॥**
**ਮੈਂ ਨ ਕਰੋਂ ਇਨ ਕੀ ਪ੍ਰਤੀਤ॥**

ਉਪਰੋਕਤ ਸੰਖੇਪ ਵਿਵਰਣ ਤੋਂ ਅਸੀਂ ਭਲੀ ਭਾਂਤ ਵੇਖਦੇ ਹਾਂ ਕਿ ਵਿਸ਼ਵ ਤੇ ਮਨੁੱਖੀ ਸਮਾਜ ਤੇ ਸੱਭਿਆਚਾਰਾਂ ਦੇ ਇਤਿਹਾਸ ਵਿਚ ਬੌਧਿਕ, ਅਨੁਭਵੀ ਤੇ ਵਿਵਹਾਰਿਕ ਲੋੜਾਂ ਦੀ ਪੂਰਤੀ ਵਾਸਤੇ ਗਿਆਨ-ਵਿਗਿਆਨ ਨਿਰੰਤਰ ਵਿਕਸਤ ਹੁੰਦਾ ਰਿਹਾ ਹੈ।ਬਦਲਦੀਆਂ ਪ੍ਰਸਥਿਤੀਆਂ ਦੇ ਸਨਮੁਖ, ਜੁਗਤਾਂ ਵੀ ਰੂਪ ਵਟਾਉਂਦੀਆਂ ਰਹੀਆਂ ਹਨ।ਸਿਧਾਂਤਾਂ ਦੇ ਅਰਥ-ਭਾਵਾਂ ਦੀ ਵਿਆਖਿਆ ਤੇ ਅਮਲਾਂ ਨੇ ਵੀ ਪਰਿਵਰਤਨਸ਼ੀਲ ਭੂਮਿਕਾ ਨਿਭਾਈ ਹੈ।ਯੂਨਾਨ, ਜੋ ਕਿ ਵੱਖਰੇ-ਵੱਖਰੇ ਕਬੀਲਿਆਂ, ਕਸਬਿਆਂ ਦੇ ਆਪੋ-ਆਪਣੇ ਵਿਭਿੰਨ ਸੱਭਿਆਚਾਰਾਂ ਵਾਲਾ ਦੇਸ਼ ਸੀ, ਦਾ 'ਏਥਨਜ਼' ਸ਼ਾਇਦ ਪਹਿਲਾ ਲੋਕਤੰਤਰ ਸੀ ਜਿਸ ਦੇ ਸਾਰੇ ਪੁਰਸ਼-ਨਾਗਰਿਕਾਂ ਨੂੰ ਆਪੋ-ਆਪਣੇ ਨਜ਼ਰੀਏ ਤੋਂ ਰਾਜਸੀ-ਸੱਤਾ ਵਾਸਤੇ ਵੋਟ ਪਾਉਣ ਦਾ ਅਧਿਕਾਰ ਹਾਸਿਲ ਸੀ।ਪਰ ਤੁਸੀਂ ਇਸ ਇਤਿਹਾਸਕ ਸੱਚਾਈ ਬਾਰੇ ਵੀ ਜਾਣਦੇ ਹੀ ਹੋ ਕਿ ਅਰਸਤੂ ਵਰਗੇ ਦਾਰਸ਼ਨਿਕ ਅਧਿਆਪਕ ਤੋਂ ਸਿੱਖਿਆ ਪ੍ਰਾਪਤ, ਸਿਕੰਦਰ ਮਹਾਨ ਨੇ ਸਾਰੇ ਸੰਸਾਰ ਉੱਤੇ ਆਪਣੇ ਇਕ-ਛਤਰ ਰਾਜ ਸਥਾਪਿਤ ਕਰਨ ਵਾਸਤੇ ਗ਼ੈਰ-ਜ਼ਰੂਰੀ ਤੇ ਨਾ-ਹੱਕ, ਦੂਜੀਆਂ ਗਵਾਂਢੀ ਕੌਮਾਂ ਦੀ ਕਿੰਨੀ ਬਰਬਾਦੀ ਕੀਤੀ ਸੀ।

ਯਹੂਦੀ ਲੋਕ ਆਪਣੇ ਜਨਮ ਨੂੰ ਰੱਬ ਦੀ ਖ਼ਾਸ ਬੇਹਤਰੀਨ ਚੋਣ ਅਤੇ ਜੀਵਨ-ਮਨੋਰਥ ਨੂੰ ਕੁਲ ਰੱਬੀ ਖ਼ਲਕਤ ਦੀ ਸੇਵਾ ਵਿਚ ਲਗਾਤਾਰ ਜੁਟੇ ਰਹਿਣਾ ਨਿਸ਼ਚਿਤ ਕਰਦੇ ਹਨ। ਤੁਸੀਂ ਇਹ ਤਾਂ ਆਮ ਸੁਣਦੇ ਆ ਰਹੇ ਹੋ ਕਿ ਸਿਆਣੇ-ਹੁਨਰਮੰਦ ਯਹੂਦੀਆਂ ਨੇ ਦੁਸ਼ਮਣਾਂ ਹੱਥੋਂ ਬਹੁਤ ਅਣ-ਮਨੁੱਖੀ ਤਸੀਹੇ ਝੱਲੇ ਹਨ।ਪਰ ਸਮਾਜਿਕ-ਇਤਿਹਾਸਦੀ ਇਕ ਕੌੜੀ-ਸੱਚਾਈ ਬਾਰੇ ਬਹੁਤ ਘੱਟ ਲੋਕਾਂ ਨੂੰ ਪਤੈ ਕਿ ਸ਼ਾਤਰ 'ਅਕਸ਼ਨਾਜ਼ੀ- ਯਹੂਦੀਆਂ' ਨੇ ਹੀ ਸਹਜ ਮਨੁੱਖੀ ਸੱਭਿਆਚਾਰ ਵਾਸਤੇ ਘਾਤਕ ਬਣ ਰਹੀ 'ਸਰਮਾਏਦਾਰੀ ਦੀ ਵਿਚਾਰਧਾਰਾ' ਦੇ ਸਫਲਤਾਪੂਰਨ ਅਮਲਾਂ ਦੁਆਰਾ ਦੁਨੀਆਂ ਦੇ ਸਮੁੱਚੇ ਆਰਥਿਕ-ਪ੍ਰਬੰਧਾਂ 'ਪਰ ਆਪਣੀ ਇਜਾਰੇਦਾਰੀ ਕਾਇਮ ਕਰਨ ਖਾਤਿਰ ਸੰਨ 1776 ਤੋਂ ਇਲਿਊਮੀਨਾਟੀ ਲਹਿਰ ਚਾਲੂ ਕਰ ਰੱਖੀ ਹੈ।ਸੰਨ 1818 ਦੀ ਮਸ਼ਹੂਰ ਜੰਗ ਵਿਚ ਯਹੂਦੀ ਰੌਥਚਾਈਲਡ ਬੈਂਕਰਾਂ ਨੇ ਬਰਤਾਨਵੀ ਵਲਿੰਗਟਨ ਅਤੇ ਫਰਾਂਸੀਸੀ ਨੈਪੋਲੀਅਨ, ਦੋਹਾਂ ਧਿਰਾਂ ਨੂੰ ਨਿਜੀ

ਸਵਾਰਥਾਂ ਦੀ ਪੂਰਤੀ ਦੇ ਮੰਤਵ ਨਾਲ ਕਰਜ਼ੇ ਦੇ ਰੂਪ ਵਿਚ ਭਾਰੀ ਸਰਮਾਇਆ ਦੇ ਕੇ, ਮਨੁੱਖਤਾ ਨੂੰ ਮੌਤ ਦੇ ਮੂੰਹ 'ਚ ਧੱਕਿਆ ਸੀ। ਕਰਜ਼ੇ ਦੀਆਂਸ਼ਰਤਾਂ ਅਨੁਸਾਰ ਦੋਹਾਂ 'ਚੋਂ ਕੋਈ ਵੀ ਜਿੱਤਣ ਵਾਲਾ, ਹਾਰੀ ਹੋਈ ਧਿਰ ਦਾ ਕਰਜ਼ਾ ਵੀ ਜ਼ਰੂਰ ਉਤਾਰੇਗਾ। ਵਿਰੋਧੀ ਸਰਕਾਰਾਂ ਨੂੰ ਭਿਣਕ ਤੱਕ ਨਾ ਪੈਣ ਦਿੱਤੀ ਗਈ ਕਿ ਦੋਵੇਂ ਪਾਸੇ ਮਨੁੱਖੀ-ਬੱਕਰਿਆਂ ਦੀ ਬਲੀ ਲੈਣ ਵਾਲੇ, ਰੌਥਚਾਈਲਡ ਭਰਾਵਾਂ ਦੇ ਯੂਰਪੀ ਬੈਂਕ ਸਨ-ਜੇ ਰਾਜਸੀ ਨੇਤਾਵਾਂ ਜਾਂ ਜਰਨੈਲਾਂ ਨੂੰ ਅਜਿਹੀ ਜਾਣਕਾਰੀ ਹੁੰਦੀ ਤਾਂ ਜੰਗ ਹੋਣੀ ਹੀ ਨਹੀਂ ਸੀ।

ਈਸਾਈ-ਸੱਭਿਆਚਾਰ ਦੇ ਪ੍ਰਾਚੀਨ, ਮੱਧਯੁਗੀ ਅਤੇ ਵਰਤਮਾਨ ਰੰਗਾਂ-ਢੰਗਾਂ ਨੂੰ ਤੁਲਨਾਤਮਕ ਦ੍ਰਿਸ਼ਟੀ ਤੋਂ ਵਿਚਾਰਦਿਆਂ ਵੇਖਿਆ ਜਾ ਸਕਦਾ ਹੈ ਕਿ ਇਹ ਲੋਕ ਆਪਣੇ ਮੁੱਢਲੇ ਮਾਨਵ-ਹਿਤੂ, ਸੇਵਾ-ਸਿਮਰਨ ਤੇ ਸ਼ਾਂਤਮਈ ਸੁਭਾਉ ਦੇ ਉਲਟ, ਬੇਹੱਦ ਜੰਗਜੂ, ਖੂੰਖਾਰ ਦਰਿੰਦੇ ਤੇ ਸਮੂਹਿਕ ਬਰਬਾਦੀ ਕਰਨ ਵਾਲੇ ਐਟਮੀ-ਹਥਿਆਰਾਂ ਨਾਲ ਦੂਜੀਆਂ ਕੌਮਾਂ ਦਾ ਸਰਵਨਾਸ਼ ਕਰਨ ਦੀਆਂ ਤਿਆਰੀਆਂ ਕਰੀ ਬੈਠੇ ਹਨ। ਈਸਾਈਅਤ ਦਾ ਇਹ ਵਿਕ੍ਰਿਤ ਰੂਪ, ਯੂਰਪੀ-ਏਸ਼ੀਆਈ ਦੇਸ਼ਾਂ ਵਿਚ ਵੱਡੀਆਂ ਜੰਗਾਂ ਅਤੇ ਪੂਰੇ ਸੰਸਾਰ ਦੇ ਮਨੁੱਖੀ-ਸਮਾਜ ਵਾਸਤੇ ਬਹੁਪੱਖੀ ਸਮੱਸਿਆਵਾਂ ਖੜ੍ਹੀਆਂ ਕਰਨ ਲਈ ਜ਼ਿੰਮੇਵਾਰ ਆਖਿਆ ਜਾ ਸਕਦਾ ਹੈ। ਦੂਸਰਾ ਵੱਡਾ ਕੱਟੜ-ਧਰਮੀ ਇਸਲਾਮਿਕ-ਸੱਭਿਆਚਾਰ ਉਪਰੋਕਤ ਅਤੇ ਮੌਜੂਦਾ ਸਮੇਂ 'ਚ ਕੀਤੀਆਂ ਜਾ ਰਹੀਆਂ ਧਿੰਗੋਜ਼ੋਰੀਆਂ ਦੇ ਵਿਰੋਧ ਵਿਚ ਹਥਿਆਰਬੰਦ ਮੁਕਾਬਲੇਬਾਜ਼ੀ ਰਾਹੀਂ ਅਣ-ਮਨੁੱਖੀ ਤੇ ਗੈਰ-ਇਸਲਾਮਿਕ ਏਜੰਡੇ ਨੂੰ ਇੰਟਰਨੈਸ਼ਨਲ ਪੱਧਰ 'ਤੇ ਪਹੁੰਚਾਉਣ ਵਿਚ ਜੁਟਿਐ ਹੋਇਐ। ਉਹ ਕੁਲ ਲੋਕਾਈ ਨੂੰ ਆਪਣੇ ਦ੍ਰਿਸ਼ਟੀਕੋਣਾਂ ਤੇ ਆਪੂੰ-ਘੜੇ ਮਿਆਰਾਂ ਅਨੁਸਾਰ ਇਕਰੂਪਤਾ ਤੇ ਇਕਸਾਰਤਾ ਦੀ ਸ਼ਰੀਅਤ ਵਿਚ ਬੰਨ੍ਹਣਾ ਚਾਹੁੰਦੇ ਨੇ। ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਭੱਟੀ ਰਾਜਪੂਤ ਰਾਇ ਭੋਇ ਨੂੰ ਆਪਣੀ ਹਸਤੀ ਸਲਾਮਤ ਰੱਖਣ ਵਾਸਤੇ ਧਰਮ ਪਰਿਵਰਤਨ ਕਰਦਿਆਂ ਮੁਸਲਮਾਨ ਬਣਨਾ ਪਿਆ ਸੀ। ਵੱਖ-ਵੱਖ ਧਾਰਮਿਕ ਵਿਸ਼ਵਾਸਾਂ ਵਾਲੀ, ਸੁਖੀ ਵਸਦੀ ਭਾਰਤ ਦੀ ਸਾਧਾਰਣ ਜਨਤਾ ਵੀ ਇਸਲਾਮ ਕਬੂਲਣ ਲਈ ਮਜਬੂਰ ਕਰ ਦਿੱਤੀ ਗਈ ਸੀ। ਹਮਲਾਵਰ ਜ਼ੋਰਾਵਰਾਂ ਨੇ ਖ਼ੁਦਾ ਦੇ ਨਾਂ 'ਤੇ ਦੂਜੇ ਸਾਰੇ ਧਰਮਾਂ ਵਾਲਿਆਂ ਨੂੰ ਕਾਫ਼ਿਰ ਐਲਾਨਦਿਆਂ (ਜਿਵੇਂ ਕਿ ਹਿੰਦੂ ਸਨਾਤਨੀ ਵਿਚਾਰਧਾਰਾ ਉਨ੍ਹਾਂ ਨੂੰ 'ਮਲੇਛ' ਕਹਿੰਦੀ ਸੀ) ਕਤਲ ਕਰ ਦੇਣ ਦੇ ਹੁਕਮਨਾਮੇ ਜਾਰੀ ਕਰ ਦਿੱਤੇ।

ਅਜਿਹੇ ਧਰਮਾਂ ਦੇ ਅਲੰਬਰਦਾਰਾਂ ਨੂੰ ਰਾਮ-ਰਹੀਮ ਜਾ ਖੁਦਾਵੰਦ-ਕਰੀਮ ਵਲੋਂ,ਸ਼ੈਤਾਨੀਅਤ ਦੀਆਂ ਹੱਦਾਂ ਪਾਰ ਕਰਨ ਦੇ ਇਵਜ਼ ਵਿਚ, ਸੱਚੇ ਰੱਬ ਵਲੋਂ ਦਰੁਸਤ-ਫ਼ੁਰਮਾਨ ਦੀ ਉਡੀਕ ਜਲਦੀ ਮੁੱਕਣ ਵਾਲੀ ਹੈ... ਮਖਲੂਕਾਤ ਦੀ ਐਸੀ ਆਸ-ਉਮੀਦ ਨਾਲ ਹੀ ਸਾਡੀ ਧਰਤੀ 'ਪਰ ਜ਼ਿੰਦਗੀ ਕਾਇਮ ਹੈ।

**ਸਿੱਖ ਸਮਾਜ ਤੇ ਸੱਭਿਆਚਾਰ, ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥** ਅਤੇ **ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥** ਦੇ ਬੁਨਿਆਦੀ ਅਕੀਦਿਆਂ 'ਪਰ ਆਧਾਰਿਤ, ਸੰਪੂਰਨ ਵਿਸ਼ਵ 'ਚ ਵਸਦੀ ਮਨੁੱਖਤਾ ਨੂੰ **ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥** ਵਾਲਾ ਪ੍ਰੇਮ-ਸਨੇਹੜਾ ਦੇਂਦਾ ਹੈ। ਧਰਮੋ- ਸਮਾਜਿਕ ਤੇ ਰਾਜਕੀ ਵਿਰੋਧਾਂ ਦੇ ਵਾਤਾਵਰਣ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਨੇ ਸਿੱਖ ਸੱਭਿਆਚਾਰ ਦੀ ਪ੍ਰਫੁੱਲਤਾ ਵਾਸਤੇ ਉਸਾਰੇ ਗਏ ਕੇਂਦਰੀ-ਅਸਥਾਨ ਸ੍ਰੀ ਦਰਬਾਰ ਸਾਹਿਬ ਦੀ ਨੀਂਹ, ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ। ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਹਥਿਆਰਬੰਦ ਫੌਜਾਂ ਵਿਚ, ਮੁਸਲਮਾਨਾਂ ਦੀ ਵੀ ਸ਼ਮੂਲੀਅਤ ਸੀ। ਨੌਵੇਂ ਨਾਨਕ ਗੁਰੂ ਤੇਗ ਬਹਾਦਰ ਜੀ ਨੇ ਸਰਬ ਸਾਂਝੇ ਮਾਨਵੀ-ਅਧਿਕਾਰਾਂ ਦੀ ਰਾਖੀ ਵਾਸਤੇ, ਔਰੰਗਜ਼ੇਬੀ ਜ਼ੋਰ-ਜਬਰ ਵਿਰੁੱਧ ਡਟ ਕੇ 'ਤਿਲਕ ਜੰਞੂ' ਵਾਲਿਆਂ ਦਾ ਧਰਮ ਬਚਾਉਣ ਖਾਤਿਰ 'ਸੀਸ ਦੀਆ ਪਰ ਸਿਰੜ ਨਾ ਦੀਆ' ਵਾਲਾ ਵਿਲੱਖਣ ਸਾਕਾ ਵਰਤਾਇਆ ਜਿਸ ਦੀ ਮਿਸਾਲ ਦੁਨੀਆਂ ਦੇ ਕਿਸੇ ਵੀ ਸਮਾਜਿਕ-ਸੱਭਿਆਚਾਰ ਵਿਚ ਨਹੀਂ ਮਿਲਦੀ। ਮੁਗ਼ਲ-ਹਕੂਮਤ ਦੇ ਖ਼ਿਲਾਫ਼ ਗੁਰ-ਇਤਿਹਾਸ ਦੀਆਂ ਜੰਗਾਂ-ਯੁੱਧਾਂ ਵਿਚ ਹਕੀਕਤ ਦੇ ਜਾਣਕਾਰ ਤੇ ਇਨਸਾਫ਼-ਪਸੰਦ ਮੁਸਲਮਾਨ ਪਰਿਵਾਰਾਂ ਦੀ ਸਾਹਸੀ-ਹਮਾਇਤ ਤੇ ਸਰਗਰਮ ਸ਼ਿਰਕਤ 'ਸਿੱਖ ਸੱਭਿਆਚਾਰ' ਵਿਚਲੀ ਸੁਹਿਰਦਤਾ ਭਰਪੂਰ ਮਨੁੱਖੀ ਸਾਂਝ, ਸਾਡੀ ਵਿਰਾਸਤ ਦਾ ਗੌਰਵ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਵਿਚ ਵੀ ਮੁਸਲਮਾਨੀ ਅਕੀਦਿਆਂ ਵਾਲੇ, ਧਾਰਮਿਕ ਸ਼ਰ੍ਹਾ ਦੀ ਆਜ਼ਾਦੀ ਮਾਣਦਿਆਂ ਸੱਚ-ਹੱਕ ਦੇ ਸੰਘਰਸ਼ ਵਿਚ ਬਰਾਬਰ ਦੇ ਭਾਈਵਾਲ ਸਨ; ਕਿਸੇ ਵੀ ਮਸਜਿਦ, ਮੰਦਿਰ ਜਾਂ ਪੀਰ-ਫ਼ਕੀਰ ਦੀ ਮਜ਼ਾਰ ਨੂੰ ਨੁਕਸਾਨ ਨਹੀਂ ਪਹੁੰਚਾਇਆ ਗਿਆ ਸੀ। ਇਸੇ ਤਰ੍ਹਾਂ ਉਨ੍ਹੀਵੀਂ ਸਦੀ ਦੇ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ-ਰਾਜ ਵਿਚ ਹਿੰਦੂ, ਮੁਸਲਮਾਨ, ਈਸਾਈਆਂ, ਫਰਾਂਸੀਸੀਆਂ ਤੇ ਹੋਰ ਵਿਦੇਸ਼ੀ ਸੱਭਿਆਚਾਰਾਂ ਵਾਲੇ ਲੋਕਾਂ ਦਾ, ਪ੍ਰਸ਼ਾਸਨਿਕ ਤੇ ਪ੍ਰਬੰਧਕ ਅਹੁਦੇਦਾਰੀਆਂ ਵਿਚ ਬਿਨਾਂ ਕਿਸੇ ਵਿਤਕਰੇ ਜਾਂ ਭਿੰਨ-ਭੇਦ ਦੇ ਭਾਈਵਾਲ ਹੋਣਾ ਆਦਿਕ ਸਿੱਖ-ਸੱਭਿਆਚਾਰ ਦੀਆਂ ਖ਼ਾਸੀਅਤਾਂ, ਆਉਣ ਵਾਲੇ ਸਮਿਆਂ ਵਿਚ ਵੀ ਇਤਿਹਾਸਕ ਰੋਲ ਨਿਭਾਉਂਦੀਆਂ ਰਹਿਣਗੀਆਂ। ਜਿਹਨਾਂ ਵੀ ਸੱਭਿਆਚਾਰਾਂ ਨੇ ਆਪਣਾ ਅਧਿਕਾਰ-ਖੇਤਰ ਵਧਾਉਣ ਅਤੇ ਦੁਨੀਆਂ ਦੀਆਂ ਦੂਜੀਆਂ ਕੌਮਾਂ ਨੂੰ ਆਪਣੇ ਅਨੁਰੂਪ ਜਾਂ ਇਕਸਾਰ ਬਨਾਉਣ ਹਿਤ ਜ਼ਿੱਦੀ ਜ਼ੋਰ-ਅਜ਼ਮਾਇਸ਼ਾਂ ਕੀਤੀਆਂ ਹਨ, ਉਹ ਸਫ਼ਲ ਨਹੀਂ ਹੋਏ। ਨਾ ਹੀ ਐਸੀਆਂ ਕੋਸ਼ਿਸ਼ਾਂ ਭਵਿੱਖ ਵਿਚ ਕਾਮਯਾਬ ਹੋਣਗੀਆਂ ਕਿਉਂਕਿ ਪਰਮ ਪਿਤਾਪਰਮਾਤਮਾ ਨੇ ਸੰਪੂਰਨ ਸ੍ਰਿਸ਼ਟੀਨੂੰ **ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ (6)** ਦੇ ਪ੍ਰਕਿਰਤਕ-ਨਿਯਮਾਂ ਅਨੁਸਾਰ ਸਿਰਜਿਆ ਹੈ। ਸੂਖਮ ਵਿਚਾਰਾਂ ਜਾਂ ਅਨੁਭਵਾਂ ਨੂੰ ਜੇ ਸੰਵਾਦ ਵਾਸਤੇ ਛੱਡ ਦੇਈਏ ਤਾਂ ਸਥੂਲ-ਜੈਵਿਕਤਾ ਵੀ ਏਕੋ ਮੂਲ-ਸ੍ਰੋਤ ਤੋਂ ਵਿਕਸਿਤ ਹੋਣ ਦੇ ਬਾਵਜੂਦ, ਸੰਸਾਰ ਵਿਚ ਕੁਝ ਵੀ ਇਕਰੂਪ ਨਹੀਂ, ਇਕਸਾਰ ਨਹੀਂ, ਜਿਵੇਂ ਕਿ ਹਰ ਇਕ ਮਨੁੱਖ ਦੇ ਉਂਗਲੀਆਂ ਦੇ ਨਿਸ਼ਾਨਾਂ ਦਾ ਭਿੰਨ-ਭਿੰਨ ਹੋਣਾ ਤਸਦੀਕ ਕੀਤਾ ਜਾ ਚੁੱਕਿਆ ਹੈ। ਗੁਰਮਤਿ ਆਧਾਰਿਤ 'ਸਿੱਖ ਸੱਭਿਆਚਾਰ' ਦੇ ਅਮਲ ਵਿਚ ਕੋਈ ਕਾਫ਼ਿਰ ਨਹੀਂ ਤੇ ਕੋਈ ਮਲੇਛ ਨਹੀਂ, ਇਹ ਸਮਸਤ ਵਿਕਸਤ ਧਰਮਾਂ ਤੇ ਮੱਤ-ਮਤਾਂਤਰਾਂ ਵਾਲਿਆਂ ਵਿਚ ਸਹਿਜ-ਸੁਚੱਜੀ ਇਕਸੁਰਤਾ ਦਾ ਹਾਮੀ ਹੈ, ਪਰਉਪਕਾਰੀ-ਸੁਹਿਰਦਤਾ ਤੇ ਸੱਚ ਹੱਕ ਨਿਆਂਪੂਰਣ ਸੁਖਾਵੀਂ-ਸਹਿਹੋਂਦ ਦਾ ਹਾਮੀ ਹੈ, ਪ੍ਰਕਿਰਤਕ-ਵਾਤਾਵਰਣ ਨਾਲ ਇਕਸੁਰਤਾ ਦਾ ਮੁਦਈ ਹੈ ਅਤੇ ਪ੍ਰਭੂ-ਪਰਮਾਤਮਾ ਪ੍ਰਤੀ ਮਨ ਬਚਨ ਕਰਮ ਦੁਆਰਾ ਪ੍ਰੇਮ, ਸ਼ਰਧਾ, ਸਬਰ ਤੇ ਸੰਤੋਖੀ ਭਾਵਨਾਤਮਕ ਇਕਸੁਰਤਾ ਦਾ ਅਨੁਯਾਈ ਹੈ।

ਇੰਜ ਤੁਲਨਾਤਮਿਕ ਪੱਖੋਂ ਸਿੱਖ ਸਮਾਜ ਤੇ ਸੱਭਿਆਚਾਰ ਨੇ ਨਿਸ਼ਚਿਤ ਰੂਪ ਵਿਚ ਨਵੀਆਂ ਪਿਰਤਾਂ ਪਾਈਆਂ ਹਨ। ਮਨੁੱਖੀ ਸਾਂਝੀਵਾਲਤਾ ਵਾਸਤੇ ਨਿਰੋਈਆਂ ਦਿਸ਼ਾਵਾਂ ਦਰਸਾਈਆਂ ਹਨ ਅਤੇ ਵਿਸ਼ਵ-ਵਿਆਪੀ ਸੁਹਿਰਦ-ਸਹਿਹੋਂਦ ਦੇ ਨਵੇਂ ਦਿਸਹੱਦਿਆਂ ਵੱਲ ਅਗਾਹਾਂ-ਕੂ-ਤ੍ਰਾਂਘਦੇ ਰਾਹਾਂ ਨੂੰ ਰੁਸ਼ਨਾਇਆ ਹੈ। ਸਿੱਖ-ਸੱਭਿਆਚਾਰ ਦੇ ਅਮਿਤੋਜ ਸੂਰਜ ਦੀਆਂ **ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥ ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥** ਅਤੇ **ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥** ਵਰਗੀਆਂ ਸਰਬੱਤ ਦਾ ਭਲਾ ਮੰਗਦੀਆਂ ਕਿਰਣਾਂ, ਮਨੁੱਖਤਾ ਦੀ ਸੰਭਾਵੀ ਸ੍ਰੇਸ਼ਠਤਮ ਹੋਣੀਆਂ ਲਈ ਰਾਹ-ਦਸੇਰੇ ਦੀ ਭੂਮਿਕਾ ਨਿਭਾਉਣ ਖਾਤਿਰ ਸਾਡੀ ਜਾਗਰੂਕਤਾ, ਪ੍ਰਤੀਬੱਧਤਾ ਤੇ ਤਤਪਰਤਾ ਨੂੰ ਉਡੀਕ ਰਹੀਆਂ ਹਨ... ਸਤਿਗੁਰੂ ਮੇਹਰ ਕਰਨ।

-0-

# ੴ ਦਾ ਸਿਧਾਂਤ

ਮੰਗਤ ਸਿੰਘ ਰਾਹੀ # 98882-91607

ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ੴ "ਇਕ ਓਅੰਕਾਰ" ਨਾਲ ਹੁੰਦੀ ਹੈ। ਇਹ ਏਕਤਾ ਦਾ ਸੁੰਦਰ ਸੰਦੇਸ਼ ਹੈ। ਇਹ ਸਿਖਾਉਂਦਾ ਹੈ ਕਿ ਹਰ ਇਕ ਦੇ ਅੰਦਰ ਇਕੋ ਜਿਹਾ ਰੱਬ ਵਸਦਾ ਹੈ, ਸਾਡੇ ਸਾਰਿਆਂ ਅੰਦਰ ਇਕ ਹੀ ਸ਼ਕਤੀ ਸੰਚਾਰ ਕਰ ਰਹੀ ਹੈ ਤੇ ਅਸੀ ਸਾਰੇ ਆਪਸ ਵਿਚ ਜੁੜੇ ਹੋਏ ਹਾਂ।

ਗੁਰਬਾਣੀ ਰੱਬੀ ਗਿਆਨ ਦਾ ਸਾਗਰ ਹੈ। ਇਹ ਧਾਰਮਿਕ ਪੂਜਾ ਪਾਠ ਲਈ ਨਹੀਂ, ਸਗੋਂ ਪੜ-ਵਿਚਾਰ ਕੇ ਆਪਣੇ ਜੀਵਨ ਨੂੰ ਬਦਲਣ ਲਈ ਹੈ।

ੴ ਦੇ ਸ਼ਾਬਦਿਕ ਅਰਥ ਹਨ- ਪਰਮਾਤਮਾ ਇਕ ਹੈ। ਇਕ ਪਰਮਾਤਮਾ ਹੀ ਸਾਰਿਆਂ ਵਿਚ ਇਕ ਸਾਰ, ਇਕ ਰਸ ਵਿਆਪਕ ਹੈ। ਅਕਾਲ ਪੁਰਖ ਇਕ ਹੈ, ਇਕ ਰਸ ਵਿਆਪਕ ਹੈ। ਹੁਣ ਇਸ ਨੂੰ ਜਿਤਨੀ ਵਾਰੀ ਮਰਜੀ ਕਹੀ ਜਾਓ ਕਿ ਅਕਾਲ ਪੁਰਖ ਇਕ ਹੈ, ਇਕ ਰਸ ਵਿਆਪਕ ਹੈ, ਪਰ ਇਸ ਦਾ ਕੋਈ ਲਾਭ ਨਹੀਂ ਹੋ ਸਕਦਾ, ਨਾ ਹੀ ਕਿਸੇ ਦਾ ਕੋਈ ਭਲਾ ਹੀ ਹੋ ਸਕਦਾ ਹੈ, ਜਦ ਤਕ ਕਿ ਅਸੀਂ ਇਸ ਨੂੰ ਆਪਣੇ ਅਮਲੀ ਜੀਵਨ ਵਿਚ ਨਹੀਂ ਧਾਰਨ ਕਰਦੇ।

ਅਕਾਲ ਪੁਰਖ ਇਕ ਹੈ ਤਾਂ ਸਾਨੂੰ ਵੀ ਅੰਦਰੋ ਬਾਹਰੋਂ ਇਕ ਹੋਣਾ ਚਾਹੀਦਾ ਹੈ। ਜੇ ਅਸੀਂ ਆਪਣੇ ਸੁਭਾਅ ਕਰਕੇ ਵੀ ਇਕ ਹੋ ਗਏ ਤਾਂ ਇਕ ਰਸ ਹੋ ਸਕਦੇ ਹਾਂ ਪਰ ਇਸ ਨੂੰ ਜੀਵਨ ਵਿਚ ਕਿਤਨਾ ਲਿਆਂਦੇ ਹਾਂ? ਜੀਵਨ ਵਿਚ ਕੋਈ ਵੀ ਕੰਮ ਅਸੀਂ ਕਰੀਏ, ਸਾਡਾ ਕਾਰੋਬਾਰ ਕੋਈ ਵੀ ਹੋਵੇ ਜੇਕਰ ਅਸੀਂ ਇਕਾਗਰ ਚਿਤ ਹੋ ਕੇ ਉਸਨੂੰ ਨਹੀਂ ਕਰਦੇ ਤਾਂ ਤਰੱਕੀ ਨਹੀਂ ਕਰ ਸਕਦੇ।_ਨੌਨਿ ਸਿ ਸ਼ਟਰਏਨਗਟਹ ਕਹਾਣੀ ਅਸੀਂ ਬਚਪਨ ਵਿਚ ਪੜਦੇ ਆ ਰਹੇ ਹਾਂ। ਰੱਬ ਇਕ ਹੈ, ਇਸ ਇਕ ਵਾਲਾ ਗੁਣ ਅਸੀ ਵੀ ਆਪਣੇ ਅੰਦਰ ਲਿਆਈਏ ਤੇ ਅੰਦਰੋਂ ਬਾਹਰੋਂ ਇਕ ਹੋ ਜਾਈਏ। ਬਾਹਰੋਂ ਤਾਂ ਅਸੀਂ ਗੁਰੂ ਸਾਹਿਬ ਜੀ ਨੂੰ ਮੱਥਾ ਟੇਕ ਰਹੇ ਹਾਂ ਪਰ ਅੰਦਰੋਂ ਸਾਡੀ ਸੋਚ ਕਿਧਰੇ ਹੋਰ ਹੀ ਹੈ। ਜੇ ਦਾਣਾ ਇਕ ਹੈ ਤਾਂ ਉਹ ਉਗ ਪਏਗਾ, ਪਰ ਜੇ ਉਹ ਦੋ ਫਾੜ ਹੈ ਤਾਂ ਕਦੇ ਵੀ ਨਹੀਂ ਉਗ ਸਕਦਾ। ਬੀਜ ਉਗਦਾ ਹੀ ਤਾਂ ਹੈ ਜੇ ਬੀਜ ਸਾਬਤ ਹੋਵੇ ਅਰਥਾਤ ਅੰਦਰੋਂ ਬਾਹਰੋਂ ਇਕ ਹੋਵੇ।

**ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥ (468)**

ਇਸੇ ਤਰਾ ਰੱਬ ਦਾ ਨਾਮ ਅੰਕੁਰ ਭੀ ਤਾਂ ਹੀ ਫੁਟਦਾ ਹੈ ਜੇ ਮਨ ਸਾਬਤ ਹੋਵੇ।

**ਜਿਨ- ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥ (488)**

ਜਿਨਾਂ ਦੇ ਮਨ ਵਿਚ ਹੋਰ ਹੈ ਤੇ ਮੂੰਹੋਂ ਕੁਝ ਹੋਰ ਆਖਦੇ ਹਨ ਉਹ ਕੱਚੇ ਆਖੇ ਜਾਂਦੇ ਹਨ। (ਫਰੀਦ ਜੀ)

**ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ॥**
**ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ॥ (788)**

ਕੀੜੀ ਤੋਂ ਲੈ ਕੇ ਹਾਥੀ ਤੇ ਮਨੁੱਖ ਤਕ ਤੁਰਨ ਵਾਲੇ ਦੇ ਨਾਲ ਤੁਰਨ ਵਾਲਾ ਸਾਥ ਕਰਦਾ ਹੈ ਤੇ ਉਡਣ ਵਾਲੇ ਭਾਵ ਪੰਛੀ ਨਾਲ ਉਡਣ ਵਾਲਾ। ਜ਼ਿੰਦਾ ਦਿਲ ਮਨੁੱਖ ਨੂੰ ਜ਼ਿੰਦਾ ਦਿਲ ਮਨੁੱਖ ਆ ਮਿਲਦਾ ਹੈ ਤੇ ਮੁਰਦਾ ਦਿਲ ਨੂੰ ਮੁਰਦਾ-ਦਿਲ ਭਾਵ ਹਰੇਕ ਜੀਵ ਆਪੋ ਆਪਣੇ ਸਭਾਵ ਵਾਲੇ ਨਾਲ ਹੀ ਸੰਗ ਕਰਨਾ ਪਸੰਦ ਕਰਦਾ ਹੈ ।

ਸੋ ਜੇ ਅਕਾਲ ਪੁਰਖ ਇਕ ਹੈ ਤਾਂ ਸਾਨੂੰ ਵੀ ਉਸ ਵਰਗਾ ਹੋਣਾ ਪਏਗਾ ਜੇ ਉਸ ਨਾਲ ਮੇਲ ਕਰਨਾ ਹੈ ਤਾਂ। ਅਕਾਲ ਪੁਰਖ ਇਕ ਹੈ ਤੇ ਅਸੀਂ ਵੀ ਇਸ ਗੁਣ ਨੂੰ ਜੀਵਨ ਵਿਚ ਅਪਨਾਈਏ।

ੴ ਪ੍ਰਭੂ ਇਕ ਹੈ, ਰੱਬ ਇਕ ਹੈ, ਅਕਾਲ ਪੁਰਖ ਇਹੈ, ਸਾਰਿਆਂ ਵਿਚ ਹੈ, ਜਿਸ ਦਿਨ ਇਹ ਸਮਝ ਆ ਜਾਏਗੀ, ਕਣ ਕਣ ਵਿਚ ਰੱਬ ਦੇ ਦਰਸ਼ਨ ਹੋ ਜਾਣਗੇ। ਰੱਬ ਇਕ ਹੈ ਤਾਂ ਉਸਦਾ ਸੰਸਾਰ ਵੀ ਇਕ ਹੈ। ਰੱਬ ਦੇ ਟੁਕੜੇ ਨਹੀਂ ਹੋ ਸਕਦੇ।

ਰੱਬ ਦੇ ਸੰਸਾਰ ਦੇ ਟੁਕੜੇ ਵੀ ਨਹੀ ਹੋ ਸਕਦੇ। ਅਸੀਂ ਕਾਗਜ਼ ਦੇ ਉਪਰ ਲਕੀਰਾਂ ਖਿੱਚ ਕੇ ਦੇਸ਼ ਬਣਾ ਲਏ ਨਕਸ਼ਿਆਂ ਦੇ ਉਪਰ। ਜਿਸ ਦਿਨ ੴ ਦੀ ਸਮਝ ਦੁਨੀਆਂ ਨੂੰ ਆ ਜਾਏਗੀ ਉਸ ਦਿਨ ਧਰਤੀ ਤੇ ਦੇਸ਼ਾਂ ਦੀਆਂ ਹੱਦਾਂ ਮਿਟ ਜਾਣਗੀਆਂ। ਉਸ ਦਿਨ ਇਸ ਧਰਤੀ ਤੇ ਵੱਖਰੇ ਵੱਖਰੇ ਦੇਸ਼ ਨਹੀਂ ਹੋਣਗੇ। ਸਾਰਾ ਸੰਸਾਰ ਇਕ ਸਾਂਝਾ ਦੇਸ਼ ਹੋਏਗਾ। ਇਕੋ ਹੀ ਦੇਸ਼ ਹੋਏਗਾ, ਇਕੋ ਹੀ ਉਸਦੀ ਰਾਜਧਾਨੀ ਹੋਏਗੀ। ਪਾਸਪੋਰਟ, ਕ੍ਰਰਸੀ ਸਿਸਟਮ ਖਤਮ ਹੋ ਜਾਏਗਾ। ਦੂਜੇ ਦੇਸ਼ ਤੇ ਹਮਲਾ ਕਰਨ ਵਾਸਤੇ ਜੇਹੜੇ ਮਾਰੂ ਹਥਿਆਰ ਤਿਆਰ ਕੀਤੇ ਜਾਂਦੇ ਨੇ, ਟੈਂਕ, ਮਿਜ਼ਾਈਲ, ਰਾਕੇਟ, ਪਰਮਾਣੂ ਬੰਬ, ਉਹ ਜਿਹੜਾ 70% ਧਨ ਮਾਰੂ ਹਥਿਆਰਾਂ ਤੇ ਖਰਚਿਆ ਜਾਂਦਾ ਏ, ਜਦ ਦੂਜਾ ਦੇਸ਼ ਹੀ ਨਹੀਂ, ਪੂਰੀ ਧਰਤੀ ਹੀ ਇਕ ਦੇਸ਼ ਹੈ ਤਾਂ ਫਿਰ ਉਹ 70% ਧਨ ਜੇਹੜਾ ਹੈ ਉਹ ਮਨੁੱਖਤਾ ਦੇ ਵਿਕਾਰ ਲਈ ਖਰਚਿਆ ਜਾਏਗਾ। ਜੇਹੜੇ ਲੋਕ ਆਪਣੀਆਂ ਨੌਜਵਾਨ ਨੂੰਹਾਂ ਧੀਆਂ ਨੂੰ ਲੈ ਕੇ ਪੁਲਾਂ ਥਲੇ ਜ਼ਿੰਦਗੀ ਗੁਜਾਰ ਰਹੇ ਨੇ, ਉਨ੍ਹਾਂ ਨੂੰ ਘਰ ਮਿਲ ਜਾਣਗੇ। ਬਚਿਆਂ ਨੂੰ ਸਕੂਲ-ਕਾਲਜ ਮਿਲ ਜਾਣਗੇ। ਬੇਰੁਜਗਾਰਾਂ ਲਈ ਫੈਕਟਰੀਆਂ ਮਿਲਾਂ ਮਿਲ ਜਾਣਗੀਆਂ। ਬੀਮਾਰਾਂ ਲਈ ਹਸਪਤਾਲ ਖੜੇ ਹੋ ਜਾਣਗੇ। ਪੂਰੀ ਮਨੁੱਖਤਾ ਦਾ ਵਿਕਾਸ ਹੋਏਗਾ।

ਜਿਸ ਦਿਨ ੴ ਦਾ ਸਿਧਾਂਤ ਅਸੀਂ ਦੁਨੀਆਂ ਨੂੰ ਦੇ ਦਿਆਂਗੇ ਕਿ ਰੱਬ ਇਕ ਹੈ ਤੇ ਸਾਰਿਆਂ ਵਿਚ ਹੈ ਤਾਂ ਸਾਰੀ ਮਨੁਖਤਾ ਵਿਚ ਇਕ ਰੱਬ ਨਜ਼ਰ ਆਏਗਾ। ਇਹ ਗੁਣ ਐਸਾ ਹੈ ਕਿ ਜੇ ਪਤੀ ਆਪਣੀ ਪਤਨੀ ਚੋਂ ਰੱਬ ਵੇਖਣ ਲਗ ਜਾਏ ਤਾਂ ਆਪਣੀ ਪਤਨੀ ਨੂੰ ਛਡ ਕੇ ਬਾਹਰ ਮੂੰਹ ਮਾਰਨ ਨਹੀਂ ਜਾਏਗਾ। ਉਹ ਆਪਣੀ ਪਤਨੀ ਚੋਂ ਰੱਬ ਦੇਖੇਗਾ। ਉਸ ਦੇ ਪ੍ਰਤੀ ਈਮਾਨਦਾਰ ਰਹੇਗਾ। ਜੇ ਪਤਨੀ ਪਤੀ ਚੋਂ ਰੱਬ ਦੇਖਣ ਲਗ ਜਾਏ ਤਾਂ ਉਹ ਆਪਣੇ ਪਤੀ ਨੂੰ ਛਡ ਕੇ ਕਿਤੇ ਬਾਹਰ ਨਹੀਂ ਭਟਕਦੀ ਫਿਰੇਗੀ। ਆਪਣੇ ਪਤੀ ਚੋਂ ਰੱਬ ਦੇਖ ਕੇ ਉਸਨੂੰ ਮਾਨਤਾ ਦੇਵੇਗੀ, ਸੇਵਾ ਕਰੇਗੀ।

ਮਾਤਾ-ਪਿਤਾ ਬੱਚਿਆਂ ਚੋਂ ਰਬ ਵੇਖਣ ਲਗ ਜਾਣ ਤਾਂ ਫਿਰ ਬੱਚਿਆਂ ਨੂੰ ਝੂਠ ਬੋਲਣਾ ਨਹੀਂ ਸਿਖਾਣਗੇ। ਉਨ੍ਹਾਂ ਚੋਂ ਰੱਬ ਦੇਖ ਕੇ ਉਹਨਾਂ ਨੂੰ ਸੱਚ ਬੋਲਣਾ ਸਿਖਾਣਗੇ। ਉਨਾਂ ਦਾ ਸਹੀ ਪਾਲਣ ਪੋਸ਼ਣ ਕਰਣਗੇ। ਬੱਚੇ ਮਾਂ ਪਿਓ ਚੋਂ ਰੱਬ ਵੇਖਣ ਲਗ ਜਾਣ ਤਾਂ ਬੁਢਾਪੇ ਵਿਚ ਮਾਂ ਪਿਓ ਨੂੰ ਠੋਕਰਾਂ ਖਾਣ ਲਈ ਛੱਡ ਕੇ ਨਹੀਂ ਜਾਣਗੇ। ਉਨ੍ਹਾਂ ਚੋਂ ਰੱਬ ਦੇਖ ਕੇ ਉਨ੍ਹਾਂ ਦੀ ਸੇਵਾ ਕਰਣਗੇ। ਸੱਸ ਨੂੰਹ ਚੋਂ ਰੱਬ ਦੇਖਣ ਲਗ ਜਾਏ ਤਾਂ ਉਹ ਨੂੰਹ ਦੇ ਸਿਰ ਵਿਚ ਤੇਲ ਪਾ ਕੇ ਜ਼ਿੰਦਾ ਨਹੀਂ ਸਾੜੇਗੀ। ਉਸ ਵਿਚ ਰੱਬ ਦੇਖ ਕੇ ਧੀ ਸਮਝ ਕੇ ਸੇਵਾ ਕਰੇਗੀ। ਨੂੰਹ ਜੇ ਸੱਸ ਚੋਂ ਰੱਬ ਦੇਖਣ ਲਗ ਜਾਏ, ਉਹ ਸੱਸ ਦੀ ਗੁਤ ਫੜ ਕੇ ਘਰੋਂ ਬਾਹਰ ਨਹੀਂ ਕਢੇਗੀ, ਉਹਦੇ ਵਿਚੋਂ ਰੱਬ ਦੇਖ ਕੇ ਮਾਂ ਸਮਝ ਕੇ ਉਸਦੀ ਸੇਵਾ ਕਰੇਗਾ। ਮਾਲਕ ਨੌਕਰ ਚੋਂ ਰੱਬ ਦੇਖਣ ਲਗ ਜਾਏ ਤਾਂ ਨੌਕਰ ਨੂੰ ਪੂਰੀ ਤਨਖਾਹ ਦੇਣੀ ਪਏਗੀ। ਉਹਦਾ ਹੱਕ ਨਹੀਂ ਮਾਰ ਸਕੇਗਾ। ਨੌਕਰ ਮਾਲਕ ਚੋਂ ਰੱਬ ਦੇਖਣ ਲਗ ਜਾਏ, ਉਹਨੂੰ ਪੂਰੀ ਈਮਾਨਦਾਰੀ ਨਾਲ ਆਪਣਾ ਕੰਮ ਕਰਣਾ ਪਏਗਾ। ਆਪਣੇ ਮਾਲਕ ਨੂੰ ਧੋਖਾ ਨਹੀਂ ਦੇ ਸਕੇਗਾ।

ੴ ਦਾ ਸਿਧਾਂਤ ਪੂਰੀ ਦੁਨੀਆਂ ਨੂੰ ਬਦਲ ਸਕਦਾ ਹੈ। ਜਿਸ ਦਿਨ ਇਹ ਸਮਝ ਆ ਜਾਏਗੀ ਕਿ ਰੱਬ ਇਕ ਹੈ, ਸਭ ਵਿਚ, ਸਾਰਿਆਂ ਵਿਚ, ਮੇਰੇ ਵਿਚ ਤੁਹਾਡੇ ਵਿਚ ਸਾਰਿਆਂ ਵਿਚ ਹੈ ਤਾਂ ਦੂਜਿਆਂ ਨਾਲ ਅਸੀਂ ਰਬ ਵਰਗਾ ਵਿਵਹਾਰ ਕਰਾਂਗੇ। ਜਿਸ ਦਿਨ ਇਹ ਗੁਣ ੴ ਦਾ ਸਾਡੇ ਵਿਚ ਆ ਜਾਏਗਾ, ਪੂਰੀ ਦੁਨੀਆਂ ਵਿਚ ਸੁਖ, ਆਨੰਦ ਤੇ ਸ਼ਾਂਤੀ ਫੈਲ ਜਾਏਗੀ। ਪੂਰੇ ਵਿਸ਼ਵ ਦੇ ਵਿਚ ਇਕ "ਹਰਿ ਕਾ ਬਾਗਰਾ" ਇਕ "ਬੇਗਮਪੁਰਾ" ਰੂਪ ਸੰਸਾਰ ਬਣ ਜਾਏਗਾ। ੴ ਦਾ ਸਿਧਾਂਤ ਅਜੇ ਅਸੀ ਆਪਣੇ ਬਚਿਆਂ ਨੂੰ ਨਹੀਂ ਦੇ ਸਕੇ, ਦੁਨੀਆਂ ਨੂੰ ਕਿਵੇਂ ਦੇਵਾਂਗੇ? ਲੋੜ ਹੈ ਇਸ ਸਿਧਾਂਤ ਨੂੰ ਆਪਣੇ ਘਰਾਂ ਵਿਚ ਲਾਗੂ ਕਰਨ ਦੀ ਤੇ ਸੰਸਾਰ ਵਿਚ ਪਹੁੰਚਾਣ ਦੀ। -0-

# ਸ਼ੇਰਿ ਪੰਜਾਬ
# ਮਹਾਰਾਜਾ ਰਣਜੀਤ ਸਿੰਘ
# ਦਾ ਜਨਮ



**ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**

2 ਨਵੰਬਰ, ਸੰਨ 1780 ਈ:(ਸੰਮਤ 1837) ਦਾ ਸੁਭਾਗਾ ਦਿਨ ਆਪਣੇ ਆਪ ਵਿਚ ਇਕ ਐਸੀ ਵਡਿਆਈ ਰੱਖਦਾ ਹੈ ਜਿਸ ਕਰਕੇ ਇਹ ਸੰਸਾਰ ਦੇ ਇਤਿਹਾਸ ਵਿਚ ਕਦੇ ਨਾ ਭੁੱਲਣ ਵਾਲਾ ਦਿਨ ਬਣ ਗਿਆ ਹੈ। ਇਹ ਉਹੀ ਦਿਨ ਹੈ ਜਿਸ ਦਿਨ ਖ਼ਾਲਸਾ ਪੰਥ ਦੀ ਮਾਨਯੋਗ ਹਸਤੀ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸਰਦਾਰ ਮਹਾਂ ਸਿੰਘ ਦੇ ਘਰ ਸਰਦਾਰਨੀ ਰਾਜ ਕੌਰ ਦੀ ਕੁਖੋਂ ਗੁਜਰਾਂਵਾਲੇ ਹੋਇਆ।

ਸਰਦਾਰਮਹਾਂ ਸਿੰਘ ਨੇ ਇਸ ਸਮੇਂ ਭਾਰੀਆਂ ਖ਼ੁਸ਼ੀਆਂ ਮਨਾਈਆਂ, ਹਜ਼ਾਰਾਂ ਰੁਪਏ ਧਰਮ ਕਾਰਜਾਂ ਲਈ ਅਧਿਕਾਰੀਆਂ ਨੂੰ ਵੰਡੇ ਗਏ। ਗੁਰੂ ਆਸ਼ੇ ਅਨੁਸਾਰ ਬੱਚੇ ਦਾ ਨਾਂ 'ਰਣਜੀਤ ਸਿੰਘ' ਰੱਖਿਆ ਗਿਆ।

ਰਣਜੀਤ ਸਿੰਘ ਦੇ ਜਨਮਿਆਂ ਅਜੇ ਵਧੇਰਾ ਸਮਾਂ ਨਹੀਂ ਸੀ ਬੀਤਿਆ ਕਿ ਇਸ ਨੂੰ ਸੀਤਲਾ ਨਿਕਲ ਪਈ ਤੇ ਐਸਾ ਬੀਮਾਰ ਹੋਇਆ ਕਿ ਇਸ ਦੇ ਬਚਣ ਦੀ ਕੁਝ ਭੀ ਆਸ ਨਾ ਰਹੀ, ਛੇਕੜ ਕੁਝ ਦਿਨਾਂ ਉਪਰੰਤ ਬੀਮਾਰੀ ਆਪਣੇ ਆਪ ਹੀ ਮੋੜਾ ਖਾ ਗਈ, ਪਰ ਇਸ ਰੋਗ ਨਾਲ ਉਸ ਦੀ ਖੱਬੀ ਅੱਖ ਦੀ ਨਜ਼ਰ ਜਾਂਦੀ ਰਹੀ। ਇਸ ਸਮੇਂ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਆਈ ਕਿ ਕਿਸੇ ਦਿਨ ਇਹੀ ਸੀਤਲਾ ਦਾ ਮਾਰਿਆ ਮੁੰਡਾ ਪੰਜ ਦਰਿਆਵਾਂ ਦੀ ਧਰਤੀ ਦਾ ਮਹਾਰਾਜਾ ਹੋਊ ਅਤੇ 'ਸ਼ੇਰਿ ਪੰਜਾਬ' ਦੇ ਨਾਂ ਨਾਲ ਪ੍ਰਸਿੱਧ ਹੋਵੇਗਾ।

ਹੁਣ ਸਰਦਾਰ ਮਹਾਂ ਸਿੰਘ ਜੀ ਦੀ ਫੌਜੀ ਸ਼ਕਤੀ ਬਹੁਤ ਵੱਧ ਗਈ ਸੀ, ਉਸ ਨੇ ਇਸ ਤੋਂ ਲਾਭ ਉਠਾਉਣ ਲਈ ਪਿੰਡੀ ਭਟੀਆ ਸਾਹੀਵਾਲ, ਈਸਾ ਖੇਲ ਆਦਿ ਇਲਾਕੇ ਪਰ ਧਾਵਾ ਬੋਲ ਦਿੱਤਾ ਤੇ ਬਹੁਤ ਸਾਰਾ ਰੁਪਿਆ ਨਜ਼ਰਾਨਾ ਲੈ ਕੇ ਪਰਤਿਆ। ਇਸਦੇ ਕੁਝ ਦਿਨਾਂ ਬਾਅਦ ਕੋਟਲੀ ਸਿਆਲਕੋਟ ਤੇ ਜਾ ਕੇ ਹੱਲਾ ਕੀਤਾ ਤੇ ਇਥੋਂ ਬਹੁਤ ਸਾਰੇ ਹਥਿਆਰ ਆਪਣੇ ਅਧਿਕਾਰ ਵਿਚ ਕਰ ਲਏ। ਇਹ ਕੋਟਲੀ ਹਥਿਆਰਾਂ ਲਈ ਉਸ ਸਮੇਂ ਸਾਰੇ ਪੰਜਾਬ ਵਿਚ ਪ੍ਰਸਿੱਧ ਸੀ। ਇਥੋਂ ਵਿਹਲੇ ਹੋ ਕੇ ਮਹਾਂ ਸਿੰਘ ਨੇ ਬ੍ਰਿਜ ਰਾਜ ਵਾਲੀਏ ਜੰਮੂ ਨੂੰ ਆਪਣਾ ਪੁਰਾਣਾ ਵਾਇਦਾ ਚੇਤੇ ਕਰਵਾਇਆ, ਜਿਸ ਦਾ ਬਚਨ ਇਸ ਨੇ ਮਹਾਂ ਸਿੰਘ ਦੇ ਪਿਤਾ ਸਰਦਾਰ ਚੜ੍ਹਤ ਸਿੰਘ ਨਾਲ ਕੀਤਾ ਸੀ ਤੇ ਜਿਸ ਵਿਚ ਉਸ ਨੂੰ

**ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਲਿਖਣ ਤੋਂ ਪਹਿਲਾਂ ਇਥੇ ਇਹ ਗੱਲ ਲਿਖਣੀ ਜ਼ਰੂਰੀ ਪ੍ਰਤੀਤ ਹੁੰਦੀ ਹੈ ਕਿ ਪੰਜਾਬ ਦੀ ਉਸ ਸਮੇਂ ਦੀ ਦਸ਼ਾ ਪਰ ਇਕ ਨਜ਼ਰ ਫੇਰੀ ਜਾਏ ਤਾਂ ਜੋ ਪੁਸਤਕ ਦਾ ਹਰ ਇਕ ਪੱਖ ਚੰਗੀ ਤਰ੍ਹਾਂ ਪਾਠਕਾਂ ਦੀ ਸਮਝ ਵਿਚ ਆ ਸਕੇ। ਪੰਜਾਬ ਦਾ ਬਹੁਤ ਸਾਰਾ ਭਾਗ ਸਿੱਖਾਂ ਦੀਆਂ ਬਾਰਾਂ ਮਿਸਲਾਂ ਦੇ ਅਧੀਨ ਸੀ, ਇਸ ਦੀ ਰਾਜਧਾਨੀ ਲਾਹੌਰ; ਤਿੰਨ ਸਿੱਖ ਸਰਦਾਰਾਂ- ਲੈਹਣਾ ਸਿੰਘ, ਗੁਜਰ ਸਿੰਘ ਤੇ ਸੂਬਾ ਸਿੰਘ ਭੰਗੀਆਂ ਨੇ ਸਾਂਭੀ ਹੋਈ ਸੀ। ਉਪਰੋਂ ਸੰਨ 1795 ਵਿਚ ਸ਼ਾਹ ਜ਼ਮਾਨ ਦੁਰਾਨੀ ਨੇ ਪੰਜਾਬ ਪਰ ਧਾਵਾ ਕੀਤਾ, ਜਿਸ ਦੇ ਕਾਰਣ ਦੇਸ਼ ਵਿਚ ਵਧੇਰੀ ਹਲਚਲ ਮਚ ਗਈ। ਇਸਦੇ ਆਉਣ ਦੇ ਕਾਰਨ ਮਾਰਗ ਦੇ ਲਾਗੇ ਚਾਗੇ ਵਸਦੇ ਸਿੱਖ ਤਾਂ ਮੈਦਾਨ ਤੋਂ ਜੰਗਲ ਦਿਆਂ ਮੋਰਚਿਆਂ ਵਿਚ ਇਸ ਭਾਵਨਾ ਨਾਲ ਜਾ ਡਟੇ ਕਿ ਜਦ ਦੁਰਾਨੀ ਲਸ਼ਕਰ ਇਧਰ ਵਧੇ ਤਾਂ ਇਨ੍ਹਾਂ ਮੋਰਚਿਆਂ ਵਿਚੋਂ ਐਸੀਆਂ ਵਾੜਾਂ ਝਾੜੀਆਂ ਜਾਣ ਕਿ ਕੋਈ ਵੈਰੀ ਵੀ ਨਿਸ਼ਾਨੇ ਤੋਂ ਨਾ ਬਚ ਸਕੇ।**

ਆਪਣੀ ਜਾਨ ਵਾਰਨੀ ਪਈ ਸੀ। ਹੁਣ ਬ੍ਰਿਜ ਲਾਲ ਦਾ ਕਾਰਜ ਸਿੱਧ ਹੋ ਗਿਆ ਸੀ, ਉਹ ਕਦ ਖੰਭਾਂ ਪਰ ਪਾਣੀ ਪੈਣ ਦਿੰਦਾ ਸੀ, ਉਸ ਨਾਂਹ ਨੁੱਕਰ ਕੀਤੀ ਇਧਰੋਂ ਝੱਟ ਸਰਦਾਰ ਮਹਾਂ ਸਿੰਘ ਜੰਮੂ ਤੇ ਜਾ ਪਿਆ ਤੇ ਹਥੋਂ ਹੱਥੀਂ ਸ਼ਹਿਰ ਲੈ ਲਿਆ, ਅਤੇ ਖੁੱਲ੍ਹੇ ਦਿਲ ਨਾਲ ਇਸ ਨੂੰ ਸੋਧਿਆ। ਵਿਚਾਰੇ ਬ੍ਰਿਜ ਰਾਜ ਨੇ ਮਹਾਂ ਸਿੰਘ ਦਾ ਟਾਕਰਾ ਕੀ ਕਰਨਾ ਸੀ ਉਹ ਤਾਂ ਖ਼ਾਲਸਾ ਦਲ ਦੇ ਆਉਣ ਤੋਂ ਪਹਿਲਾਂ ਹੀ ਜਾਨ ਬਚਾ ਕੇ ਤ੍ਰਿਕੋਟਾ ਦੇਵੀ ਦੇ ਪਹਾੜਾਂ ਵਿਚ ਜਾ ਛੁਪਿਆ ਸੀ। ਇਥੋਂ ਪਰਤ ਕੇ ਮਹਾਂ ਸਿੰਘ ਦੀਵਾਲੀ ਦੇ ਮੇਲੇ ਪਰ ਸ੍ਰੀ ਅੰਮ੍ਰਿਤਸਰ ਜੀ ਇਸ਼ਨਾਨ ਲਈ ਆਇਆ, ਇਸ ਸਮੇਂ ਇਸ ਨੇ ਸ੍ਰੀ ਦਰਬਾਰ ਸਾਹਿਬ ਜੀ ਦੇ ਟਹਿਲੇ ਲਈ ਬਹੁਤ ਗੱਫਾ ਅਰਦਾਸ ਕਰਵਾਇਆ।

ਇਸ ਸਮੇਂ ਨਿਯਮ ਅਨੁਸਾਰ ਇਥੇ ਸਾਰ ਵੱਡੇ ਵੱਡੇ ਸਰਦਾਰ ਇਕੱਠੇ ਹੋਏ ਸਨ। ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਮਹਾਂ ਸਿੰਘ ਨੂੰ ਦੱਸਿਆ ਕਿ ਜੈ ਸਿੰਘ ਘਨਈਆ ਨੇ ਮੇਰਾ ਇਲਾਕਾ ਦਬਾ ਲਿਆ ਹੈ, ਆਪ ਮੇਰੇ ਨਾਲ ਮਿਲ ਕੇ ਮੇਰਾ ਹੱਕ ਮੈਨੂੰ ਦਿਵਾ ਦਿਓ। ਮਹਾਂ ਸਿੰਘ ਚਾਹੁੰਦਾ ਸੀ ਕਿ ਜਿਵੇਂ ਹੋ ਸਕੇ ਇਨ੍ਹਾਂ ਦਾ ਘਰ ਵਿਚ ਫੈਸਲਾ ਕਰਵਾ ਦੇਵੇ, ਪਰ ਓਧਰ ਜੈ ਸਿੰਘ ਨੂੰ ਕਿਸੇ ਪਹਿਲੇ ਹੀ ਭੜਕਾ ਦਿੱਤਾ ਸੀ ਕਿ ਮਹਾਂ ਸਿੰਘ ਰਾਮਗੜ੍ਹੀਆ ਨਾਲ ਮਿਲ ਕੇ ਤੇਰੇ ਵਿਰੁੱਧ ਗੋਂਦਾ ਗੁੰਦ ਰਿਹਾ ਹੈ, ਇਸ ਭੁਲੇਖੇ ਵਿਚ ਜਦ ਜੈ ਸਿੰਘ ਨੂੰ ਮਿਲਣ ਗਿਆ ਤੇ ਉਹ ਅੱਗੋਂ ਬੜੀ ਵਿਪ੍ਰੀਤੀ ਨਾਲ ਮਿਲਿਆ ਅਤੇ ਗੱਲ ਇਥੋਂ ਤੱਕ ਵਧੀ ਕਿ ਖੁਲ੍ਹ-ਮ-ਖੁੱਲ੍ਹਾ ਦੋਹਾਂ ਜਥਿਆਂ ਵਿਚ ਵਟਾਲੇ ਦੇ ਲਾਗੇ ਅਚਲ ਦੇ ਮੈਦਾਨ ਵਿਚ ਟਾਕਰਾ ਹੋ ਪਿਆ, ਜਿਸ ਵਿਚ ਸਰਦਾਰ ਜੈ ਸਿੰਘ ਦਾ ਬਹਾਦਰ ਪੁੱਤਰ ਗੁਰਬਖਸ਼ ਸਿੰਘ ਮਾਰਿਆ ਗਿਆ। ਇਸ ਦੇ ਮਰ ਜਾਣ ਨਾਲ ਫੌਜ ਵੀ ਖਿੰਡ ਗਈ ਤੇ ਮੈਦਾਨ ਮਹਾਂ ਸਿੰਘ ਦੇ ਹੱਥ ਰਿਹਾ। ਜੈ ਸਿੰਘ ਨੇ ਨੁਸ਼ਿਹਰੇ ਦੇ ਲਾਗੇ ਫੇਰ ਇਕ ਝਪਟ ਇਨ੍ਹਾਂ ਨਾਲ ਕੀਤੀ, ਪਰ ਉਥੇ ਵੀ ਉਸ ਨੂੰ ਪਿੱਛੇ ਹਟਣਾ ਪਿਆ, ਇਸ ਤਰ੍ਹਾਂ ਮਹਾਂਸਿੰਘ ਨੇ ਰਾਮਗੜ੍ਹੀਆਂ ਦਾ ਇਲਾਕਾ ਉਹਨਾਂ ਨੂੰ ਦਿਵਾ ਦਿੱਤਾ।

ਗੁਰਬਖਸ਼ ਸਿੰਘ ਦੀ ਸੁਪਤਨੀ ਸਰਦਾਰਨੀ ਸਦਾ ਕੌਰ ਜਿਸ ਤਰ੍ਹਾਂ ਇਸਤਰੀ ਜਾਤੀ ਵਿਚ ਬਹਾਦਰ ਤੇ ਉਘੀ ਬਲਵਾਨ ਸੂਰਮਾ ਇਸਤਰੀ ਹੋ ਬੀਤੀ ਹੈ, ਇਸੇ ਤਰ੍ਹਾਂ ਇਹ ਰਾਜ-ਪ੍ਰਬੰਧ ਲਈ ਵੀ

ਸਿੱਖ ਇਤਿਹਾਸ ਵਿਚ ਉਚੇਰੀ ਥਾਂ ਰੱਖਦੀ ਹੈ। ਸਰਦਾਰਨੀ ਨੇ ਜਦ ਸਰਦਾਰ ਮਹਾਂ ਸਿੰਘ ਦੀ ਦਿਨੋ ਦਿਨ ਵੱਧ ਰਹੀ ਸ਼ਕਤੀ ਨੂੰ ਗੌਰ ਦੀ ਨਜ਼ਰ ਨਾਲ ਜਾਂਚਿਆ,ਇਸ ਨੇ ਮਨ ਵਿਚ ਠਾਣ ਲੀਤਾ ਕਿ ਜਿਵੇਂ ਹੋ ਸਕੇ ਸ਼ੁਕ੍ਰਚਕੀਏ ਸਰਦਾਰ ਨਾਲ ਮੇਲ ਰੱਖਿਆਜਾਵੇ, ਨਹੀਂ ਤਾਂ ਇਲਾਕੇ ਦਾ ਸੁਰੱਖਿਅਤ ਰਹਿਣਾ ਕਠਿਨ ਹੋ ਜਾਵੇਗਾ। ਉਸ ਨੇ ਇਸ ਸਮੇਂ ਐਸੀ ਸੁਘੜਤਾ ਨਾਲ ਇਸ ਨੂੰ ਨਜਿੱਠਿਆ ਕਿ ਜਿਸ ਨਾਲ ਸਾਰੇ ਵੈਰ ਵਿਰੋਧਾਂ ਦਾ ਇਕਾਇੱਕਅੰਤ ਹੋ ਗਿਆ। ਉਹ ਇਉਂ ਹੈ ਸਦਾ ਕੌਰ ਨੇ ਆਪਣੀ ਇਕਲੌਤੀ ਸਪੁੱਤਰੀ ਮਹਿਤਾਬ ਕੌਰਦੀ ਮੰਗਣੀ ਮਹਾਂ ਸਿੰਘ ਦੇ ਸਪੁੱਤਰ ਰਣਜੀਤ ਸਿੰਘ ਨਾਲ ਕਰ ਦਿੱਤੀ, ਜਿਸ ਦੇ ਕਾਰਨ ਹੁਣ ਦੋਵੇਂ ਮਿਸਲਾਂ ਇਕ ਮਿਕ ਹੋ ਗਈਆਂ। ਇਹ ਗੱਲ ਸੰਨ 1785 ਦੀ ਹੈ। ਅੱਗੇ ਜਾ ਕੇ ਸੰਨ 1796 ਈ: ਵਿਚ ਰਣਜੀਤ ਸਿੰਘ ਦਾ ਵਿਆਹ ਬੜੀ ਧੂਮ ਧਾਮ ਨਾਲ ਹੋਇਆ।

ਸੰਨ 1791 ਦੇ ਆਰੰਭ ਵਿਚ ਮਹਾਂ ਸਿੰਘ ਨੇ ਗੁਜਰਾਤ ਦੇ ਇਲਾਕੇ ਤੋਂ ਹੱਕ ਰਾਖੀ ਉਗਰਾਹੁਣ ਲਈ ਚੜ੍ਹਾਈ ਕੀਤੀ, ਅੱਗੋਂ ਸਾਹਿਬ ਸਿੰਘ ਭੰਗੀ ਆਦਿ ਨੇ ਬਿਨ ਲੜਾਈ ਦੇ ਕਿਸੇ ਰਕਮ ਦੇ ਦੇਣ ਤੋਂ ਨਾਂਹ ਕਰ ਦਿੱਤੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਾਮਲਾ ਲੜ੍ਹਾਈ ਤੱਕ ਵੱਧ ਗਿਆ, ਛੇਕੜ ਸਾਹਿਬ ਸਿੰਘ ਦੇ ਟਾਕਰੇ ਦੀ ਸ਼ਕਤੀ ਮੈਦਾਨ ਵਿਚ ਨਾ ਦੇਖ ਕੇ ਸੋਦਰਾਂ ਦੇ ਕਿਲ੍ਹੇ ਵਿਚ ਹੋ ਬੈਠਾ। ਇਨ੍ਹਾਂ ਬਾਹਰੋਂ ਘੇਰਾ ਘੱਤ ਲਿਆ। ਕਈ ਨਿੱਕੀਆਂ ਵੱਡੀਆਂ ਲੜਾਈਆਂ ਵੀ ਹੋਈਆਂ, ਪਰ ਸਿੱਟਾ ਕੁਝ ਵੀ ਨਾ ਨਿਕਲਿਆ। ਹੁਣ ਕਰਨਾ ਕਰਤਾਰ ਦਾ ਐਸਾ ਹੋਇਆ ਕਿ ਮਹਾਂ ਸਿੰਘ ਕਰੜੀ ਘਾਲ ਘਾਲਣ ਤੇ ਚੰਗੇ ਭੋਜਨ ਦੇ ਨਾ ਮਿਲਣ ਦੇ ਕਾਰਨ ਪੇਚਸ਼ ਨਾਲ ਬੀਮਾਰ ਹੋ ਗਿਆ ਤੇ ਜਦ ਬੀਮਾਰੀ ਦਿਨੋਂ ਦਿਨ ਵਧਦੀ ਡਿੱਠੀ ਤਾਂ ਇਹ ਮੁੰਹਿਮ ਆਪਣੇ ਹੋਣਹਾਰ ਪੁੱਤਰ ਰਣਜੀਤ ਸਿੰਘ ਦੇ ਹੱਥ ਸੌਂਪ ਕੇ-ਜੋ ਇਸ ਸਮੇਂ ਮੈਦਾਨਿ-ਜੰਗ ਵਿਚ ਉਸ ਦੇ ਨਾਲ ਸੀ- ਆਪ ਗੁਜਰਾਂਵਾਲੇ ਨੂੰ ਪਰਤ ਆਇਆ।

ਮਹਾਂ ਸਿੰਘ ਜਦ ਮੈਦਾਨ ਤੋਂ ਤੁਰਨ ਲੱਗਾ ਤਾਂ ਇਸ ਨੇ ਆਪਣੇ ਆਪ ਨੂੰ ਐਨਾ ਬੇਹਾਲ ਡਿੱਠਾ ਕਿ ਆਪਣੇ ਪੁੱਤਰ ਦੀ ਦਸਤਾਰਬੰਦੀ ਮਰਯਾਦਾ ਆਪਣੇ ਹੱਥ ਨਾਲ ਉਥੇ ਹੀ ਪੂਰੀ ਕਰ ਆਇਆ, ਓਧਰ ਰਣਜੀਤ ਸਿੰਘ ਨੇ ਘੇਰੇ ਨੂੰ ਬਰਾਬਰ ਜਾਰੀ ਰੱਖਿਆ। ਇੰਨੇ ਨੂੰ ਖ਼ਬਰ ਪਹੁੰਚੀ ਕਿ ਭੰਗੀਆਂ ਦਾ ਇਕ ਭਾਰੀ ਦਸਤਾ ਕਿਲ੍ਹੇ ਦੇ ਛੁਡਾਣ ਲਈ ਸਰਦਾਰ ਕਰਮ ਸਿੰਘ ਤੇ ਜੋਧ ਸਿੰਘ ਦੀਮਦਦ ਵਿਚ ਆ ਰਿਹਾ ਹੈ। ਰਣਜੀਤ ਸਿੰਘ ਨੇ ਝੱਟ ਉਹਨਾਂ ਦਾ ਰਾਹ ਕੋਟ ਮਹਾਰਾਜਾ ਦੇ ਲਾਗੇ ਜੰਗਲ ਵਿਚ ਰੋਕ ਲਿਆ ਅਤੇ ਇਨ੍ਹਾਂ ਦੇ ਪਹੁੰਚਦਿਆਂ ਹੀ ਇਕਾ-ਇਕ ਐਸਾ ਹੱਲਾ ਕੀਤਾ ਕਿ ਉਹਨਾਂ ਨੂੰ ਬਿਨਾ ਮੈਦਾਨ ਨੂੰ ਖਾਲੀ ਛੱਡਣ ਦੇ ਹੋਰ ਕੋਈ ਚਾਰਾ ਨਾ ਦਿਸਿਆ। ਇਸ ਲੜਾਈ ਵਿਚ ਕਈ ਤੋਪਾਂ ਤੇ ਜੰਬੂਰਕ ਰਣਜੀਤ ਸਿੰਘ ਦੇ ਹੱਥ ਆਏ, ਜੋ ਉਸ ਨੇ ਗੁਜ਼ਰਾਂਵਾਲਾ ਭਿਜਵਾ ਦਿੱਤੇ। ਇਨ੍ਹਾਂ ਨੂੰ ਵੇਖ ਕੇ ਮਹਾਂ ਸਿੰਘ ਅਤਿ ਪ੍ਰਸੰਨ ਹੋਇਆ, ਪਰ ਇਹ ਪ੍ਰਸੰਨਤਾ ਉਹਦੀ ਛੇਕੜਲੀ ਪ੍ਰਸੰਨਤਾ ਸੀ, ਕਿਉਂਕਿ ਇਸ ਤੋਂ ਦੂਜੇ ਦਿਨ ਸੰਨ 1792 ਨੂੰ 27 ਸਾਲ ਦੀ ਯੁਵਾ ਅਵਸਥਾ ਵਿਚ ਮਹਾਂ ਸਿੰਘ ਚੜ੍ਹਾਈ ਕਰ ਗਿਆ। ਰਣਜੀਤ ਸਿੰਘ ਅਜੇ ਕੋਟ ਮਹਾਰਾਜ ਵਿਚ ਹੀ ਸੀ ਕਿ ਇਥੇ ਇਸ ਨੂੰ ਆਪਣੇ ਪਿਤਾ ਦੇ ਚਲਾਣੇ ਦੀ ਖ਼ਬਰ ਪੁੱਜੀ। ਇਹ ਇਥੋਂ ਸਿੱਧਾ ਗੁਜਰਾਂਵਾਲੇ ਪੁੱਜੇ ਤੇ ਪਿਤਾ ਦੇ ਮ੍ਰਿਤਕ ਸੰਸਕਾਰ ਦੀ ਮਰਯਾਦਾ ਪੂਰੀ ਕੀਤੀ।

**ਇਸ ਸਮੇਂ ਪੰਜਾਬ ਦੀ ਦਸ਼ਾ**

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਲਿਖਣ ਤੋਂ ਪਹਿਲਾਂ ਇਥੇ ਇਹ ਗੱਲ ਲਿਖਣੀ ਜ਼ਰੂਰੀ ਪ੍ਰਤੀਤ ਹੁੰਦੀ ਹੈ ਕਿ ਪੰਜਾਬ ਦੀ ਉਸ ਸਮੇਂ ਦੀ ਦਸ਼ਾ ਪਰ ਇਕ ਨਜ਼ਰ ਫੇਰੀ ਜਾਏ ਤਾਂ ਜੋ ਪੁਸਤਕ ਦਾ ਹਰ ਇਕ ਪੱਖ ਚੰਗੀ ਤਰ੍ਹਾਂ ਪਾਠਕਾਂ ਦੀ ਸਮਝ ਵਿਚ ਆ ਸਕੇ।

ਪੰਜਾਬ ਦਾ ਬਹੁਤ ਸਾਰਾ ਭਾਗ ਸਿੱਖਾਂ ਦੀਆਂ ਬਾਰਾਂ ਮਿਸਲਾਂ ਦੇ ਅਧੀਨ ਸੀ, ਇਸ ਦੀ ਰਾਜਧਾਨੀ ਲਾਹੌਰ; ਤਿੰਨ ਸਿੱਖ ਸਰਦਾਰਾਂ- ਲੈਹਣਾ ਸਿੰਘ, ਗੁਜਰ ਸਿੰਘ ਤੇ ਸੂਬਾ ਸਿੰਘ ਭੰਗੀਆਂ ਨੇ ਸਾਂਭੀ ਹੋਈ ਸੀ। ਉਪਰੋਂ ਸੰਨ 1795 ਵਿਚ ਸ਼ਾਹ ਜ਼ਮਾਨ ਦੁਰਾਨੀ ਨੇ ਪੰਜਾਬ ਪਰ ਧਾਵਾ ਕੀਤਾ, ਜਿਸ ਦੇ ਕਾਰਣ ਦੇਸ਼ ਵਿਚ ਵਧੇਰੀ ਹਲਚਲ ਮਚ ਗਈ। ਇਸਦੇ ਆਉਣ ਦੇ ਕਾਰਨ ਮਾਰਗ ਦੇ ਲਾਗੇ ਚਾਗੇ ਵਸਦੇ ਸਿੱਖ ਤਾਂ ਮੈਦਾਨ ਤੋਂ ਜੰਗਲ ਦਿਆਂ ਮੋਰਚਿਆਂ ਵਿਚ ਇਸ ਭਾਵਨਾ ਨਾਲ ਜਾ ਡਟੇ ਕਿ ਜਦ ਦੁਰਾਨੀ ਲਸ਼ਕਰ ਇਧਰ ਵਧੇ ਤਾਂ ਇਨ੍ਹਾਂ ਮੋਰਚਿਆਂ ਵਿਚੋਂ ਐਸੀਆਂ ਵਾੜਾਂ ਝਾੜੀਆਂ ਜਾਣ ਕਿ ਕੋਈ ਵੈਰੀ ਵੀ ਨਿਸ਼ਾਨੇ ਤੋਂ ਨਾ ਬਚ ਸਕੇ।

ਇਸ ਸਮੇਂ ਸਿੱਖਾਂ ਦੀਆਂ ਲੜਾਈਆਂ ਦੀ ਵਿਸ਼ੇਸ਼ ਵਿਧੀ ਇਹੋ ਸੀ ਕਿ ਉਹ ਵੈਰੀ ਦੇ ਪਹੁੰਚਣ ਤੋਂ ਪਹਿਲਾਂ ਹੀ ਪਿੰਡਾਂ ਤੋਂ ਹੱਟ ਕੇ ਕਿਸੇ ਲਾਗੇ ਦੇ



ਜੰਗਲ ਵਿਚ ਮੋਰਚੇ ਬਣਾ ਕੇ ਜਾ ਠਾਣੇ ਮਲਦੇ ਸਨ ਤੇ ਹਰ ਘੜੀ ਇਸ ਤਾਕ ਵਿਚ ਹੁੰਦੇ ਸਨ ਕਿ ਵੈਰੀ ਦਾ ਦਲ ਜਿਉਂ ਹੀ ਨਿਸ਼ਾਨੇ ਹੇਠ ਆਵੇ, ਤਾਂ ਉਪਰੋਂ ਗੋਲੀਆਂ ਅਤੇ ਤੀਰਾਂ ਦਾ ਮੀਂਹ ਵਰਸਾਇਆ ਜਾਏ। ਉਧਰ ਗਨੀਮ ਖੁਸ਼ੀ ਖੁਸ਼ੀ ਨਚਿੰਤ ਹੋ ਕੇ ਸਿੱਧਾ ਅੱਗੇ ਵਧਦਾ ਚਲਾ ਆਉਂਦਾ, ਇਧਰ ਇਹ ਬੜੀ ਨੀਝ ਨਾਲ ਉਸ ਦੇ ਹਰ ਇਕ ਕਰਤੱਵ ਨੂੰ ਤਾੜਦੇ ਰਹਿੰਦੇ ਅਤੇ ਜਦ ਉਹਨੂੰ ਜ਼ਰਾ ਗਾਫਲ ਪਾਉਂਦੇ ਤਦ ਇਕਾ-ਇਕ ਗੜੇ-ਮਾਰ ਗੋਲੀਆਂ ਵਰਸਾ ਦਿੰਦੇ। ਇਉਂ ਵੈਰੀ ਦੀ ਸੁਧ ਸੰਭਲਾਣ ਤੋਂ ਪਹਿਲੇ ਹੀ ਉਸ ਦਾ ਵਧੇਰਾ ਭਾਗ ਮੌਤ ਦੀ ਭੇਂਟ ਚੜ੍ਹ ਜਾਂਦਾ। ਉਪਰੋਂ ਇਸੇ ਹਫੜਾ ਦਫੜੀ ਵਿਚ ਤਿੱਖੀਆਂ ਤਲਵਾਰਾਂ ਧੂਹ ਕੇ ਵੈਰੀ ਦੇ ਰਹੇ ਖਹੇ ਲਸ਼ਕਰ ਦੇ ਸਿਰ ਬਿਜਲੀ ਵਾਂਗ ਕੜਕ ਕੇ ਜਾ ਪੈਂਦੇ ਅਤੇ ਜਾਨਾਂ ਹੂਲ ਕੇ ਦੋ-ਚਾਰ ਐਸੇ ਹੱਥ-ਪਲੱਥੇ ਦੇ ਦਾਉ ਕਰਦੇ ਕਿ ਬਿਨਾਂ ਕਿਸੇ ਲੰਮੀ ਲੜਾਈ ਦੇ ਵੈਰੀ ਦਾ ਸਫਾਇਆ ਹੋ ਜਾਂਦਾ। ਇਸ ਖਲਬਲੀ ਵਿਚ ਵੈਰੀ ਦੀਆਂ ਐਸੀਆਂ ਸੱਤੇ ਸੁਧਾਂ ਭੁੱਲ ਜਾਂਦੀਆਂ ਕਿ ਜਿਧਰ ਕਿਸੇ ਨੂੰ ਰਾਹ ਲੱਭਦਾ ਓਧਰ ਨੂੰ ਭੱਜ ਨਿਕਲਦਾ। ਇਨ੍ਹਾਂ ਮਾਰਾਂ ਵਿਚ ਸਿੱਖਾਂ ਦੇ ਹੱਥ ਹਜ਼ਾਰਾਂ ਦੇ ਹਥਿਆਰ, ਜੰਗੀ ਸਾਮਾਨ ਤੇ ਬੇਗਿਣਤ ਘੋੜੇ ਆਦਿ ਆਉਂਦੇ, ਜਿਨ੍ਹਾਂ ਨਾਲ ਇਨ੍ਹਾਂ ਦੇ ਮੁੱਦਤਾਂ ਦੇ ਧੋਣੇ ਧੋਤੇ ਜਾਂਦੇ।

ਹੁਣ ਜਦ ਦੁਰਾਨੀਆਂ ਦੇ ਧਾਵੇ ਦਾ ਖ਼ਾਲਸੇ ਨੂੰ ਪਤਾ ਲੱਗਾ, ਤਾਂ ਉਪਰ ਦੱਸੇ ਨਿਯਮ ਅਨੁਸਾਰ ਉਹ ਮੈਦਾਨੀ ਪਿੰਡਾਂ ਤੋਂ ਹੱਟ ਕੇ ਜੰਗਲ ਵਿਚ ਆ ਡਟਿਆ। ਸ਼ਾਹ ਜ਼ਮਾਨ ਬਿਨਾਂ ਕਿਸੇ ਲੰਮੀ ਲੜ੍ਹਾਈ ਦੇ ਲਾਹੌਰ ਆ ਵੜਿਆ। ਇਥੇ ਪਹੁੰਚਦਿਆਂ ਸਾਰ ਹੀ ਇਸ ਦੇ ਆਪਣੇ ਦਾਦੇ ਅਹਿਮਦ ਸ਼ਾਹ ਦੁਰਾਨੀ ਦੀਆਂ ਔਕੜਾਂ ਇਸਦੀਆਂ ਅੱਖਾਂ ਅੱਗੇ ਆ ਖਲੋਤੀਆਂ, ਜੋਜੰਗਲ ਵੱਲ ਵਧਣੇ ਵਿਚ ਖ਼ਾਲਸੇ ਦੇ ਹੱਥੋਂ ਉਸ ਨੂੰ ਭੁਗਤਣੀਆਂ ਪਈਆਂ ਸਨ। ਛੇਕੜ ਵਿਚ ਇਹ ਫੈਸਲਾ ਕੀਤਾ ਕਿ ਇਥੋਂ ਹੀ ਪਿੱਛੇ ਨੂੰ ਪਰਤ ਚਲੇ, ਅਰਥਾਤ ਉਸ ਦਾ ਅੱਗੇ ਵਧਣ ਦਾ ਹੀਆ ਨਾ ਪਿਆ। ਇਧਰ ਖ਼ਾਲਸੇ ਨੂੰ ਜਦ ਸੂਹੀਆਂ ਨੇ ਸ਼ਾਹ ਜ਼ਮਾਨ ਦੇ ਪਿੱਛੇ ਮੁੜ ਜਾਣ ਦੀ ਖ਼ਬਰ ਦਿੱਤੀ, ਤਾਂ ਇਨ੍ਹਾਂ ਨੂੰ ਡਾਢਾ ਅਰਮਾਨ ਲੱਗਾ ਕਿ ਦੁਰਾਨੀ ਬਿਨਾਂ ਖ਼ਾਲਸੇ ਦੇ ਹੱਥ ਦੇਖਿਆਂ ਸੁੰਦਰ ਕਾਬਲੀ ਘੋੜੇ ਤੇ ਸੋਹਣੇ ਹਥਿਆਰ ਫੇਰ ਪਰਤਾ ਲੈ ਚੱਲਿਆ ਹੈ, ਹੁਣ ਸਿੰਘ ਲੱਗੇ ਇਨ੍ਹਾਂ ਨੂੰ ਦੁਰਾਨੀ ਤੋਂ ਖੋਹਣ ਦੀਆਂ ਸੋਚਾਂ ਸੋਚਣ। ਛੇਕੜ ਲੰਮੀ ਵਿਚਾਰ ਦੇ ਉਪਰੰਤ ਇਹ ਸਲਾਹ ਠਹਿਰਾਈ ਗਈ ਕਿ ਖ਼ਾਲਸੇ ਨੂੰ ਜੰਗਲੀ ਮੋਰਚੇ ਛੱਡ ਕੇ ਲਾਹੌਰ ਦੇ ਲਾਗੇ ਚਾਗੇ ਜਾ ਕੇ ਡੇਰੇ ਜਮਾਉਣੇ ਚਾਹੀਦੇ ਹਨ ਪਰ ਹਰ ਰਾਤ ਛੋਟੇ ਛੋਟੇ ਜੱਥੇ ਬਣਾ ਕੇ ਚਾਰੇ ਪਾਸਿਆਂ ਤੋਂ ਦੁਰਾਨੀਆਂ ਦੇ ਲਸ਼ਕਰ ਤੇ ਅਚਨਚੇਤ ਹਮਲਾ ਕਰ ਕੇ ਉਨ੍ਹਾਂ ਦਾ ਸਾਰਾ ਮਾਲ ਤੇ ਹਥਿਆਰ ਆਦਿ ਖੋਹ ਲੈਣੇ ਚਾਹੀਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਐਸੇ ਦੰਦ ਖੱਟੇ ਕੀਤੇ ਜਾਣ ਕਿ ਮੁੜ ਕਦੀ ਪੰਜਾਬ ਦਾ ਨਾਂ ਵੀ ਨਾ ਲੈਣ। ਦੂਜੀ ਗੱਲ ਇਹ ਕਿ ਜਦ ਉਹ ਪਿੱਛੇ ਨੂੰ ਮੁੜੇ, ਤਦ ਉਸ ਦਾ ਪਿੱਛਾ ਕੀਤਾ ਜਾਏ ਕਿ ਜੋ ਮਾਲ-ਮਤਾ ਉਹ ਲੁੱਟ ਕੇ ਲੈ ਜਾ ਰਿਹਾ ਹੈ ਉਹ ਉਸ ਤੋਂ ਖੋਹ ਲੀਤਾ ਜਾਏ। ਸੋ ਹੁਣ ਇਨ੍ਹਾਂ ਸੋਚੀਆਂ ਵਿਉਂਤਾਂ ਅਨੁਸਾਰ ਵਰਤੋਂ ਹੋਣ ਲੱਗੀ। ਅਰਥਾਤ ਲੱਗੇ ਲਾਹੌਰ ਤੇ ਧਾਵੇ ਹੋਣ। ਅਜੇ ਸੂਰਜ ਅੰਦਰ ਬਾਹਰ ਹੀ ਹੁੰਦਾ ਕਿ ਇਹ ਜੱਥੇ ਇਕੱਠੇ ਹੋ ਕੇ ਸੱਜੇ ਖੱਬੇ ਤੋਂ ਨਿਕਲਦੇ ਤੇ ਜੋ ਕੁਝ ਉਨ੍ਹਾਂ ਦੇ ਸਾਹਮਣੇ ਆਉਂਦਾ ਉਸ ਤੇ ਹੱਥ ਸਾਫ ਕਰਕੇ ਤੁਰਤ ਫੁਰਤ ਕਿਤੇ ਦੀ ਕਿਤੇ ਜਾ ਪਹੁੰਚਦੇ। ਇਸ ਤਰ੍ਹਾਂ ਕਰਨ ਵਿਚ ਨਾ ਕਿਸੇ ਸੋਚ ਦੀ ਲੋੜ ਸੀ ਤੇ ਨਾ ਹੀ ਕਿਸੇ ਲੰਮੇਰੇ ਸਮੇਂ ਦੀ ਜ਼ਰੂਰਤ,

**ਸੰਨ 1791 ਦੇ ਆਰੰਭ ਵਿਚ ਮਹਾਂ ਸਿੰਘ ਨੇ ਗੁਜਰਾਤ ਦੇ ਇਲਾਕੇ ਤੋਂ ਹੱਕ ਰਾਖੀ ਉਗਰਾਹੁਣ ਲਈ ਚੜ੍ਹਾਈ ਕੀਤੀ, ਅੱਗੋਂ ਸਾਹਿਬ ਸਿੰਘ ਭੰਗੀ ਆਦਿ ਨੇ ਬਿਨ ਲੜਾਈ ਦੇ ਕਿਸੇ ਰਕਮ ਦੇ ਦੇਣ ਤੋਂ ਨਾਂਹ ਕਰ ਦਿੱਤੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਾਮਲਾ ਲੜ੍ਹਾਈ ਤੱਕ ਵੱਧ ਗਿਆ, ਛੇਕੜ ਸਾਹਿਬ ਸਿੰਘ ਦੇ ਟਾਕਰੇ ਦੀ ਸ਼ਕਤੀ ਮੈਦਾਨ ਵਿਚ ਨਾ ਦੇਖ ਕੇ ਸੋਦਰਾਂ ਦੇ ਕਿਲ੍ਹੇ ਵਿਚ ਹੋ ਬੈਠਾ। ਇਨ੍ਹਾਂ ਬਾਹਰੋਂ ਘੇਰਾ ਘੱਤ ਲਿਆ। ਕਈ ਨਿੱਕੀਆਂ ਵੱਡੀਆਂ ਲੜਾਈਆਂ ਵੀ ਹੋਈਆਂ, ਪਰ ਸਿੱਟਾ ਕੁਝ ਵੀ ਨਾ ਨਿਕਲਿਆ। ਹੁਣ ਕਰਨਾ ਕਰਤਾਰ ਦਾ ਐਸਾ ਹੋਇਆ ਕਿ ਮਹਾਂ ਸਿੰਘ ਕਰੜੀ ਘਾਲ ਘਾਲਣ ਤੇ ਚੰਗੇ ਭੋਜਨ ਦੇ ਨਾ ਮਿਲਣ ਦੇ ਕਾਰਨ ਪੇਚਸ਼ ਨਾਲ ਬੀਮਾਰ ਹੋ ਗਿਆ ਤੇ ਜਦ ਬੀਮਾਰੀ ਦਿਨੋਂ ਦਿਨ ਵਧਦੀ ਡਿੱਠੀ ਤਾਂ ਇਹ ਮੁੰਹਿਮ ਆਪਣੇ ਹੋਣਹਾਰ ਪੁੱਤਰ ਰਣਜੀਤ ਸਿੰਘ ਦੇ ਹੱਥ ਸੌਂਪ ਕੇ-ਜੋ ਇਸ ਸਮੇਂ ਮੈਦਾਨਿ-ਜੰਗ ਵਿਚ ਉਸ ਦੇ ਨਾਲ ਸੀ-ਆਪ ਗੁਜਰਾਂਵਾਲੇ ਨੂੰ ਪਰਤ ਆਇਆ।**

ਇਹ ਉਡਦਾ ਉਡਦਾ ਸ਼ੇਰਵਾਈ ਹੱਲਾ ਕਰਦੇ ਤੇ ਉਹਨੀਂ ਪੈਰੀਂ ਪਰਤਦੇ ਹੋਏ ਮੁੜ ਆਪਣੇ ਨੀਯਤ ਕੀਤੇ ਅਸਥਾਨ ਤੇ ਜਾ ਡੇਰਾ ਲਾਉਂਦੇ। ਇਹ ਕੰਮ ਏਡੀ ਫੁਰਤੀ ਨਾਲ ਹੁੰਦਾ ਕਿ ਪਹਿਰੇਦਾਰ ਤੇ ਗਸ਼ਤੀ ਦਸਤਿਆਂ ਤੱਕ ਖਬਰਾਂ ਪਹੁੰਚਾਣੇ ਪਹੁੰਚਾਉਣ ਤੱਕ ਇਹ ਆਪਣਾ ਕੰਮ ਕਰਕੇ ਮੱਖਣ ਵਿਚੋਂ ਵਾਲ ਦੀ ਤਰ੍ਹਾਂ ਸਾਫ ਪਾਰ ਹੋ ਜਾਂਦੇ। ਇਸ ਸਮੇਂ ਜਿੱਥੇ ਮਿਸਲਦਾਰ ਆਪਣੀ ਸੂਰਮ-ਤਾਈ ਦਾ ਸਿੱਕਾ ਦੁਰਾਨੀਆਂ ਦੇ ਦਿਲਾਂ ਪਰ ਬਿਠਾ ਰਹੇ ਸਨ ਉਥੇ ਮੁਨਸ਼ੀ ਸੋਹਨ ਲਾਲ, ਰਣਜੀਤ ਸਿੰਘ ਦੀ ਨਿਰਭੈਤਾ ਦੀ ਇਕ ਅਚਰਜ ਘਟਨਾ ਦਾ ਹਾਲ ਇਉਂ ਲਿਖਦਾ ਹੈ ਕਿ "ਜਦ ਸ਼ਾਹ ਜ਼ਮਾਨ ਲਾਹੌਰ ਦੇ ਕਿਲ੍ਹੇ ਵਿਚ ਠਹਿਰਿਆ ਹੋਇਆ ਸੀ ਤਾਂ ਰਣਜੀਤ ਸਿੰਘ ਆਪਣੇ ਜਵਾਨਾਂ ਨਾਲ ਤਿੰਨ ਵਾਰੀ ਕਿਲ੍ਹਾ ਲਾਹੌਰ ਸਾਹਮਣੇ ਆਇਆ ਅਤੇ ਠੀਕ ਸੰਮਨ ਬੁਰਜ ਦੇ ਹੇਠਾਂ ਖੜੋ ਕੇ, ਜਿਥੇ ਸ਼ਾਹ ਜ਼ਮਾਨ ਬੈਠਿਆ ਕਰਦਾ ਸੀ, ਗੋਲੀਆਂ ਚਲਾਈਆਂ ਜਿਨ੍ਹਾਂ ਨਾਲ ਕਈ ਦੁਰਾਨੀ ਫੱਟੜ ਹੋਏ" ਅਤੇ ਗੱਜ ਕੇ ਗਰਜਵੀਂ ਆਵਾਜ਼ ਨਾਲਆਖਦਾ, "ਐ ਅਹਿਮਦ ਸ਼ਾਹ ਅਬਦਾਲੀ ਦੇ ਪੋਤੇ !ਵੇਖ ਸਰਦਾਰ ਚੜ੍ਹਤ ਸਿੰਘ ਦਾ ਪੋਤਾ ਆਇਆ ਹੈ; ਜ਼ਰਾ ਸਾਹਮਣੇ ਆ ਤੇ ਇਸ ਦੇ ਦੋ ਹੱਥ ਵੇਖ ਲੈ।"ਜਦੋ ਦੁਰਾਨੀ ਕਿਲ੍ਹੇ ਤੋਂ ਬਾਹਰ ਨਿਕਲਣ ਦਾ ਹੀਆ ਨਾ ਕਰਦੇ ਤਾਂ ਇਹ ਪਰਤ ਜਾਂਦਾ।

ਇਨ੍ਹਾਂ ਰੋਜ਼ ਦੀਆਂ ਮਾਰਾਂ ਤੇ ਹੱਲਿਆਂ ਤੋਂ ਸ਼ਾਹ ਜ਼ਮਾਨ ਐਸਾ ਜਿਚ ਹੋਇਆ ਕਿ ਉਸ ਨੇ ਕਿਸੇ ਲੰਮੇਰੇ ਸਮੇਂ ਤੱਕ ਇਥੇ ਠਹਿਰਨਾ ਅਤੀ ਹਾਨੀਕਾਰਕ ਸਮਝਿਆ ਤੇ ਇਸ ਦਸ਼ਾ ਵਿਚ ਪੰਜਾਬ ਦਾ ਪ੍ਰਬੰਧ ਕਰਨਾ ਇਸ ਨੇ ਆਪਣੀ ਸ਼ਕਤੀ ਤੋਂ ਬਾਹਰ ਡਿੱਠਾ ਅਤੇ ਝਬਦੇ ਹੀ ਪਿੱਛੇ ਮੁੜ ਗਿਆ। ਭਾਵੇਂ ਲੋਕਾਂ ਵਿਚ ਤਾਂ ਇਹ ਮਸ਼ਹੂਰ ਕੀਤਾ ਕਿ ਹਿਰਾਤ ਵਿਚਮਹਿਮੂਦ ਨੇ ਬਗਾਵਤ ਕਰ ਦਿੱਤੀ ਹੈ, ਉਸ ਦੇ ਪ੍ਰਬੰਧ ਲਈ ਦੁਰਾਨੀ ਛੇਤੀ ਹੀ ਪਰਤ ਚੱਲਿਆ ਹੈ, ਪਰ ਅਸਲੀ ਕਾਰਨ ਉਸ ਦਾ ਇੰਨਾ ਛੇਤੀ ਬਿਨਾਂ ਕਿਸੇ ਪ੍ਰਬੰਧ ਦੇ ਮੁੜਨ ਦਾ ਸਿੰਘਾਂ ਦੇ ਇਹ ਛਾਪੇ ਸਨ। ਹਾਂ ਜਾਂਦੇ ਜਾਂਦੇ ਇਹ ਆਪਣੇ ਪ੍ਰਸਿੱਧ ਤੇ ਬਹਾਦਰ ਜਰਨੈਲ ਸਹਾਨਦੀ ਖਾਂ ਨੂੰ 12 ਹਜ਼ਾਰ ਫੌਜ ਤੇ ਇਕ ਭਾਰੀ ਤੋਪਖਾਨਾ ਦੇ ਕੇ ਪਿੱਛੇ ਛੱਡ ਗਿਆ, ਤਾਂ ਜੋ ਉਹ ਸਿੱਖਾਂ ਨੂੰ ਕਿਸੇ ਤਰ੍ਹਾਂ ਸ਼ਾਹੀ ਹਕੂਮਤ ਦੇ ਅਧੀਨ ਕਰ ਲਏ।

ਇਧਰ ਖ਼ਾਲਸੇ ਨੇ ਜੇਹਲਮ ਤੱਕ ਸ਼ਾਹ ਜ਼ਮਾਨ ਦਾ ਪਿੱਛਾ ਕੀਤਾ ਤੇ ਇਕ ਇਕ ਕਰਕੇ ਲੁੱਟ ਦਾ ਸਾਰਾ ਮਾਲ ਉਸ ਤੋਂ ਖੋਹ ਲਿਆ। ਇਹੋ ਦਲ ਪਰਤ ਕੇ ਰਾਮ ਨਗਰ ਵੱਲ- ਜੋ ਉਦੋਂ ਰਣਜੀਤ ਸਿੰਘ ਦੇ ਕਬਜ਼ੇ ਵਿਚ ਸੀ-ਵਧਿਆ। ਇਧਰ ਖ਼ਾਲਸਾ ਦਲ ਵੀ ਰਣਜੀਤ ਸਿੰਘ ਭੰਗੀ, ਨਿਹਾਲ ਸਿੰਘ ਅਟਾਰੀ ਆਲਾ ਆਦਿ ਦੀ ਸਰਦਾਰੀ ਹੇਠ ਤਿਆਰ ਖੜ੍ਹਾ ਸੀ। ਦੁਰਾਨੀਆਂ ਅਤੇ ਖ਼ਾਲਸੇ ਵਿਚ ਇਕ ਤਕੜਾ ਟਾਕਰਾ ਹੋਇਆ, ਜਿਸ ਵਿਚ ਜਰਨੈਲ ਸਹਾਨਚੀ ਖਾਨ ਦੇ ਪੈਰ ਮੈਦਾਨ ਵਿਚੋਂ ਉਖੜ ਗਏ ਤੇ ਉਹ ਗੁਜਰਾਤ ਵੱਲ ਨੱਸ ਪਿਆ, ਪਰ ਅਜੇ ਉਹ ਬਹੁਤਾ ਦੂਰ ਨਹੀਂ ਸੀ ਗਿਆ ਕਿ ਖ਼ਾਲਸੇ ਨੇ ਉਸ ਨੂੰ ਘੇਰ ਲਿਆ ਤੇ ਉਸ ਦਾ ਸਿਰ ਧੜ ਤੋਂ ਅੱਡ ਕਰ ਦਿੱਤਾ। ਬਸ, ਫੇਰ ਕੀ ਸੀ, ਅਫਗਾਨਾਂ ਦੀ ਰਹਿੰਦੀ ਖੂੰਹਦੀ ਆਸ ਦਾ ਲੱਕ ਵੀ ਇਸ ਨਾਲ ਟੁੱਟ ਗਿਆ ਤੇ ਜਿਹੜੇ ਜਿਊਂਦੇ ਬਚੇ ਸਨ, ਉਹ ਸਿੱਧੇ ਕਾਬਲ ਜਾ ਵੱਜੇ। ਜਰਨੈਲ ਸਹਾਨਚੀ ਖਾਨ ਦਾ ਮਕਬਰਾ ਗੁਜਰਾਤ ਤੋਂ ਚੜ੍ਹਦੇ ਵੱਲ ਚਾਰ ਮੀਲ ਦੀ ਵਾਟ ਪਰ ਹੁਣ ਤੀਕ ਮੌਜੂਦ ਹੈ। ਇਹ ਘਟਨਾ ਸੰਨ 1798 ਦੇ ਛੇਕੜ ਦੀ ਹੈ।

-0-




## ਵਿਗਿਆਨ ਦੇ ਝਰੋਖੇ 'ਚੋਂ

**ਪ੍ਰਸ਼ਨ: ਧਰਤੀ ਹੇਠ ਕੋਲਾ ਕਿਵੇਂ ਬਣਿਆ?**

**ਉੱਤਰ:** ਅਸੀ ਜਾਣਦੇ ਹਾਂ ਕਿ ਕੋਲਾ ਸਾਨੂੰ ਧਰਤੀ ਹੇਠਲੀਆਂ ਖਾਣਾਂ ਵਿਚੋਂ ਮਿਲਦਾ ਹੈ। ਪਰ ਧਰਤੀ ਦੀਆਂ ਪਰਤਾਂ ਹੇਠ ਇਹ ਕੋਲਾ ਕਿਥੋਂ ਆਇਆ? ਅੱਜ ਤੋਂ ਲਗਭਗ 16 ਕਰੋੜ ਸਾਲ ਪਹਿਲਾਂ ਧਰਤੀ ਉਤੇ ਜੰਗਲ ਹੀ ਜੰਗਲ ਹੁੰਦੇ ਸਨ। ਕਰੋੜਾਂ ਸਾਲਾਂ ਵਿੱਚ ਦਰੱਖ਼ਤਾਂ ਦੀਆਂ ਲੱਖਾਂ ਨਸਲਾਂ ਅਰਬਾਂ ਦੀ ਗਿਣਤੀ ਵਿੱਚ ਧਰਤੀ ਦੀਆਂ ਦਲਦਲਾਂ ਵਿੱਚ ਡਿਗਦੀਆਂ ਰਹੀਆਂ ਤੇ ਬੈਕਟੀਰੀਆ ਇਨ੍ਹਾਂ ਨੂੰ ਕਾਲੇ ਰੰਗ ਦੇ ਪਦਾਰਥ ਵਿੱਚ ਬਦਲਦਾ ਰਿਹਾ। ਹਵਾ ਦੀ ਅਣਹੋਂਦ ਕਾਰਨ ਇਹ ਦਰੱਖਤ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਸਕੇ ਸਨ। ਇਹ ਧਰਤੀ ਦੀਆਂ ਚਟਾਨਾਂ ਤੇ ਮਿੱਟੀ ਦੀਆਂ ਪਰਤਾਂ ਹੇਠ ਦਬਦੇ ਰਹੇ। ਕਰੋੜਾਂ ਸਾਲ ਵਿੱਚ ਇਹ ਧਰਤੀ ਦੀਆਂ ਪਰਤਾਂ ਦੇ ਦਬਾਅ ਸਦਕਾ ਪੱਥਰ ਦੇ ਕੋਲੇ ਦੇ ਰੂਪ ਵਿੱਚ ਬਦਲ ਗਏ ਹਨ। ਅੱਜ ਸਾਨੂੰ ਧਰਤੀ ਦੀਆਂ ਪਰਤਾਂ ਵਿੱਚ ਮੀਲਾਂ ਲੰਮੀਆਂ, ਮੀਲਾਂ ਚੌੜੀਆਂ ਤੇ ਕਈ ਮੀਟਰ ਮੋਟੀਆਂ ਕੋਲੇ ਦੀਆਂ ਖਾਣਾਂ ਮਿਲਦੀਆਂ ਹਨ। ਇਨ੍ਹਾਂ ਵਿਚੋਂ ਕਈ ਅਰਬ ਟਨ ਕੋਲਾ ਹਰ ਸਾਲ ਪ੍ਰਾਪਤ ਹੁੰਦਾ ਹੈ।

**ਪ੍ਰਸ਼ਨ: ਫਲ ਖੱਟੇ-ਮਿੱਠੇ ਕਿਉਂ ਹੁੰਦੇ ਹਨ?**

**ਉੱਤਰ:** ਸਾਡੇ ਦੇਸ਼ ਵਿੱਚ ਮਿਲਣ ਵਾਲੇ ਫਲਾਂ ਨੂੰ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ ਮਿੱਠੇ ਤੇ ਖੱਟੇ। ਕੇਲੇ ਆਮ ਤੌਰ ਤੇ ਮਿੱਠੇ ਹੁੰਦੇ ਹਨ ਕਿਉਂਕਿ ਇਨ੍ਹਾਂ ਵਿੱਚ ਚੀਨੀ (Fructose) ਦੀ ਮਾਤਰਾ ਵੱਧ ਹੁੰਦੀ ਹੈ। ਨਿੰਬੂ ਖੱਟੇ ਹੁੰਦੇ ਹਨ ਕਿਉਂਕਿ



ਇਨ੍ਹਾਂ ਵਿੱਚ ਸਿਟਰਿਕ ਨਾਂ ਦੇ ਤੇਜ਼ਾਬ ਦੀ ਮਾਤਰਾ ਵੱਧ ਹੁੰਦੀ ਹੈ। ਸੰਗਤਰੇ ਖਟ-ਮਿੱਠੇ ਹੁੰਦੇ ਹਨ ਕਿਉਂਕਿ ਇਨ੍ਹਾਂ ਵਿੱਚ ਤੇਜ਼ਾਬ ਅਤੇ ਚੀਨੀ ਦੀ ਮਾਤਰਾ ਲਗਭਗ ਬਰਾਬਰ ਹੁੰਦੀ ਹੈ। ਫਲਾਂ ਵਿੱਚ ਕੁਝ ਵਿਟਾਮਿਨ, ਸਟਾਰਚ, ਪ੍ਰੋਟੀਨ ਤੇ ਸੈਲੂਲੋਜ਼ ਹੁੰਦੇ ਹਨ ਜਿਸ ਕਰ ਕੇ ਸਾਰੇ ਫਲਾਂ ਦੇ ਸੁਆਦਾਂ ਵਿੱਚ ਕੁਝ ਅੰਤਰ ਹੁੰਦਾ ਹੈ। ਕਈ ਵਾਰ ਇਕੋ ਦਰੱਖ਼ਤ ਦੇ ਫਲਾਂ ਵਿੱਚ ਵੀ ਇਨ੍ਹਾਂ ਪਦਰਾਥਾਂ ਦੀ ਮਾਤਰਾ ਵਿੱਚ ਮਾਮੂਲੀ ਅੰਤਰ ਹੋਣ ਕਾਰਨ ਇਨ੍ਹਾਂ ਦੇ ਸੁਆਦ ਵਿੱਚ ਵੀ ਫ਼ਰਕ ਹੁੰਦਾ ਹੈ।

**ਪ੍ਰਸ਼ਨ: ਪਹਾੜ ਕਿਵੇਂ ਹੋਂਦ ਵਿੱਚ ਆਉਂਦੇ ਹਨ?**

**ਉੱਤਰ:** ਦੁਨੀਆਂ ਵਿੱਚ ਸਭ ਤੋਂ ਉੱਚੀ ਪਹਾੜੀ ਮਾਊਂਟ ਐਵਰੈਸਟ ਭਾਰਤ ਦੇ ਗੁਆਂਢੀ ਰਾਜ ਨੇਪਾਲ ਵਿੱਚ ਸਥਿਤ ਹੈ। ਭਾਰਤ ਦਾ ਹਿਮਾਲਾ ਪਰਬਤ ਦੁਨੀਆਂ ਦਾ ਸਭ ਤੋਂ ਵੱਡਾ ਪਹਾੜ ਹੈ। ਇਹ ਪਹਾੜ ਕਿਵੇਂ ਬਣਦੇ ਹਨ? ਇਨ੍ਹਾਂ ਪਹਾੜਾਂ ਦੇ ਬਣਨ ਦੇ ਕਾਰਨ ਵੀ ਕਈ ਹੋ ਸਕਦੇ ਹਨ। ਅਸੀ ਜਾਣਦੇ ਹਾਂ ਕਿ ਸਾਡੀ ਧਰਤੀ ਦੀਆਂ ਅੰਦਰਲੀਆਂ ਪਰਤਾਂ ਹੇਠਾਂ ਬਹੁਤ ਸਾਰਾ ਲਾਵਾ ਪਿਘਲੀ ਹੋਈ ਹਾਲਤ ਵਿੱਚ ਪਿਆ ਹੈ। ਧਰਤੀ ਦੇ ਕਈ ਸਥਾਨਾਂ ਤੋਂ ਇਹ ਲਾਵਾ ਬਾਹਰ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਅਜਿਹੇ ਸਥਾਨਾਂ 'ਤੇ ਗੁਬੰਦ ਪਰਬਤ ਬਣ ਜਾਂਦੇ ਹਨ। ਕਰੋੜਾਂ ਸਾਲਾਂ ਵਿੱਚ ਧਰਤੀ ਕਰੋੜਾਂ ਹੀ ਵਾਰ ਰਿੜਕੀ ਗਈ ਹੈ। ਅਜਿਹੇ ਹਾਲਾਤ ਵਿੱਚ ਵੱਡੀਆਂ-ਵੱਡੀਆਂ ਚਟਾਨਾਂ ਵਾਲੇ ਪਹਾੜ ਬਣੇ। ਇਨ੍ਹਾਂ ਦੇ ਸ਼ਿਲਾ ਖੰਡ ਸੈਂਕੜੇ ਮੀਲ ਲੰਮੇ ਅਤੇ ਚੌੜੇ ਵੀ ਹਨ। ਅਜਿਹੇ ਪਰਬਤਾਂ ਨੂੰ ਸ਼ਿਲਾ ਪਰਬਤ ਕਹਿੰਦੇ ਹਨ। ਕੁਝ ਹੋਰ ਪਰਬਤ ਜਿਨ੍ਹਾਂ ਵਿਚੋਂ ਲਾਵਾ ਠੋਸ ਰੂਪ ਵਿੱਚ ਬਾਹਰ ਨਿਕਲਦਾ ਰਹਿੰਦਾ ਹੈ, ਨੂੰ ਜਵਾਲਾਮੁਖੀ ਪਰਬਤ ਕਹਿੰਦੇ ਹਨ। ਧਰਤੀ ਦੇ ਅੰਦਰੋਂ ਸੁੰਗੜਨ ਤੇ ਦਬਾਉ ਕਰ ਕੇ ਪਹਾੜਾਂ ਦੀਆਂ ਪਰਤਾਂ ਬਾਹਰ ਆ ਜਾਂਦੀਆਂ ਹਨ। ਇਨ੍ਹਾਂ ਨੂੰ ਤਹਿਦਾਰ ਪਹਾੜੀਆਂ ਕਿਹਾ ਜਾਂਦਾ ਹੈ।

**ਪ੍ਰਸ਼ਨ: ਦੁਨੀਆਂ ਵਿੱਚ ਸਭ ਤੋਂ ਵੱਡਾ ਦਰੱਖ਼ਤ ਕਿਥੇ ਹੈ?**

**ਉੱਤਰ:** ਅਮਰੀਕਾ ਦੇ ਇੱਕ (ਰਾਜ) ਪ੍ਰਾਂਤ ਕੈਲੇਫ਼ੋਰਨੀਆਂ ਦੇ ਸਿਕੋਈਆ ਨੈਸ਼ਨਲ ਪਾਰਕ ਵਿੱਚ ਦੁਨੀਆਂ ਦਾ ਸਭ ਤੋਂ ਪੁਰਾਣਾ ਅਤੇ ਵੱਡਾ ਦਰੱਖ਼ਤ ਹੈ। ਇਸ ਦਰੱਖ਼ਤ ਦਾ ਨਾਂ ਜਨਰਲ ਸੈਰਮਨ ਹੈ। ਇਹ ਲਗਭਗ 3500 ਸਾਲ ਪੁਰਾਣਾ ਹੈ। ਇਸ ਦੀ ਉਚਾਈ 85 ਮੀਟਰ ਅਤੇ ਘੇਰਾ 25 ਮੀਟਰ ਹੈ। ਇਸੇ ਦੇਸ਼ ਵਿੱਚ ਇੱਕ ਅਜਿਹਾ ਦਰੱਖ਼ਤ ਵੀ ਹੈ ਜਿਸ ਦੇ ਤਣੇ ਨੂੰ ਵਿਚਾਲਿਉਂ ਕੱਟ ਕੇ ਦੋ ਸੜਕਾਂ ਕੱਢੀਆਂ ਗਈਆਂ ਹਨ।

-0-

## ਆਉ ਬੱਚਿਓ, ਇਹ ਵੀ ਜਾਣੀਏ

- ਜੋ ਆਪ ਨੂੰ ਹਰ ਹਾਲਾਤ ਅਨੁਸਾਰ ਢਾਲਣਾ ਜਾਣਦਾ ਹੈ, ਉਸ ਨੂੰ ਜੀਵਨ ਜੀਊਣ ਦੀ ਕਲਾ ਆ ਜਾਂਦੀ ਹੈ।
- ਝੂਠ ਬੋਲਣਾ ਤਲਵਾਰ ਦੇ ਜ਼ਖਮ ਦੀ ਤਰ੍ਹਾਂ ਹੈ, ਜ਼ਖਮ ਤਾਂ ਭਰ ਜਾਂਦਾ ਹੈ ਪਰ ਉਸ ਦਾ ਨਿਸ਼ਾਨ ਕਦੇ ਨਹੀਂ ਜਾਂਦਾ।
- ਥੋੜਾ-ਥੋੜਾ ਪਾਣੀ ਰਿਸਦੇ-ਰਿਸਦੇ ਵੱਡੇ-ਵੱਡੇ ਜਹਾਜ਼ ਡੁੱਬ ਜਾਂਦੇ ਹਨ।
- ਚੁਗ਼ਲਖੋਰ ਕੁੱਤੇ ਬਰਾਬਰ ਹੈ, ਕਿਉਂਕਿ ਦੋਵੇਂ ਹੀ ਅਪਣੀ ਜੀਭ ਨਾਲ ਸਾਫ਼ ਭਾਂਡਾ ਤੇ ਸੱਜਣ ਪੁਰਸ਼ ਨੂੰ ਗੰਦਾ ਕਰ ਦਿੰਦੇ ਹਨ।
- ਗੁੱਸਾ ਮੂਰਖਤਾ ਤੋਂ ਸ਼ੁਰੂ ਹੁੰਦਾ ਹੈ ਤੇ ਪਛਤਾਵੇ 'ਤੇ ਖ਼ਤਮ।
- ਰਤਨਾਂ ਨਾਲ ਭਰਿਆ ਹੋਣ'ਤੇ ਵੀ ਸਮੁੰਦਰ ਘੁਮੰਡ ਵਿੱਚ ਚੂਰ ਨਹੀਂ ਹੁੰਦਾ, ਪਰ ਇੱਕ ਅੱਧਾ ਮੋਤੀ ਪਾ ਲੈਣ 'ਤੇ ਵੀ ਲਾਲਚੀ ਘੁਮੰਡੀ ਹੋ ਜਾਂਦਾ ਹੈ।
- ਸਮਾਂ ਸਾਥ ਨਾ ਦੇਵੇ ਤਾਂ ਚੁੱਪ ਰਹਿਣ ਵਿੱਚ ਹੀ ਭਲਾਈ ਹੈ। ਸਹੀ ਸਮਾਂ ਆਉਣ'ਤੇ ਕੰਮ ਆਪ ਹੀ ਬਣਨ ਲੱਗ ਜਾਂਦੇ ਹਨ।
- ਕਸਤੂਰੀ ਦੀ ਪਹਿਚਾਣ ਉਸ ਦੀ ਖੁਸ਼ਬੋ ਤੋਂ ਹੀ ਹੁੰਦੀ ਹੈ, ਕਿਸੇ ਦੇ ਕਹਿਣ 'ਤੇ ਨਹੀਂ।
- ਆਦਮੀ ਦੀ ਜੀਭ ਛੋਟੀ ਹੁੰਦੀ ਹੈ, ਪਰ ਵੱਡੇ-ਵੱਡੇ ਦੋਸ਼ ਕਰ ਬੈਠਦੀ ਹੈ।

**ਬਾਲ ਕਹਾਣੀ**

# ਕਬੂਤਰ ਅਤੇ ਸ਼ਿਕਾਰੀ

**-ਹਰਭਜਨ ਸਿੰਘ ਸੇਲਬਰਾਹ # 98146-13178**

ਬੱਚਿਓ, ਕਾਫ਼ੀ ਪੁਰਾਣੇ ਸਮੇਂ ਦੀ ਗੱਲ ਹੈ ਜਦੋਂ ਪੰਜਾਬ ਵਿੱਚ ਖ਼ਾਸ ਤੌਰ 'ਤੇ ਮਾਲਵੇ ਵਿੱਚ ਜੰਗਲ ਬੀਆਬਾਨ ਸਨ ਅਤੇ ਪਾਣੀ ਬਹੁਤ ਹੀ ਘੱਟ ਮਿਲਦਾ ਸੀ। ਓਦੋਂ ਇੱਥੇ ਜੰਗਲੀ ਜੀਵ ਜਿਵੇਂ ਹਿਰਨ, ਗਿੱਦੜ, ਬਘਿਆੜ, ਖ਼ਰਗੋਸ਼, ਮੋਰ, ਕਬੂਤਰ, ਚਿੜੀਆਂ, ਇੱਲਾਂ, ਤਿੱਤਰ, ਬਟੇਰੇ, ਤਿਤਲੀਆਂ ਆਦਿ ਬਹੁਗਿਣਤੀ ਵਿੱਚ ਸਨ ਅਤੇ ਇਨ੍ਹਾਂ ਨੂੰ ਫੜਨ ਲਈ ਅਕਸਰ ਸ਼ਿਕਾਰੀ ਆਉਂਦੇ ਸਨ। ਓਦੋਂ ਸ਼ਿਕਾਰ ਖੇਡਣਾ ਆਮ ਸ਼ੌਕ ਸੀ। ਸਮੇਂ ਦੀ ਤੋਰ ਦੇ ਨਾਲ ਹੌਲੀ-ਹੌਲੀ ਇਨ੍ਹਾਂ ਜੀਵਾਂ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਲੋਪ ਹੋ ਗਈਆਂ ਅਤੇ ਕਿਧਰੇ-ਕਿਧਰੇ ਕੋਈ ਟਾਵਾਂ-ਟੱਲਾ ਜੀਵ ਦਿਖਾਈ ਦੇਣ ਲੱਗਿਆ।

ਬੱਚਿਓ, ਉਸ ਸਮੇਂ ਇੱਕ ਸ਼ਿਕਾਰੀ ਜੰਗਲ ਵਿੱਚ ਰੋਜ਼ ਹੀ ਸ਼ਿਕਾਰ ਖੇਡਣ ਜਾਇਆ ਕਰੇ। ਉਸ ਨੂੰ ਕਦੀ ਸ਼ਿਕਾਰ ਹੱਥ ਲੱਗੇ ਤੇ ਕਦੀ ਨਾ। ਅਚਾਨਕ ਉਸ ਦੀ ਨਜ਼ਰ ਕਬੂਤਰਾਂ ਦੀ ਡਾਰ 'ਤੇ ਪਈ। ਉਸ ਨੇ ਸੋਚਿਆ ਕਿ ਕਿਉਂ ਨਾ ਕੱਲ੍ਹ ਤੋਂ ਇਨ੍ਹਾਂ ਦਾ ਸ਼ਿਕਾਰ ਕਰਕੇ ਦੇਖਿਆ ਜਾਵੇ। ਉਨ੍ਹਾਂ ਸਮਿਆਂ ਵਿੱਚ ਸ਼ਿਕਾਰ ਦੇ ਬਹੁਤੇ ਸਾਧਨ ਨਹੀਂ ਸਨ। ਸ਼ਿਕਾਰੀ ਨੇ ਘਰ ਜਾ ਕੇ ਇੱਕ ਰੱਸੀਆਂ ਦਾ ਜਾਲ ਤਿਆਰ ਕੀਤਾ। ਫਿਰ ਅਗਲੇ ਦਿਨ ਇੱਕ ਪੋਟਲੀ ਵਿੱਚ ਕੁਝ ਦਾਣੇ ਬੰਨ੍ਹ ਲਏ ਅਤੇ ਜੰਗਲ ਵੱਲ ਚਲਾ ਗਿਆ।

ਜੰਗਲ ਵਿੱਚ ਜਾ ਕੇ ਸ਼ਿਕਾਰੀ ਨੇ ਜਾਲ ਵਿਛਾਇਆ ਅਤੇ ਪੋਟਲੀ ਦੇ ਦਾਣੇ (ਚੋਗਾ) ਖਿਲਾਰ ਦਿੱਤੇ।

ਫਿਰ ਉਸ ਨੇ ਜਾਲ ਨਾਲ ਇੱਕ ਲੰਮੀ ਰੱਸੀ ਬੰਨ੍ਹ ਲਈ ਅਤੇ ਆਪ ਲੁਕ ਕੇ ਝਾੜੀਆਂ ਵਿੱਚ ਬੈਠ ਗਿਆ। ਤੁਰੰਤ ਹੀ ਕਬੂਤਰਾਂ ਦੀ ਡਾਰ ਦੇ ਕੁਝ ਕਬੂਤਰ ਚੋਗਾ ਚੁਗਣ ਲਈ ਆ ਬੈਠੇ ਸ਼ਿਕਾਰੀ ਨੇ ਰੱਸੀ ਖਿੱਚ ਲਈ। ਉਹ ਵਿਚਾਰੇ ਜਾਲ ਵਿੱਚ ਫਸ ਗਏ ਤੇ ਫੜਫੜਾਉਣ ਲੱਗੇ, ਪਰ ਹੁਣ ਕੀ ਹੋ ਸਕਦਾ ਸੀ? ਇਸ ਤਰ੍ਹਾਂ ਸ਼ਿਕਾਰੀ ਨੂੰ ਮੌਜ ਲੱਗ ਗਈ। ਉਹ ਹਰ ਰੋਜ਼ ਜੰਗਲ ਵਿੱਚ ਜਾ ਕੇ ਕਬੂਤਰ ਫੜ ਲਿਆਇਆ ਕਰੇ।

ਜਦੋਂ ਕਬੂਤਰਾਂ ਦੀ ਗਿਣਤੀ ਬਹੁਤ ਘੱਟ ਗਈ ਤਾਂ ਉਹ ਸੋਚਣ ਲਈ ਮਜਬੂਰ ਹੋ ਗਏ ਕਿ ਸ਼ਿਕਾਰੀ ਤੋਂ ਕਿਵੇਂ ਬਚਿਆ ਜਾਵੇ? ਇਸ ਦੇ ਲਈ ਉਨ੍ਹਾਂ ਨੇ ਇਕੱਠੇ ਹੋ ਕੇ ਇੱਕ ਸਭਾ ਬੁਲਾਈ ਤੇ ਲੱਗੇ ਵਿਚਾਰ-ਵਟਾਂਦਰਾ ਕਰਨ। ਜਦੋਂ ਵਿਚਾਰ-ਵਟਾਂਦਰੇ ਵਿੱਚ ਕੋਈ ਵੀ ਗੱਲ ਸਿਰੇ ਨਾ ਲੱਗੀ ਤਾਂ ਉਨ੍ਹਾਂ ਵਿੱਚੋਂ ਇੱਕ ਨੇ ਕਿਹਾ, "ਸਾਡੇ ਵਿੱਚੋਂ ਸਭ ਤੋਂ ਸਿਆਣਾ ਤੇ ਬਜ਼ੁਰਗ ਕਬੂਤਰ ਤਾਂ ਇੱਕ ਪਾਸੇ ਬੈਠਾ ਹੈ ਤੇ ਕੋਈ ਹੁੰਗਾਰਾ ਵੀ ਨਹੀਂ ਭਰ ਰਿਹਾ। ਉਸ ਤੋਂ ਪੁੱਛਿਆ ਜਾਵੇ।" ਸਾਰਿਆਂ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ। ਜਦੋਂ ਉਸ ਤੋਂ ਇਸ ਬਾਰੇ ਰਾਇ ਲੈਣ ਲੱਗੇ ਤਾਂ ਉਸ ਨੇ ਕਿਹਾ ਮੇਰੇ ਕੋਲ ਇੱਕ ਗੀਤ ਹੈ ਜਿਸ ਨਾਲ ਤੁਹਾਡਾ ਸਭ ਦਾ ਬਚਾਓ ਹੋ ਸਕਦਾ ਹੈ।

ਹੋਰ ਉਨ੍ਹਾਂ ਨੂੰ ਕੀ ਚਾਹੀਦਾ ਸੀ? ਸਾਰੇ ਉਸ ਦਾ ਸ਼ਬਦ ਸੁਣਨ ਲਈ ਉਤਾਵਲੇ ਹੋ ਗਏ। ਉਸ ਨੇ ਕਿਹਾ ਮੈਂ ਤੁਹਾਨੂੰ ਇੱਕ ਗੀਤ ਬਣਾ ਦਿੰਦਾ ਹਾਂ ਇਸ ਨੂੰ ਹਰ ਵਕਤ ਗੁਣਗੁਣਾਉਂਦੇ ਰਹਿਣਾ, ਤੁਹਾਡਾ ਬਚਾਅ ਹੋ ਜਾਇਆ ਕਰੇਗਾ। ਉਹ ਸੀ: ''ਸ਼ਿਕਾਰੀ ਆਊਗਾ ਜਾਲ ਵਿਛਾਊਗਾ, ਚੋਗਾ ਪਾਊਗਾ ਚੋਗਾ ਨਹੀਂ ਚੁਗਣਾ।''

ਸਾਰੇ ਕਬੂਤਰਾਂ ਦੇ ਛੇਤੀ ਹੀ ਇਹ ਗੀਤ ਕੰਠ ਹੋ ਗਿਆ। ਜਦੋਂ ਦੂਜੇ ਦਿਨ ਸ਼ਿਕਾਰੀ ਆਇਆ ਤਾਂ ਉਸ ਨੇ ਜਾਲ ਵਿਛਾ ਕੇ ਚੋਗਾ ਪਾਇਆ ਤੇ ਲੁਕ ਕੇ ਬੈਠ ਗਿਆ, ਪਰ ਕੋਈ ਵੀ ਕਬੂਤਰ ਨਾ ਆਇਆ ਕਿਉਂਕਿ ਬੱਚਿਓ ਉਨ੍ਹਾਂ ਦੇ ਗੀਤ ਚੰਗੀ ਤਰ੍ਹਾਂ ਸਮਝ ਵਿੱਚ ਆ ਗਿਆ ਸੀ। ਸ਼ਿਕਾਰੀ ਸ਼ਾਮ ਤਕ ਬੈਠਾ ਰਿਹਾ, ਪਰ ਕੋਈ ਵੀ ਸ਼ਿਕਾਰ ਨਾ ਮਿਲਣ ਕਰਕੇ ਅਖੀਰ ਮਾਯੂਸ ਹੋ ਕੇ ਘਰ ਚਲਾ ਗਿਆ। ਸ਼ਿਕਾਰੀ ਕਿਉਂਕਿ ਦਿਮਾਗੀ ਤੌਰ 'ਤੇ ਬੜੇ ਚਲਾਕ ਹੁੰਦੇ ਹਨ। ਉਸ ਨੇ ਮਨ ਵਿਚ ਧਾਰ ਲਈ ਕਿ ਕੁਝ ਹੀ ਦਿਨਾਂ ਵਿੱਚ ਇਸ ਗੱਲ ਦਾ ਹੱਲ ਕੱਢ ਲਿਆ ਜਾਵੇਗਾ। ਇਸ ਲਈ ਸ਼ਿਕਰੀ ਕੁਝ ਦਿਨਾਂ ਲਈ ਜੰਗਲ ਵਿੱਚ ਨਾ ਗਿਆ। ਉਧਰ ਕਬੂਤਰਾਂ ਦੀ ਜ਼ਿੰਦਗੀ ਵੀ ਵਧੀਆ ਲੰਘਣ ਲੱਗੀ। ਉਹ ਸਵੇਰੇ-ਸ਼ਾਮ ਗੀਤ ਨੂੰ ਜ਼ਰੂਰ ਦੁਹਰਾ ਲਿਆ ਕਰਦੇ ਸਨ। ਬੱਚਿਓ, ਤੁਸੀਂ ਵੇਖਿਆ ਹੋਵੇਗਾ ਕਿ ਜਦੋਂ ਅਸੀਂ ਕਿਸੇ ਗੱਲ ਦਾ ਵਾਰ-ਵਾਰ ਦੁਹਰਾਓ ਕਰਦੇ ਹਾਂ ਤਾਂ ਉਸ ਦੀ ਮੂਲ ਭਾਵਨਾ ਭੁੱਲ ਜਾਂਦੇ ਹਾਂ। ਇਸੇ ਤਰ੍ਹਾਂ ਹੀ ਹੋਇਆ ਕਬੂਤਰਾਂ ਨਾਲ। ਕਾਫ਼ੀ ਸਮੇਂ ਬਾਅਦ ਸ਼ਿਕਾਰੀ ਆਇਆ। ਉਸ ਨੇ ਜਾਲ ਵਿਛਾਇਆ ਤੇ ਚੋਗਾ ਖਿਲਾਰ ਕੇ ਦੂਰ ਲੁਕ ਕੇ ਬੈਠ ਗਿਆ। ਕਬੂਤਰਾਂ ਨੇ ਬੇਸ਼ੱਕ ਗੀਤ ਦੀ ਦੁਹਰਾਈ ਤਾਂ ਸਹਿਜ ਸੁਭਾਅ ਕਰ ਲਈ ਸੀ, ਪਰ ਚੌਕਸ ਨਹੀਂ ਸਨ। ਉਹ ਝੱਟ ਚੋਗੇ 'ਤੇ ਝਪਟ ਪਏ ਅਤੇ ਜਾਲ ਵਿੱਚ ਫਸ ਗਏ, ਪਰ ਹੁਣ ਕੁਝ ਵੀ ਨਹੀਂ ਹੋ ਸਕਦਾ ਸੀ।

**ਸਿੱਖਿਆ:**-ਸਿਆਣਿਆਂ ਵੱਲੋਂ ਦਿੱਤੀਆਂ ਸਿੱਖਿਆਵਾਂ ਦੀ ਸਿਰਫ਼ ਦੁਹਰਾਈ ਹੀ ਨਹੀਂ ਕਰਨੀ ਚਾਹੀਦੀ ਸਗੋਂ ਉਨ੍ਹਾਂ ਦੀ ਮੂਲ ਭਾਵਨਾ ਨੂੰ ਵੀ ਚੇਤੇ ਰੱਖਣਾ ਚਾਹੀਦਾ ਹੈ। -0-

## ਸਿਖਿਆਦਾਇਕ ਸੱਚਾਈਆਂ

- ਸਿਆਣਾ ਬੰਦਾ ਕੰਮ ਕਰਨ ਤੋਂ ਪਹਿਲਾਂ ਸੋਚਦਾ ਹੈ, ਮੂਰਖ ਬਾਅਦ 'ਚ।
- ਧੋਖੇਬਾਜ਼ ਮਿੱਤਰ ਨਾਲੋਂ ਗ਼ੈਰਤਮੰਦ ਦੁਸ਼ਮਣ ਚੰਗਾ ਹੁੰਦਾ ਹੈ।
- ਪਰਿਵਾਰ ਦਾ ਇਕੱਠ ਬਜ਼ੁਰਗਾਂ ਦੀ ਸੂਝ ਦਾ ਪ੍ਰਮਾਣ ਹੈ।
- ਕੁਰਬਾਨੀ ਜ਼ੁਲਮ ਦਾ ਅੰਤ ਕਰਦੀ ਹੈ।
- ਪੈਸਾ ਜੋੜਨ ਨਾਲੋਂ ਸਿਰ ਜੋੜਨਾ ਵੱਡੀ ਕਲਾ ਹੁੰਦੀ ਹੈ।
- **'ਜੇ'** ਹਰ ਕਾਰਜ ਤੇ ਰੋਕ ਲਾਉਂਦੀ ਹੈ।
- ਨਿਰ-ਸਵਾਰਥ ਰਿਸ਼ਤੇ ਅਟੁੱਟ ਨਿਭਦੇ ਹਨ।
- ਚਤੁਰਾਈ ਪੱਲੇ ਸਿਰਫ਼ ਪਛਤਾਵਾ ਪੈਂਦਾ ਹੈ।
- ਹਰਾਮ ਦਾ ਪੈਸਾ ਹੰਕਾਰ ਦਾ ਬੀਜ ਹੁੰਦਾ ਹੈ।

-0-

## ਕੀਮਤੀ ਐਤਵਾਰ

ਮੌਜਾਂ ਵਿੱਚ ਨਾ ਸਮਾਂ ਗਵਾਉ, ਕੀਮਤੀ ਐਤਵਾਰ ਦਾ,
ਮਾਤਾ-ਪਿਤਾ ਦੀ ਮਦਦ ਕਰ ਕੇ ਮਾਣ ਬਣੋ ਪਰਿਵਾਰ ਦਾ।

ਨਹੁੰ ਅਪਣੇ ਜ਼ਰੂਰ ਕੱਟੋ, ਸਿਰ ਦੇ ਵਾਲ ਨਹਾ ਕੇ,
ਆਪੇ ਧੋ ਕੇ ਤੈਹਵਾਂ ਲਾਵੋ, ਕਪੜੇ ਧੁੱਪ ਦੇ ਵਿੱਚ ਸੁਕਾ ਕੇ,
ਦਾਦੇ ਦੇ ਵੀ ਆਵੋ ਕੰਮ, ਜੋ ਜਾਨ ਤੁਹਾਥੋਂ ਵਾਰਦਾ,
ਮੌਜਾਂ ਵਿੱਚ ਨਾ ਸਮਾਂ ਗਵਾਉ, ਕੀਮਤੀ ਐਤਵਾਰ ਦਾ।

ਘਰ ਦੇ ਸਾਰੇ ਜੀਆਂ ਦੇ ਨਾਲ ਰੌਣਕ-ਮੇਲਾ ਲਾਉ,
ਟੀ. ਵੀ. ਵੇਖ ਕੇ, ਗੇਮਾਂ ਖੇਡ ਕੇ, ਮਨ ਨਾ ਕੁਰਾਹੇ ਪਾਉ,
ਬਹੁਤਾ ਸੌਂ ਕੇ, ਖਾ ਕੇ, ਸਰੀਰ ਰਹੇ ਨਾ ਕਿਸੇ ਕੰਮ-ਕਾਰ ਦਾ,
ਮੌਜਾਂ ਵਿੱਚ ਨਾ ਸਮਾਂ ਗਵਾਉ, ਕੀਮਤੀ ਐਤਵਾਰ ਦਾ।

ਸੋਮਵਾਰ ਤੋਂ ਸ਼ਨੀਵਾਰ ਦੀ ਵਿਉਂਤ ਬਣਾਉ ਇੰਨ-ਬਿੰਨ,
ਜ਼ਰੂਰੀ ਕੰਮਾਂ ਦੀ ਵਿਉਂਤ ਲਈ ਵਧੀਆ ਐਤਵਾਰ ਦਾ ਦਿਨ,
ਬਿਨਾਂ ਵਿਉਂਤ ਤੋਂ ਬੜਾ ਸਮਝਦਾਰ ਮਨੁੱਖ ਵੀ ਹਾਰਦਾ,
ਮੌਜਾਂ ਵਿੱਚ ਨਾ ਸਮਾਂ ਗਵਾਉ, ਕੀਮਤੀ ਐਤਵਾਰ ਦਾ।

-0-

# ਪੁਰਾਤਨ ਲੰਗਰ ਮਰਿਯਾਦਾ ਅਤੇ ਅਜੋਕਾ ਪ੍ਰਬੰਧ

**ਇਤਿਹਾਸਕ ਗੁਰਦੁਆਰਿਆਂ ਵਿੱਚ ਜਿੱਥੇ 24 ਘੰਟੇ ਗੁਰੂ ਦਾ ਲੰਗਰ ਚਲਦਾ ਹੈ ਉਥੇ ਪੰਗਤ ਦੀ ਮਰਿਯਾਦਾ ਬਖੂਬੀ ਨਿਭਾਈ ਜਾਂਦੀ ਹੈ ਪਰ ਜਿਹੜੇ ਗੁਰੂ ਘਰਾਂ ਵਿੱਚ ਦਿਨ ਦਿਹਾੜੇ ਭਾਵ ਗੁਰਪੁਰਬਾਂ ਤੇ ਹੀ ਥੋੜ੍ਹੇ ਸਮੇਂ ਲਈ ਲੰਗਰ ਲਾਇਆ ਜਾਂਦਾ ਹੈ ਉਥੇ ਪੰਗਤ ਤਾਂ ਲੱਗਦੀ ਹੈ ਪਰ ਜ਼ਿਆਦਾ ਲੋਕ ਡੱਬਿਆਂ ਵਿੱਚ ਪਾ ਕੇ ਘਰ ਲਿਜਾਣ ਲਈ ਚਾਹਵਾਨ ਹੁੰਦੇ ਹਨ ਉਹ ਪੰਗਤ ਦੇ ਸਿਧਾਂਤ ਤੋਂ ਮੂੰਹ ਫੇਰ ਲੈਂਦੇ ਹਨ ਅਤੇ ਉਥੋਂ ਘਰ ਬੈਠੇ ਜੀਆਂ ਵਾਸਤੇ ਲੰਗਰ ਲਿਜਾਣ ਨੂੰ ਤਰਜੀਹ ਦਿੰਦੇ ਹਨ। ਉਨ੍ਹਾਂ ਦੇ ਮਨ ਵਿੱਚ ਲੰਗਰ ਛਕਣਾ ਜ਼ਰੂਰੀ ਹੁੰਦਾ ਹੈ ਭਾਵੇਂ ਘਰ ਬਹਿ ਕੇ ਹੀ ਖਾਧਾ ਜਾਵੇ।**



**ਕੈਪਟਨ ਅਵਤਾਰ ਸਿੰਘ**
**97819-90206**

ਲੰਗਰ ਦੀ ਪ੍ਰਥਾ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਨੇ ਚਲਾਈ ਸੀ ਅਤੇ ਅੱਜ ਤੱਕ ਨਿਰੰਤਰ ਤੌਰ ’ਤੇ ਵੱਡੇ ਪੱਧਰ ਤੇ ਲੰਗਰ ਚੱਲ ਰਹੇ ਹਨ। ਗੁਰਦੁਆਰਾ ਸਾਹਿਬ ਜੀ ਦੇ ਪੰਜ ਜ਼ਰੂਰੀ ਤੱਤਾਂ ਵਿੱਚ ਲੰਗਰ ਦਾ ਨਾਂ ਸ਼ਾਮਲ ਹੈ। ਅੱਜ ਸਾਰੀ ਦੁਨੀਆਂ ਵਿੱਚ ਸਿੱਖ ਕੌਮ ਦੀ ਪਹਿਚਾਣ ਗੁਰੂ ਦੇ ਲੰਗਰਾਂ ਕਰਕੇ ਵੱਖਰੇ ਤੌਰ ਤੇ ਬਣੀ ਹੋਈ ਹੈ ਅਤੇ ਇਸ ਪ੍ਰਥਾ ਨੂੰ ਵੇਖਦਿਆਂ ਹੋਇਆਂ ਬਾਕੀ ਧਰਮਾਂ ਦੇ ਲੋਕਾਂ ਨੇ ਵੀ ਲੰਗਰ ਲਾਉਣੇ ਸ਼ੁਰੂ ਕਰ ਦਿੱਤੇ ਹਨ। ਇਹ ਲੰਗਰ ਕੇਵਲ ਗੁਰਦੁਆਰਾ ਸਾਹਿਬ ਤੱਕ ਹੀ ਸੀਮਤ ਨਾ ਰਹਿ ਕੇ ਹਰ ਆਈ ਆਫਤ ਸਮੇਂ ਵੀ ਵੱਧ ਚੜ ਕੇ ਵਰਤਾਏ ਜਾਂਦੇ ਹਨ। ਲੋੜਵੰਦ ਲਈ ਲੰਗਰ ਲਾਉਣੇ ਸਿੱਖ ਧਰਮ ਦਾ ਅਨਿਖੜਵਾਂ ਅੰਗ ਬਣ ਚੁੱਕਾ ਹੈ।

ਧੰਨ ਗੁਰੂ ਅਮਰਦਾਸ ਜੀ ਸਮੇਂ ਪੰਗਤ ਦੀ ਰੀਤ ਬਹੁਤ ਚੜ੍ਹਦੀ ਕਲਾਂ ਵਿੱਚ ਪਹੁੰਚ ਗਈ ਸੀ। ਪਰ ਜਾਤ ਅਭਿਮਾਨੀ ਲੋਕ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਤੋਂ ਆਨਾਕਾਨੀ ਕਰਦੇ ਸਨ। ਗੁਰੂ ਨਾਨਕ ਸਾਹਿਬ ਜੀ ਨੇ ਜਿੱਥੇ ਲੰਗਰ ਭੁੱਖੇ ਸਾਧੂਆਂ ਭਾਵ ਲੋੜਵੰਦਾਂ ਨੂੰ ਛਕਾਇਆ ਸੀ ਉਥੇ ਜਾਤ-ਪਾਤ ਦੇ ਕੋਹੜ ਨੂੰ ਖਤਮ ਕਰਨਾ ਵੀ ਮੁੱਖ ਉਦੇਸ਼ ਸੀ। ਗੁਰੂ ਅੰਗਦ ਸਾਹਿਬ ਜੀ ਦੇ ਸਮੇਂ ਲੰਗਰ ਵਿੱਚ ਬਹੁਤ ਹੀ ਪੋਸ਼ਟਿਕ ਅਹਾਰ ਮਿਲਦਾ ਸੀ ਜਿਸ ਨੂੰ ਛਕਣ ਤੇ ਸਰੀਰਕ ਬਲ ਉਪਜਦਾ ਸੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸੱਤੇ ਬਲਵੰਡ ਦੀ ਵਾਰ ਵਿੱਚ ਲੰਗਰ ਪ੍ਰਤੀ ਭਾਈ ਸਾਹਿਬ ਜੀ ਦੇ ਬਚਨ ਹਨ।

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥**
**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ (967)**

ਗੁਰੂ ਅਮਰਦਾਸ ਜੀ ਦੇ ਸਮੇਂ ਅਖੌਤੀ ਉਚੀਆਂ ਜਾਤਾਂ ਵਾਲੇ ਗਰੀਬਾਂ ਅਤੇ ਅਖੌਤੀ ਨੀਵੀਂ ਜਾਤੀ ਵਾਲਿਆਂ ਨਾਲ ਪੰਗਤ ਵਿੱਚ ਬੈਠਣ ਤੋਂ ਗੁਰੇਜ ਕਰਦੇ ਸਨ। ਗੁਰੂ ਸਾਹਿਬ ਜੀ ਦੇ ਉਪਦੇਸ਼ ਤਾਂ ਸੁਣਦੇ ਸਨ ਪਰ ਲੰਗਰ ਸਮੇਂ ਖਿਸਕ ਜਾਂਦੇ ਸਨ। ਗੁਰੂ ਅਮਰਦਾਸ ਸਾਹਿਬ ਜੀ ਨੇ ਇਹ ਹੁਕਮ ਜਾਰੀ ਕਰ ਦਿੱਤਾ ਕਿ ਜੋ ਵੀ ਗੁਰੂ ਦਰਬਾਰ ਵਿੱਚ ਆਵੇ ਉਹ ਪੰਗਤ ਵਿੱਚ ਬੈਠ ਕੇ ਲੰਗਰ ਛਕੇ ਅਤੇ ਲਿਖ ਕੇ ਲਗਾ ਦਿੱਤਾ ਗਿਆ ਕਿ “**ਪਹਿਲੇ ਪੰਗਤ ਪਾਛੇ ਸੰਗਤ**” ਇਸ ਹੁਕਮ ਉੱਤੇ 100% ਅਮਲ ਕੀਤਾ ਗਿਆ ਭਾਰਤ ਦਾ ਬਾਦਸ਼ਾਹ ਅਕਬਰ ਗੁਰੂ ਸਾਹਿਬ ਨੂੰ ਮਿਲਣ ਆਏ ਉਸ ਨੇ ਵੀ ਪਹਿਲਾਂ ਆਮ ਲੋਕਾਂ ਨਾਲ ਬੈਠ ਕੇ ਲੰਗਰ ਛਕਿਆ ਅਤੇ ਫਿਰ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ। ਅਕਬਰ ਬਾਦਸ਼ਾਹ ਗੁਰੂ ਘਰ ਦੀ ਮਰਿਆਦਾ ਵੇਖ ਕੇ ਇੰਨਾ ਖੁਸ਼ ਹੋਇਆ ਕਿ ਉਨ੍ਹਾਂ ਨੇ ਲੰਗਰ ਵਾਸਤੇ ਜਗੀਰ ਦੇਣ ਦੀ ਪੇਸ਼ਕਸ ਕਰ ਦਿੱਤੀ ਪਰ ਗੁਰੂ ਸਾਹਿਬ ਜੀ ਨੇ ਬੜੇ ਸਲੀਕੇ ਨਾਲ ਸਮਝਾਇਆ ਕਿ ਇਹ ਲੰਗਰ ਸੰਗਤਾਂ ਦੇ ਟਕੇ-ਟਕੇ ਨਾਲ ਹੀ ਚਲਦਾ ਹੈ। ਜੇ ਤੁਸੀਂ ਕਰਨਾ ਚਾਹੁੰਦੇ ਹੋ ਤਾਂ ਗਰੀਬ ਕਿਸਾਨਾਂ ਦਾ ਮਾਲੀਆ ਮੁਆਫ ਕਰ ਦਿਉ। ਭਾਵ ਲੰਗਰ ਨੂੰ ਸੰਗਤਾਂ ਦਾ ਹੀ ਰਹਿਣ ਦਿੱਤਾ, ਸਰਕਾਰੀ ਲੰਗਰ ਨਾ ਬਣਨ ਦਿੱਤਾ। ਅੱਜ ਤੱਕ ਵੀ ਲੰਗਰ ਵਿੱਚ ਹਰ ਕੋਈ ਸੇਵਾ ਪਾ ਸਕਦਾ ਹੈ ਅਤੇ ਹਰ ਕੋਈ ਪੰਗਤ ਵਿੱਚ ਬੈਠ ਕੇ ਲੰਗਰ ਛਕ ਸਕਦਾ ਹੈ ਕਿਸੇ ਵੀ ਧਰਮ,ਜਾਤ ਪਾਤ ਨੂੰ ਮਨਾਹੀ ਨਹੀਂ ਹੈ।

ਗੁਰੂ ਦਾ ਹੁਕਮ ਸੀ ਕਿ ਲੋੜਵੰਦ ਨੂੰ ਲੰਗਰ ਛਕਾਇਆ ਜਾਵੇ ਪਰ ਅੱਜ ਅਸੀਂ ਨਾਂ ਤਾਂ ਗੁਰੂ ਦਾ ਲੰਗਰ ਹੀ ਵਰਤਾ ਰਹੇ ਹਾਂ ਸਗੋਂ ਗੁਰੂ ਜੀ ਦੇ ਲੰਗਰ ਸਬੰਧੀ ਬਣਾਏ ਸਿਧਾਂਤ ਤੋਂ ਥਿੜਕ ਚੁੱਕੇ ਹਾਂ। ਅੱਜ ਲੋੜਵੰਦਾਂ ਲਈ ਲੰਗਰ ਨਹੀਂ ਸਗੋਂ ਈਰਖਾ ਵੱਸ ਅਤੇ ਆਪਣੀ ਹਉਮੈ ਭਰੀ ਚੌਧਰ ਨੂੰ ਮੁੱਖ ਰੱਖਿਆ ਜਾ ਰਿਹਾ ਹੈ ਹੋਲਾ ਮਹੱਲਾ, ਮੇਲਾ ਬਾਬਾ ਬੁੱਢਾ ਜੀ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਸਮੇਂ ਅਤੇ ਹੋਰ ਵੀ ਮੌਕਿਆਂ ਤੇ ਪਿੰਡਾਂ ਵਿੱਚ ਸੜਕਾਂ ਤੇ ਇਨੀ ਵੱਡੀ ਤਦਾਦ ਵਿੱਚ ਲੰਗਰਾਂ ਦਾ ਆਯੋਜਨ ਕੀਤਾ ਜਾਂਦਾ ਹੈ ਅਤੇ ਸਾਰੇ ਨਗਰ ਵਾਲੇ ਰਲ ਮਿਲ ਕੇ ਸੇਵਾ ਕਰਦੇ ਹਨ ਪਰ ਲੋੜਵੰਦ ਬਹੁਤ ਘੱਟ ਹੁੰਦੇ ਹਨ ਭਾਵ ਇੱਕ ਕਿਲੋਮੀਟਰ ਦੇ ਅੰਦਰ 2-3 ਲੰਗਰ ਲਗਾ ਦਿੱਤੇ ਜਾਣ ਤਾਂ ਰਾਹੀ ਕਿੰਨਾ ਕੁ ਛਕਣਗੇ, ਸੜਕਾਂ ਤੇ ਟਾਇਰ ਜਾਂ ਹੋਰ ਚੀਜ਼ਾਂ ਰੱਖ ਕੇ ਰੁਕਾਵਟਾਂ ਖੜੀਆਂ ਕਰਕੇ ਹੱਥਾਂ ਵਿੱਚ ਡਾਂਗਾਂ ਫੜੀ ਲੰਗਰ ਛਕੋ ਦੀਆਂ ਆਵਾਜ਼ਾਂ ਮਾਰਦੇ ਹਨ ਜਿਥੇ ਜਗਾਹ ਘੱਟ ਹੋਵੇ ਉਥੇ ਟਰੈਫਿਕ ਦੀ ਮੁਸ਼ਕਲ ਆ ਜਾਂਦੀ ਹੈ। ਸਕੂਲੀ ਬੱਚੇ, ਇੰਟਰਵਿਊ ਐਬੂਲੈਂਸ ਸਾਰਾ ਕੁਝ ਰੁਕ ਜਿਹਾਂ ਜਾਂਦਾ ਹੈ ਇੰਜ ਪ੍ਰਤੀਤ ਹੁੰਦਾ ਹੈ ਕਿ ਛਕਣ ਵਾਲਿਆਂ ਨੂੰ ਲੋੜ ਘੱਟ ਹੈ ਪਰ ਲੰਗਰ ਛਕਾਉਣ ਵਾਲਿਆਂ ਨੂੰ ਜ਼ਿਆਦਾ ਜ਼ਰੂਰਤ



ਜਾਪਦੀ ਹੈ ਕਈ ਜਗ੍ਹਾਂ ਸੜਕਾਂ ਤੇ ਹਾਦਸੇ ਵਾਪਰੇ ਹਨ ਅਤੇ ਜ਼ਖ਼ਮੀ ਹੋਣ ਦੇ ਨਾਲ ਕਈ ਥਾਵਾਂ ਤੇ ਮੌਤਾਂ ਵੀ ਹੋ ਗਈਆਂ ਹਨ। ਗੁਰੂ ਜੀ ਦੇ ਸਮੇਂ ਲੰਗਰਾਂ ਵਿੱਚ ਦਾਲ ਫੁਲਕਾ ਅਤੇ ਪੌਸਟਿਕ ਅਹਾਰ ਬਣਾਇਆ ਜਾਂਦਾ ਸੀ ਪਰ ਅੱਜ ਕੱਲ ਲੰਗਰਾਂ ਦੇ ਮੁਕਾਬਲੇ ਚੱਲ ਪਏ ਹਨ ਅਤੇ ਕੋਈ ਇਹੋ ਜਿਹੀ ਚੀਜ਼ ਨਹੀਂ ਹੈ ਜੋ ਲੰਗਰ ਵਿੱਚ ਸ਼ਾਮਲ ਨਾ ਕੀਤੀ ਹੋਵੇ ਭਾਵ-ਜਲੇਬੀਆਂ, ਪਕੌੜੇ, ਫਰੂਟੀ, ਪੀਜੇ, ਸਮੋਸੇ, ਬਰਗਰ, ਨੂਡਲ ਅਤੇ ਹੋਰ ਵੀ ਫਾਸਟ ਫੂਡ ਨੂੰ ਲੰਗਰ ਦਾ ਨਾਂ ਦੇ ਦਿੱਤਾ। ਇਨਾਂ ਚੀਜ਼ਾਂ ਨੂੰ ਪੰਗਤ ਵਿੱਚ ਵਰਤਾਉਣ ਦੀ ਬਜਾਏ ਦੂਰੋ ਉਚੀ ਜਗ੍ਹਾ ਤੇ ਖਲੋ ਕੇ ਸੁਟਿਆ ਜਾਣ ਲੱਗ ਪਿਆ ਹੈ ਇਥੇ ਲੰਗਰ ਛਕਣ ਵਾਲੇ ਘੱਟ ਅਤੇ ਝੋਲੇ ਭਰਨ ਵਾਲੇ ਜ਼ਿਆਦਾ ਨਜ਼ਰ ਆਉਣਗੇ। ਲੰਗਰ ਦੀ ਮਰਿਯਾਦਾ ਦਾ ਘਾਣ ਹੋਇਆ ਹੀ ਹੈ ਨਾਲ ਨਾਲ ਗੁਰਮਤਿ ਸਮਾਗਮਾਂ ਉਤੇ ਵੀ ਖਾਣ-ਪੀਣ ਦੀਆਂ ਵਸਤੂਆਂ ਭਾਰੀ ਹੋ ਗਈਆਂ ਹਨ।ਨਗਰ-ਕੀਰਤਨ, ਪ੍ਰਭਾਤ ਫੇਰੀਆਂ ਦਾ ਮਕਸਦ ਗੁਰੂ ਜੱਸ ਅਤੇ ਬਾਣੀ ਗਾਉਣਾ ਸੀ ਪਰ ਉਹ ਸਾਰੇ ਲੰਗਰਾਂ ਦੇ ਸ਼ੋਰ ਸ਼ਰਾਬੇ ਵਿੱਚ ਹੀ ਦੱਬ ਕੇ ਰਹਿ ਗਏ।

ਹੁਣੇ ਹੁਣੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸੁਲਤਾਨਪੁਰ ਲੋਧੀ ਨੂੰ ਸੰਗਤਾਂ ਦੇ ਜਾਣ ਵਾਲੇ ਰਸਤਿਆਂ ਤੇ ਲੰਗਰ ਲਗਾਏ ਗਏ ਪਿੰਡਾਂ ਦੀ ਧੜੇਬਾਜ਼ੀ ਅਤੇ ਚੌਧਰ ਦੇ ਭੁੱਖੇ ਅਖੌਤੀ ਲੀਡਰ/ਸੇਵਾਦਾਰਾਂ ਨੇ ਇਕ ਪਿੰਡ ਵਿੱਚ ਹੀ ਦੋ ਦੋ ਜਗਾਹ ਤੇ ਲੰਗਰ ਲਗਾ ਦਿੱਤੇ ਦੱਸੋ 8-10 ਕਿਲੋਮੀਟਰ ਤੋਂ ਆਈ ਸੰਗਤ ਹਰ ਪਿੰਡ ਦੇ ਦੋ-ਦੋ ਲੰਗਰ ਵਿਚੋਂ ਕਿੰਨਾ ਕੁ ਛਕਣਗੇ ਫਿਰ ਇਨਾਂ ਜਗਾਹ ਤੇ ਗੁਰਬਾਣੀ ਕੀਰਤਨ, ਕਥਾ ਵੀਚਾਰ ਜਾਂ ਹੋਰ ਧਾਰਮਿਕ ਕਵਿਤਾਵਾਂ/ਕਵੀਸ਼ਰੀ ਦੀਆਂ ਆਵਾਜ਼ਾਂ ਸੁਣਨ ਨੂੰ ਘੱਟ ਮਿਲਦੀਆਂ ਹਨ। ਲੰਗਰ ਦੀਆਂ ਵਸਤਾਂ ਦਾ ਅਤੇ ਲੰਗਰ ਛਕਣ ਦੀਆਂ ਬੇਨਤੀਆਂ ਜ਼ਿਆਦਾ ਸੁਣਾਈ ਦਿੰਦੀਆਂ ਹਨ ਪਰ ਬਹੁਤਿਆਂ ਨੂੰ ਉਸ ਦਿਹਾੜੇ ਬਾਰੇ ਵੀ ਪਤਾ ਨਹੀਂ ਹੁੰਦਾ।



ਬਣੀਆਂ ਬਣਾਈਆਂ ਖਾਣ ਵਾਲੀਆਂ ਵਸਤਾਂ ਬਜ਼ਾਰ 'ਚੋਂ ਖਰੀਦ ਕੇ ਲੰਗਰ ਜਾਂ ਪ੍ਰਸ਼ਾਦਿ ਦੇ ਤੌਰ ਤੇ ਵਰਤਾਉਣੀਆਂ ਗੁਰਮਤਿ ਨਹੀਂ ਮਨਮਤਿ ਹੈ।ਜਿਵੇਂ ਸਮੋਸੇ, ਲੱਡੂ, ਬਰਫੀ ਅਤੇ ਹੋਰ ਫਾਸਟ ਫੂਡ ਲਿਆ ਕੇ ਗੁਰੂ ਦਾ ਲੰਗਰ ਕਹਿਣਾ ਘੋਰ ਮਨਮਤਿ ਹੈ।ਬਜ਼ਾਰ ਵਿੱਚ ਬਣੀ ਚੀਜ਼ ਸਾਫ ਸੁਥਰੀ ਨਹੀਂ ਹੁੰਦੀ ਅਤੇ ਸਿੱਖ ਧਰਮ ਵਿਚ ਵਰਜਿਤ ਚੀਜ਼ਾਂ ਜਿਵੇਂ ਤੰਬਾਕੂ ਆਦਿ ਖਾਣ ਵਾਲਿਆਂ ਦੇ ਹੱਥੋਂ ਬਣੀਆਂ ਹੁੰਦੀਆਂ ਹਨ ਉਹ ਕਿਵੇਂ ਗੁਰੂ ਦਾ ਲੰਗਰ ਹੋ ਸਕਦਾ ਹੈ? ਅੱਜ ਕੱਲ੍ਹ ਨਗਰ ਕੀਰਤਨਾਂ ਵਿੱਚ ਇਨਾ ਸ਼ੋਰ ਸ਼ਰਾਬਾ ਕਰ ਲਿਆ ਜਾਂਦਾ ਹੈ ਕਿ ਪਾਠ, ਕੀਰਤਨ ਜਾਂ ਢਾਡੀ ਕਵੀਸ਼ਰਾਂ ਦੀ ਅਵਾਜ਼ ਸਰੋਤਿਆਂ ਤੱਕ ਪਹੁੰਚਦੀ ਹੀ ਨਹੀਂ। ਸਾਰਾ ਧਿਆਨ ਲੰਗਰ ਜਾਂ ਖਾਣ ਵਾਲੀਆਂ ਵਸੂਤਆਂ ਵੰਡਣ ਤੇ ਹੀ ਲਾਇਆ ਜਾਂਦਾ ਹੈ।

ਗੁਰੂ ਮਰਿਆਦਾ ਅਨੁਸਾਰ ਲੰਗਰ ਪੰਗਤ ਵਿੱਚ ਬੈਠ ਕੇ ਬੜੇ ਪਿਆਰ ਅਤੇ ਸਲੀਕੇ ਨਾਲ ਵਰਤਾਇਆ ਅਤੇ ਛਕਿਆ ਜਾਂਦਾ ਹੈ ਪਰ ਰਸਤਿਆਂ ਉਤੇ ਲਾਏ ਲੰਗਰਾਂ ਵਿੱਚ ਮਰਿਯਾਦਾ ਦੀ ਘਾਟ ਨਜ਼ਰ ਆਉਂਦੀ ਹੈ ਖ਼ਾਸ ਕਰਕੇ ਪ੍ਰਭਾਤ ਫੇਰੀਆਂ ਅਤੇ ਨਗਰ ਕੀਰਤਨਾਂ ਵਿੱਚ ਗੁਰੂ ਸਿਧਾਂਤ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ।

ਇਤਿਹਾਸਕ ਗੁਰਦੁਆਰਿਆਂ ਵਿੱਚ ਜਿੱਥੇ 24 ਘੰਟੇ ਗੁਰੂ ਦਾ ਲੰਗਰ ਚਲਦਾ ਹੈ ਉਥੇ ਪੰਗਤ ਦੀ ਮਰਿਯਾਦਾ ਬਖੂਬੀ ਨਿਭਾਈ ਜਾਂਦੀ ਹੈ ਪਰ ਜਿਹੜੇ ਗੁਰੂ ਘਰਾਂ ਵਿੱਚ ਦਿਨ ਦਿਹਾੜੇ ਭਾਵ ਗੁਰਪੁਰਬਾਂ ਤੇ ਹੀ ਥੋੜੇ ਸਮੇਂ ਲਈ ਲੰਗਰ ਲਾਇਆ ਜਾਂਦਾ ਹੈ ਉਥੇ ਪੰਗਤ ਤਾਂ ਲੱਗਦੀ ਹੈ ਪਰ ਜ਼ਿਆਦਾ ਲੋਕ ਡੱਬਿਆਂ ਵਿੱਚ ਪਾ ਕੇ ਘਰ ਲਿਜਾਣ ਲਈ ਚਾਹਵਾਨ ਹੁੰਦੇ ਹਨ ਉਹ ਪੰਗਤ ਦੇ ਸਿਧਾਂਤ ਤੋਂ ਮੂੰਹ ਫੇਰ ਲੈਂਦੇ ਹਨ ਅਤੇ ਉਥੋਂ ਘਰ ਬੈਠੇ ਜੀਆਂ ਵਾਸਤੇ ਲੰਗਰ ਲਿਜਾਣ ਨੂੰ ਤਰਜੀਹ ਦਿੰਦੇ ਹਨ। ਉਨ੍ਹਾਂ ਦੇ ਮਨ ਵਿੱਚ ਲੰਗਰ ਛਕਣਾ ਜ਼ਰੂਰੀ ਹੁੰਦਾ ਹੈ ਭਾਵੇਂ ਘਰ ਬਹਿ ਕੇ ਹੀ ਖਾਧਾ ਜਾਵੇ। ਲੰਗਰ ਛਕਣਾ ਕਿਉਂ ਜ਼ਰੂਰੀ ਕੀਤਾ ਗਿਆ ਸੀ ਇਸ ਦਾ ਜ਼ਿਕਰ ਸ਼ੁਰੂ ਵਿੱਚ ਕਰ ਆਏ ਹਾਂ ਕਿ ਜਾਤ-ਪਾਤ ਦੇ ਕੋਹੜ ਨੂੰ ਖਤਮ ਕਰਨਾ ਸੀ ਅਤੇ ਲੋੜਵੰਦ ਨੂੰ ਲੰਗਰ ਛਕਾਉਣਾ ਸੀ ਨਾ ਕਿ ਬਿਨਾਂ ਜ਼ਰੂਰਤ ਤੋਂ ਘਰ ਲੈ ਕੇ ਆਉਣਾ।ਅਸੀਂ ਗੁਰੂ ਸਾਹਿਬ ਜੀ ਦੇ ਸਮੇਂ ਵਰਤਦੇ ਸ਼ਬਦ ਦੇ ਲੰਗਰ ਨੂੰ ਬਿਲਕੁਲ ਹੀ ਭੁੱਲ ਗਏ ਸਤੇ ਬਲਵੰਡ ਦੀ ਵਾਰ ਵਿਚ ਦਰਜ ਹੈ।

**ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥**
**ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥**
**ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥**
**ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ। (967)**

ਸਾਰੀ ਵਿਚਾਰ ਤੋਂ ਬਾਅਦ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਲੰਗਰ ਗੁਰੂ ਆਸ਼ੇ ਅਨੁਸਾਰ ਹੀ ਲਗਾਇਆ ਜਾਣਾ ਚਾਹੀਦਾ ਹੈ। ਜੰਕ ਫੂਡ ਵਗੈਰਾ ਨੂੰ ਲੰਗਰ ਦਾ ਹਿੱਸਾ ਨਹੀਂ ਬਣਾਉਣਾ ਚਾਹੀਦਾ। ਲੰਗਰ ਬਣਾਉਣ, ਵਰਤਾਉਣ ਅਤੇ ਜੂਠੇ ਬਰਤਨ ਸਾਫ ਕਰਨਾ ਗੁਰਦੁਆਰਾ ਸਾਹਿਬ ਦੀ ਮੁੱਢਲੀ ਸੇਵਾ ਸੀ, ਪਰ ਅੱਜ ਬਹੁਤੇ ਲੋਕਾਂ ਨੇ ਇਸ ਸੇਵਾ ਤੋਂ ਮੂੰਹ ਫੇਰ ਲਿਆ ਹੈ।ਇਸ ਕਰਕੇ ਬਜ਼ਾਰੀ ਚੀਜ਼ਾਂ ਨੂੰ ਲੰਗਰ ਵਿੱਚ ਸ਼ਾਮਲ ਕਰਨਾ ਅਤੇ ਡਿਸਪੋਜਲ ਬਰਤਨਾਂ ਦੀ ਵਰਤੋਂ ਵੱਧ ਗਈ ਹੈ।ਪੈਸਾ ਖਰਚੋ ਅਤੇ ਲੰਗਰ ਲਾਉਣ ਦੀ ਰੀਝ ਪੂਰੀ ਕਰੋ, ਪਰ ਹੱਥੀਂ ਸੇਵਾ ਕਰਨ ਤੋਂ ਵਾਝੇਂ ਰਹਿ ਗਏ।ਸਾਨੂੰ ਵਾਪਸ ਲੰਗਰ ਦੀ ਸੱਚੀ ਸੁੱਚੀ ਮਰਿਯਾਦਾ ਬਹਾਲ ਕਰਨੀ ਚਾਹੀਦੀ ਹੈ, ਭਾਵੇਂ ਉਹ ਘਰ ਹੋਵੇ, ਛੋਟੇ ਗੁਰਦੁਆਰੇ ਸਾਹਿਬ ਜਾਂ ਫਿਰ ਭਾਵੇਂ ਰਸਤੇ ਉਤੇ ਹੀ ਲੰਗਰ ਲਗਾਇਆ ਗਿਆ ਹੋਵੇ। ਛਬੀਲ ਸਮੇਂ ਵੀ ਠੰਡੇ ਮਿੱਠੇ ਪਾਣੀ ਦੀ ਜਗਾਹ ਫਰੂਟੀਆਂ, ਦੁੱਧ, ਸੋਡਾ ਅਤੇ ਸੋਫਟ ਡਰਿੰਕ ਦੀ ਜਿਆਦਾ ਵਰਤੋਂ ਹੋਣ ਲੱਗ ਪਈ ਹੈ। ਇਸ ਸਮੇਂ ਲੰਗਰ ਵਰਤਾਉਣ ਦੀ ਮਰਿਯਾਦਾ ਨੂੰ ਬਿਲਕੁਲ ਹੀ ਭੁਲ ਜਾਂਦੇ ਹਾਂ ਅਤੇ ਲੋਕ ਫਰੂਟੀਆਂ ਵਗੈਰਾ ਲੈਣ ਵਾਸਤੇ ਤਰਲੋਮੱਛੀ ਹੁੰਦੇ ਹੋਏ ਇਕ ਦੂਜੇ ਦੇ ਅੱਗੇ ਹੋਣ ਦੀ ਕੋਸ਼ਿਸ਼ ਕਰਦੇ ਹਨ। ਫਿਰ ਸੇਵਾਦਾਰ ਵੀ ਇਨ੍ਹਾਂ ਬਣੀਆਂ ਬਣਾਈਆਂ ਵਸਤਾਂ ਨੂੰ ਦੂਰੋਂ ਹੀ ਸੁੱਟਦੇ ਨਜ਼ਰ ਆਉਂਦਾ ਹਨ, ਜੋ ਬਹੁਤ ਹੀ ਅਣਉਚਿਤ ਹੈ ਅਤੇ ਬੁਰਾ ਲੱਗਦਾ ਹੈ। ਛਬੀਲ ਦਾ ਾਪਾਣੀ ਘਰੇ ਲਿਆਉਣ ਵਾਸਤੇ ਤਾਂ ਲਾਈਨਾਂ ਹੀ ਲੱਗ ਜਾਂਦੀਆਂ ਹਨ, ਜਿਸਦਾ ਕੇ ਜ਼ਿਆਦਾ ਪੀਣ ਨਾਲ ਨੁਕਸਾਨ ਹੀ ਹੁੰਦਾ ਹੈ ਪਰ ਸਭ ਕੁਝ ਹੋ ਰਿਹਾ ਹੈ ਅਤੇ ਇਸੇ ਨੂੰ ਸੇਵਾ ਅਤੇ ਸ਼ਰਧਾ ਸਮਝਿਆ ਜਾਂਦਾ ਹੈ।

ਅਖੀਰ ਵਿੱਚ ਇਹ ਹੀ ਕਹਾਂਗਾ ਕਿ ਲੰਗਰ ਗੁਰਦੁਆਰਾ ਸਾਹਿਬ ਵਿੱਚ ਚੱਲਣਾ ਜ਼ਰੂਰੀ ਹੈ ਸਾਡੀ ਕੌਮ ਦਾ ਮੁਢਲਾ-ਫਰਜ ਹੈ ਕਿ ਕੋਈ ਵੀ ਭੁੱਖਾ ਨਾ ਸਵੇਂ। ਧਿਆਨ ਯੋਗ ਗੱਲ ਇਹ ਹੀ ਹੈ ਕਿ ਗੁਰੂ ਮਰਿਯਾਦਾ ਵਿੱਚ ਰਹਿ ਕੇ ਵੱਧ ਤੋਂ ਵੱਧ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ ਪਰ ਧੱਕੇ ਨਾਲ ਰੱਜੇ ਨੂੰ ਹੋਰ ਖਵਾਉਣਾ ਚੰਗੀ ਗੱਲ ਨਹੀਂ ਹੈ।ਲੰਗਰ ਕੇਵਲ ਖਾਣ ਪੀਣ ਤੱਕ ਹੀ ਸੀਮਤ ਨਾ ਰਹੇ ਸਗੋਂ ਭਾਈ ਗੁਰਦਾਸ ਜੀ ਦੀ ਵਾਰ 24 ਪਉੜੀ 20 ਵਿੱਚ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਬਾਰੇ ਲਿਖਿਆ ਮਿਲਦਾ ਹੈ।

**ਚਾਰੇ ਚਕ ਨਿਵਾਇਓਨੁ ਸਿਖਸੰਗਤਿ ਆਵੈ ਅਗਣਤਾ।**
**ਲੰਗਰੁ ਚਲੈ ਗੁਰ ਸਬਦਿ ਪੂਰੇ ਪੂਰੀ ਬਣੀ ਬਣਤਾ।**

ਇਸ ਨੂੰ ਜੀਵਨ ਵਿੱਚ ਅਪਨਾਉਣਾ ਚਾਹੀਦਾ ਹੈ।

-0-



# ਕੀ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿੱਚ ਪੰਗਤ ਦੀ ਜਗ੍ਹਾ ਮੇਜ਼ ਕੁਰਸੀਆਂ 'ਤੇ ਲੰਗਰ ਛਕਾਉਣਾ ਜਾਇਜ਼ ਹੈ?

**ਸਿੱਖ ਸਮਾਜ ਵਿੱਚ ਅਲੱਗ ਅਲੱਗ ਜਥੇਬੰਦੀਆਂ ਦੀ ਅਲੱਗ ਅਲੱਗ ਮਰਿਯਾਦਾ ਹੋਣ ਕਰਕੇ ਸਭਨਾਂ ਜਥੇਬੰਦੀਆਂ ਦੀ ਵਿਚਾਰਧਾਰਾ ਵੀ ਅਲੱਗ ਅਲੱਗ ਬਣ ਚੁੱਕੀ ਹੈ। ਗੁਰਦੁਆਰਿਆਂ ਵਿੱਚ ਗਿਆਨਵਾਨ ਅਤੇ ਸਿੱਖ ਰਹਿਤ ਮਰਿਯਾਦਾ ਦੇ ਧਾਰਨੀ ਗ੍ਰੰਥੀ ਨਿਯੁਕਤ ਹੋ ਜਾਣਗੇ ਤਾਂ ਗੁਰਦੁਆਰਿਆਂ ਦਾ ਸਿਸਟਮ ਆਪਣੇ ਆਪ ਹੀ ਠੀਕ ਹੋ ਜਾਵੇਗਾ। ਜੇਕਰ ਗੁਰਦੁਆਰਿਆਂ ਵਿੱਚ ਲੰਗਰ ਛਕਣ-ਛਕਾਉਣ ਦੀ ਗੱਲ ਕਰੀਏ ਤਾਂ ਇਸ ਉਪਰ ਵੀ ਵਿਚਾਰਧਾਰਾ ਅਲੱਗ-ਅਲੱਗ ਹੈ। ਕੋਈ ਜਥੇਬੰਦੀ ਕਹਿੰਦੀ ਹੈ ਕਿ ਸੰਗਤ ਨੂੰ ਲੰਗਰ ਮੇਜ਼ ਕੁਰਸੀਆਂ 'ਤੇ ਬੈਠਾ ਕੇ ਛਕਾਉਣਾ ਚਾਹੀਦਾ ਹੈ ਉਨ੍ਹਾਂ ਵਿੱਚੋਂ ਕਈਆਂ ਨੇ ਤਾਂ ਗੁਰਦੁਆਰਿਆਂ ਵਿੱਚ ਮੇਜ਼ ਕੁਰਸੀਆਂ ਲਿਆ ਕੇ ਲਗਾ ਵੀ ਦਿੱਤੇ ਹਨ ਅਤੇ ਕਈ ਜਥੇਬੰਦੀਆਂ ਕਹਿੰਦੀਆਂ ਹਨ ਕਿ ਲੰਗਰ ਜ਼ਮੀਨ 'ਤੇ ਚੌਕੜੀ ਮਾਰ ਕੇ ਛਕਾਣਾ ਚਾਹੀਦਾ ਹੈ ਇਸ ਉਪਰ ਕਈ ਜਗ੍ਹਾ ਤੇ ਝਗੜੇ ਵੀ ਹੁੰਦੇ ਵੇਖੇ ਗਏ ਹਨ ਕਾਰਣ ਹੈ ਅਗਿਆਨਤਾ।**

ਮਨੁੱਖ ਦੀਆਂ ਤਿੰਨ ਮੁੱਖ ਜਰੂਰਤਾਂ ਮੰਨੀਆਂ ਜਾਂਦੀਆਂ ਹਨ: ਰੋਟੀ, ਕੱਪੜਾ ਅਤੇ ਮਕਾਨ।

**ਮਕਾਨ :** ਮਕਾਨ ਸੁਚੱਜੇ ਢੰਗ ਨਾਲ ਬਣਿਆ ਹੋਇਆ ਹੋਣਾ ਚਾਹੀਦਾ ਹੈ ਜਿਸ ਵਿੱਚ ਬਰਸਾਤ, ਧੁੱਪ ਅਤੇ ਹਨੇਰੀਆਂ ਦੇ ਪ੍ਰਭਾਵ ਤੋਂ ਬਚ ਕੇ ਮਨੁੱਖ ਸਕੂਨ ਪ੍ਰਾਪਤ ਕਰ ਸਕਦਾ ਹੋਵੇ।

**ਕੱਪੜਾ :** ਕੱਪੜਾ ਮਨੁੱਖ ਦੇ ਬਦਨ ਨੂੰ ਢੱਕਣ ਲਈ ਵਰਤਿਆ ਜਾਂਦਾ ਹੈ। ਕੱਪੜਾ ਸੁਚੱਜੇ ਢੰਗ ਨਾਲ ਸਭਿਆਚਾਰਕ ਤੌਰ ਤੇ ਤਿਆਰ ਕਰਵਾ ਕੇ ਪਹਿਨਿਆ ਜਾਵੇ, ਜਿਸ ਦੇ ਪਹਿਨਣ ਤੋਂ ਬਾਅਦ ਮਨੁੱਖ ਬੈਠਣ, ਉਠਣ ਵਿੱਚ ਤੰਗੀ ਮਹਿਸੂਸ ਨਾ ਕਰੇ ਤੇ ਸਕੂਨ ਵਿੱਚ ਰਹਿ ਸਕਦਾ ਹੋਵੇ। ਇਸ ਤੋਂ ਇਲਾਵਾ ਪੋਸ਼ਾਕ ਪਹਿਨਣ ਵਾਲੇ ਨੂੰ ਇਹ ਵੀ ਸੋਚ ਲੈਣਾ ਚਾਹੀਦਾ ਹੈ ਕਿ ਉਸਦਾ ਪਹਿਰਾਵਾ ਇਸ ਤਰ੍ਹਾਂ ਦਾ ਨਹੀਂ ਹੋਣਾ ਚਾਹੀਦਾ ਕਿ ਜਿਸ ਨੂੰ ਵੇਖ ਕੇ ਕਿਸੇ ਇੱਜ਼ਤਦਾਰ ਵਿਅਕਤੀ ਨੂੰ ਸ਼ਰਮ ਨਾਲ ਆਪਣਾ ਸਿਰ ਨਾ ਝੁਕਾਉਣਾ ਪਵੇ।

**ਰੋਟੀ :** ਮਨੁੱਖ ਨੂੰ ਵੀ ਬਾਕੀ ਜੀਵਾਂ ਵਾਂਗ ਆਪਣੇ ਆਪ ਨੂੰ ਜਿੰਦਾ ਰੱਖਣ ਲਈ ਭੋਜਨ ਕਰਨਾ ਪੈਂਦਾ ਹੈ। ਭੋਜਨ ਸਰੀਰ ਦੀ ਭੁੱਖ ਮਿਟਾਉਣ ਲਈ ਕੀਤਾ ਜਾਂਦਾ ਹੈ। ਭੋਜਨ ਸੁਚੱਜੇ ਢੰਗ ਨਾਲ ਤਿਆਰ ਕਰਕੇ ਖਾਣਾ ਚਾਹੀਦਾ ਹੈ ਤਾਂ ਜੋ ਸਰੀਰ ਨੂੰ ਕੋਈ ਬਿਮਾਰੀ ਨਾ ਲੱਗੇ।

ਗੁਰਮਤਿ ਅਨੁਸਾਰ ਰੱਬ ਦੀ ਪ੍ਰਾਪਤੀ ਕਰਨ ਲਈ ਕਿਰਤ ਕਰਨਾ ਜ਼ਰੂਰੀ ਹੈ। ਕਿਰਤ ਕਰਨ ਲਈ ਮਨੁੱਖ ਦਾ ਤਾਕਤਵਰ ਅਤੇ ਤੰਦਰੁਸਤ ਹੋਣਾ ਜ਼ਰੂਰੀ ਹੈ। ਗੁਰੂ ਅੰਗਦ ਪਾਤਸ਼ਾਹ ਨੇ ਮਨੁੱਖ ਦੀ ਇਸ ਜ਼ਰੂਰਤ ਨੂੰ ਸਮਝਦਿਆਂ ਹੋਇਆ ਆਪਣੇ ਮਹਿਲ ਮਾਤਾ ਖੀਵੀ ਜੀ ਨੂੰ ਸਖਤ ਤਾਕੀਦ ਕੀਤੀ ਸੀ ਕਿ ਉਹ ਲੰਗਰ ਆਪਣੀ ਨਿਗਰਾਨੀ ਵਿੱਚ ਤਿਆਰ ਕਰਵਾਉਣ ਤਾਂ ਜੋ ਲੰਗਰ ਛੱਕਣ ਵਾਲੇ ਹਮੇਸ਼ਾਂ ਤੰਦਰੁਸਤ ਰਹਿ ਸਕਣ।

ਅਨਮਤੀਆਂ ਵਿੱਚ ਮਕਾਨ ਵੀ ਵਾਸੂ ਸ਼ਾਸਤਰ ਅਨੁਸਾਰ ਬਣਾਏ ਜਾਂਦੇ ਹਨ ਕਪੜੇ ਵੀ ਕਈ ਪਹਿਰਾਵਿਆਂ ਦੇ ਰੂਪ ਵਿੱਚ ਪਾਏ ਜਾਂਦੇ ਹਨ ਅਤੇ ਭੋਜਨ ਛਕਣ ਦੀਆਂ ਵੀ ਕਈ ਅਲੱਗ ਅਲੱਗ ਮਰਿਯਾਦਾ ਤਿਆਰ ਕੀਤੀਆਂ ਹੋਈਆਂ ਵੇਖਣ ਨੂੰ ਮਿਲ ਜਾਂਦੀਆਂ ਹਨ ਪਰ ਸਿੱਖ ਸਮਾਜ ਇਹਨਾਂ ਬੰਧਨਾਂ ਤੋਂ ਮੁਕਤ ਹੈ। ਇਤਿਹਾਸ ਮੁਤਾਬਿਕ ਲੰਗਰ ਪ੍ਰਤੀ ਲਿਖਿਆ ਮਿਲਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਜੋ ਭੋਜਨ ਸੰਗਤਾਂ ਆਪਣੇ ਘਰਾਂ ਵਿੱਚ ਤਿਆਰ ਕਰਦੀਆਂ ਹਨ, ਉਸਨੂੰ ਵੀ ਗੁਰੂ ਜੀ ਦਾ ਲੰਗਰ ਹੀ ਜਾਨਣ। ਭਾਵ ਕਿ ਲੰਗਰ ਨੂੰ ਛਕਣ ਛਕਾਉਣ ਅਤੇ ਬਣਾਉਂਣ ਆਦਿ ਦੀ ਮਰਿਯਾਦਾ ਇੱਕ ਹੀ ਹੋਣੀ ਚਾਹੀਦੀ ਹੈ। ਭਾਵ ਕਿ ਜਿਸ ਤਰ੍ਹਾਂ ਦਾ ਅਤੇ ਜਿਸ ਤਰੀਕੇ ਨਾਲ ਭੋਜਨ ਅਸੀਂ ਘਰਾਂ ਵਿੱਚ ਤਿਆਰ ਕਰਕੇ ਛਕਦੇ ਛਕਾਉਂਦੇ ਹਾਂ ਉਸ ਤਰ੍ਹਾਂ ਹੀ ਭੋਜਨ ਗੁਰਦੁਆਰਿਆਂ ਵਿੱਚ ਵੀ ਤਿਆਰ ਕਰਕੇ ਛਕਿਆ ਛਕਾਇਆ ਜਾਵੇ ਅਤੇ ਜਿਸ ਤਰੀਕੇ ਨਾਲ ਅਤੇ ਜਿਸ ਤਰ੍ਹਾਂ ਦਾ ਭੋਜਨ ਅਸੀਂ ਗੁਰਦੁਆਰਿਆਂ ਵਿੱਚ ਤਿਆਰ ਕਰਕੇ ਛਕਦੇ ਛਕਾਉਂਦੇ ਹਾਂ ਉਸ ਤਰ੍ਹਾਂ ਹੀ ਭੋਜਨ ਆਪਣੇ ਘਰਾਂ ਵਿੱਚ ਵੀ ਤਿਆਰ ਕਰਕੇ ਛਕਿਆ ਛਕਾਇਆ ਜਾਵੇ। ਭਾਵ ਕਿ ਭੋਜਨ ਛਕਣ ਛਕਾਉਣ ਅਤੇ ਤਿਆਰ ਕਰਨ ਵਿੱਚ ਕੋਈ ਫ਼ਰਕ ਨਾ ਹੋਵੇ ਪਰ ਮੌਜੂਦਾ ਸਮੇਂ ਸਿੱਖ ਸਮਾਜ ਵਿੱਚ ਅਲੱਗ ਅਲੱਗ ਜਥੇਬੰਦੀਆਂ ਜਿਨ੍ਹਾਂ ਦੀਆਂ ਮਰਿਯਾਦਾ ਵੀ ਅਲੱਗ ਅਲੱਗ ਹਨ ਜਿਸ ਕਰਕੇ ਇਹ ਫ਼ਰਕ ਆਮ ਹੀ ਵੇਖਿਆ ਜਾ ਸਕਦਾ ਹੈ।

ਸਿੱਖੀ ਸਿਧਾਂਤ ਊਚ ਨੀਚ ਵਿੱਚ ਵਿਸ਼ਵਾਸ ਨਹੀਂ ਰੱਖਦੇ ਜਿਸ ਕਾਰਨ ਗੁਰਦੁਆਰਿਆਂ ਵਿੱਚ ਊਚ ਨੀਚ ਨੂੰ ਖਤਮ ਕਰਨ ਲਈ ਅਤੇ ਮਨੁੱਖ ਦੀ ਲੱਗੀ ਹੋਈ ਭੁੱਖ ਨੂੰ ਮਿਟਾਉਣ ਲਈ ਲੰਗਰ ਦਾ ਬੰਦੋਬਸਤ ਕੀਤਾ ਜਾਂਦਾ ਹੈ।



ਪੜ੍ਹਨ ਸੁਣਨ ਵਿੱਚ ਆਉਂਦਾ ਹੈ ਕਿ ਉਚ ਨੀਚ ਦੇ ਭੇਦ ਭਾਵ ਨੂੰ ਮੰਨਣ ਵਾਲੇ ਕਦੇ ਵੀ ਇਕੱਠੇ ਬਰਾਬਰ ਨਹੀਂ ਬੈਠ ਸਕਦੇ, ਇਕੱਠੇ ਇਸ਼ਨਾਨ ਨਹੀਂ ਕਰ ਸਕਦੇ, ਇਥੋਂ ਤੱਕ ਕਿ ਸੁੱਚ ਭਿਟ ਨੂੰ ਮੁੱਖ ਰੱਖ ਕੇ ਇੱਕ ਜਗ੍ਹਾਂ ਤੋਂ ਪਾਣੀ ਵੀ ਨਹੀਂ ਪੀ ਸਕਦੇ। ਜਿਸ ਕਰਕੇ ਇੱਕ ਦੂਜੇ ਨਾਲ ਘਿਰਣਾ ਹੋਣਾ ਲਾਜ਼ਮੀ ਹੈ। ਪਰ ਸਿੱਖੀ ਵਿੱਚ ਬਰਾਬਰਤਾ ਦਾ ਵਿਧਾਨ ਹੈ ਜਿਸ ਕਾਰਣ ਸਿੱਖੀ ਅੰਦਰ ਉਚ ਨੀਚ ਦੇ ਭੇਦ ਭਾਵ ਨੂੰ ਨਹੀਂ ਮੰਨਿਆ ਜਾਂਦਾ, ਸਗੋਂ ਉਚ ਨੀਚ ਦੇ ਭੇਦ ਭਾਵ ਨੂੰ ਖਤਮ ਕਰਨ ਲਈ ਗੁਰੂ ਅਮਰਦਾਸ ਪਾਤਸ਼ਾਹ ਨੇ ਗੋਇੰਦਵਾਲ ਸਾਹਿਬ ਵਿਖੇ ਇੱਕ ਬਾਉਲੀ ਦੀ ਸਿਰਜਣਾ ਕਰਵਾਈ ਤਾਂ ਜੋ ਸੰਗਤਾਂ ਇਕੱਠਿਆਂ ਇਸ਼ਨਾਨ ਕਰਕੇ ਆਪਸ ਵਿੱਚ ਬਰਾਬਰਤਾ ਦਾ ਅਹਿਸਾਸ ਕਰਨ। ਚੌਥੇ ਅਤੇ ਪੰਜਵੇਂ ਪਾਤਸ਼ਾਹ ਨੇ ਸੰਗਤਾਂ ਦੀ ਬਰਾਬਰਤਾ ਨੂੰ ਮੁੱਖ ਰੱਖ ਕੇ ਸਰੋਵਰ ਤਿਆਰ ਕਰਵਾਏ। ਦਸਵੇਂ ਪਾਤਸ਼ਾਹ ਨੇ ਬਰਾਬਰਤਾ ਨੂੰ ਮੁੱਖ ਰੱਖ ਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਛਕਾ ਦਿੱਤਾ। ਇਸ ਲੜੀ ਤਹਿਤ ਹੀ ਅਖੌਤੀ ਉਚੀ ਨੀਵੀਂ ਜਾਤੀਆਂ ਦੇ ਲੋਕ ਇਕੱਠਿਆਂ ਬੈਠ ਕੇ ਕਦੇ ਭੋਜਨ ਨਹੀਂ ਸਨ ਛਕਦੇ ਤਾਂ ਗੁਰੂ ਅਮਰਦਾਸ ਪਾਤਸ਼ਾਹ ਨੇ ਉਚ ਨੀਚ ਦੇ ਭੇਦਭਾਵ ਨੂੰ ਖਤਮ ਕਰਨ ਲਈ ਇੱਕੋ ਪੰਗਤ ਵਿੱਚ ਬੈਠਕੇ ਲੰਗਰ ਛਕਣ ਦਾ ਉਪਦੇਸ਼ ਦੇਂਦਿਆਂ ਹੋਇਆ ਆਖਿਆ ਕਿ "ਪਹਿਲੇ ਪੰਗਤ ਪਾਛੇ ਸੰਗਤ"। ਸਤਿਗੁਰਾਂ ਦੇ ਇਸ ਉਪਦੇਸ਼ ਦੀ ਪਾਲਣਾ ਮੌਕੇ ਦੇ ਬਾਦਸ਼ਾਹ ਅਕਬਰ ਨੂੰ ਵੀ ਕਰਨੀ ਪਈ ਸੀ।

**ਪੰਗਤ** : ਵਿਚਾਰਵਾਨ ਵਿਦਵਾਨਾਂ ਦੀ ਸੋਚ ਮੁਤਾਬਿਕ ਪੰਗਤ ਦੇ ਅਰਥ ਬਣਦੇ ਹਨ ਸਮਾਨਤਾ, ਬਰਾਬਰਤਾ, ਪੰਕਤੀ, ਲਾਈਨ, ਸ਼੍ਰੇਣੀ ਆਦਿ। ਇਹਨਾਂ ਸਾਰਿਆਂ ਅਰਥਾਂ ਦਾ ਇੱਕ ਅਰਥ ਬਣਦਾ ਹੈ ਕਿ ਸਾਰੇ ਸਿੱਖ ਸਮਾਜ ਵਿੱਚ ਏਕਤਾ, ਭਾਈਚਾਰਕ ਸਾਂਝ ਦਾ ਹੋਣਾ।

ਸਿੱਖ ਸਮਾਜ ਵਿੱਚ ਅਲੱਗ ਅਲੱਗ ਜਥੇਬੰਦੀਆਂ ਦੀ ਅਲੱਗ ਅਲੱਗ ਮਰਿਯਾਦਾ ਹੋਣ ਕਰਕੇ ਸਭਨਾਂ ਜਥੇਬੰਦੀਆਂ ਦੀ ਵਿਚਾਰਧਾਰਾ ਵੀ ਅਲੱਗ ਅਲੱਗ ਬਣ ਚੁੱਕੀ ਹੈ। ਗੁਰਦੁਆਰਿਆਂ ਵਿੱਚ ਗਿਆਨਵਾਨ ਅਤੇ ਸਿੱਖ ਰਹਿਤ ਮਰਿਯਾਦਾ ਦੇ ਧਾਰਨੀ ਗ੍ਰੰਥੀ ਨਿਯੁਕਤ ਹੋ ਜਾਣਗੇ ਤਾਂ ਗੁਰਦੁਆਰਿਆਂ ਦਾ ਸਿਸਟਮ ਆਪਣੇ ਆਪ ਹੀ ਠੀਕ ਹੋ ਜਾਵੇਗਾ। ਜੇਕਰ ਗੁਰਦੁਆਰਿਆਂ ਵਿੱਚ ਲੰਗਰ ਛਕਣ-ਛਕਾਉਣ ਦੀ ਗੱਲ ਕਰੀਏ ਤਾਂ ਇਸ ਉਪਰ ਵੀ ਵਿਚਾਰਧਾਰਾ ਅਲੱਗ-ਅਲੱਗ ਹੈ। ਕੋਈ ਜਥੇਬੰਦੀ ਕਹਿੰਦੀ ਹੈ ਕਿ ਸੰਗਤ ਨੂੰ ਲੰਗਰ ਮੇਜ਼ ਕੁਰਸੀਆਂ 'ਤੇ ਬੈਠਾ ਕੇ ਛਕਾਉਣਾ ਚਾਹੀਦਾ ਹੈ ਉਨ੍ਹਾਂ ਵਿੱਚੋਂ ਕਈਆਂ ਨੇ ਤਾਂ ਗੁਰਦੁਆਰਿਆਂ ਵਿੱਚ ਮੇਜ਼ ਕੁਰਸੀਆਂ ਲਿਆ ਕੇ ਲਗਾ ਵੀ ਦਿੱਤੇ ਹਨ ਅਤੇ ਕਈ ਜਥੇਬੰਦੀਆਂ ਕਹਿੰਦੀਆਂ ਹਨ ਕਿ ਲੰਗਰ ਜ਼ਮੀਨ 'ਤੇ ਚੌਕੜੀ ਮਾਰ ਕੇ ਛਕਾਣਾ ਚਾਹੀਦਾ ਹੈ ਇਸ ਉਪਰ ਕਈ ਜਗਾ ਤੇ ਝਗੜੇ ਵੀ ਹੁੰਦੇ ਵੇਖੇ ਗਏ ਹਨ ਕਾਰਣ ਹੈ ਅਗਿਆਨਤਾ। ਇਸ ਮਸਲੇ ਦੇ ਨਾਲ ਸੰਬੰਧਿਤ ਇੱਕ ਹੋਰ ਮਸਲਾ ਹੈ। ਬੁਢਾਪੇ ਕਾਰਣ ਕਮਰ ਦਰਦ, ਗੋਡਿਆਂ ਵਿੱਚ ਦਰਦ ਦਾ ਹੋਣਾ ਆਮ ਗੱਲ ਹੈ। ਕਈ ਬਜ਼ੁਰਗ ਗੁਰਦੁਆਰਾ ਸਾਹਿਬ ਆਉਂਦੇ ਹਨ ਉਹ ਸੰਗਤ ਵਿੱਚ ਬੈਠਣਾ ਚਾਹੁੰਦੇ ਹਨ ਪਰ ਗੋਡੇ ਜਾਂ ਕਮਰ ਦਰਦ ਦੇ ਕਾਰਣ ਉਹ ਸੰਗਤ ਵਿੱਚ ਬੈਠਣ ਲਗਿਆ ਤੰਗੀ ਮਹਿਸੂਸ ਕਰਦੇ ਹਨ। ਕੁਝ ਗੁਰਦੁਆਰਿਆਂ ਵਿੱਚ ਜਾਗਰੂਕ ਪ੍ਰਬੰਧਕਾਂ ਨੇ ਉਨ੍ਹਾਂ ਦੇ ਬੈਠਣ ਲਈ ਸੰਗਤ ਵਿੱਚ ਬੈਂਚਾਂ ਆਦਿ ਦਾ ਬੰਦੋਬਸਤ ਕਰ ਦਿੱਤਾ ਜਿਸ ਉੱਤੇ ਕਈ ਜਥੇਬੰਦੀਆਂ ਨੇ ਵਿਰੋਧ ਕੀਤਾ ਤੇ ਕਈ ਥਾਂਈਂ ਤੋੜ ਫੋੜ ਕਰਕੇ ਝਗੜਾ ਵੀ ਕੀਤਾ ਗਿਆ ਕਿ ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰਤਾ ਕਰਦੇ ਹਨ। ਕਾਰਣ ਹੈ ਅਗਿਆਨਤਾ ਕਿਉਂਕਿ ਕੋਈ ਵੀ ਵਿਅਕਤੀ ਕਦੇ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰਤਾ ਨਹੀਂ ਕਰ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਗੁਰੂ ਹਨ। ਸ਼ਬਦ ਗਿਆਨ ਹੈ ਤੇ ਗਿਆਨ ਇਕੱਲਾ ਧਰਤੀ ਉੱਤੇ ਹੀ ਮੌਜੂਦ ਨਹੀਂ ਹੈ ਗਿਆਨ ਅਕਾਸ਼ ਉੱਪਰ ਵੀ ਹੈ ਅਤੇ ਪਾਤਾਲ ਵਿੱਚ ਵੀ ਹੈ। **ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥ (4)** ਅਸੀਂ ਧਰਤੀ ਤੇ ਰਹਿਣ ਵਾਲੇ ਹਾਂ ਪਰ ਜੋ ਗਿਆਨ ਪਾਤਾਲ ਵਿੱਚ ਹੈ ਕੀ ਉਹ ਮਨੁੱਖ ਨਾਲੋਂ ਨੀਵਾਂ ਹੋ ਗਿਆ ਹੈ ? ਜੀ ਨਹੀਂ ਕਦੇ ਵੀ ਨਹੀਂ, ਗਿਆਨ ਮਨੁੱਖ ਤੋਂ ਕਦੇ ਵੀ ਨੀਵਾਂ ਨਹੀਂ ਹੋ ਸਕਦਾ, ਉਹ ਹਮੇਸ਼ਾਂ ਉੱਚਾ ਹੀ ਰਹਿੰਦਾ ਹੈ। ਜੇਕਰ ਅਸੀਂ ਸਾਰੇ ਹੀ ਮਿਲ ਕੇ ਗਿਆਨ ਨੂੰ ਉਚਿਆਂ ਕਹਿਣ ਲਗ ਜਾਈਏ ਤਾਂ ਸਾਡੇ ਕਹਿਣ ਨਾਲ ਗਿਆਨ ਨੇ ਉਚਿਆਂ ਨਹੀਂ ਹੋ ਜਾਣਾ ਅਤੇ ਜੇਕਰ ਅਸੀਂ ਸਾਰੇ ਹੀ ਮਿਲ ਕੇ ਗਿਆਨ ਨੂੰ ਨੀਵਿਆਂ ਕਹਿਣ ਲੱਗ ਜਾਈਏ ਤਾਂ ਸਾਡੇ ਕਹਿਣ ਨਾਲ ਗਿਆਨ ਨੇ ਨੀਵਿਆਂ ਨਹੀਂ ਹੋ ਜਾਣਾ। ਗਿਆਨ ਦਾ ਜੋ ਲੈਵਲ ਹੈ ਉਹੀ ਰਹਿਣਾ ਹੈ। **ਜੇ ਸਭਿ ਮਿਲਿ ਕੈ ਆਖਣ ਪਾਹਿ॥ ਵਡਾ ਨ ਹੋਵੈ ਘਾਟਿ ਨ ਜਾਇ॥(9)** ਇਸ ਲਈ ਜੇਕਰ ਕੋਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਨੀਵਿਆਂ ਵਿਖਾਉਣਾ ਵੀ ਚਾਹੇ ਤਾਂ ਵੀ ਉਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਨੀਵਿਆਂ ਵਿਖਾ ਕੇ ਆਪ ਉਚਿਆਂ ਨਹੀਂ ਹੋ ਸਕੇਗਾ। ਫਿਰ ਸ਼ਰਧਾਲੂ ਸਿੱਖ ਤਾਂ ਗੁਰਦੁਆਰਾ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤ ਕਰਨ ਲਈ ਆਉਂਦੇ ਹਨ ਜੇਕਰ ਉਹ ਮਜਬੂਰੀ ਕਾਰਣ ਬੈਂਚਾਂ ਆਦਿ ਤੇ ਬੈਠ ਵੀ ਜਾਂਦੇ ਹਨ ਤਾਂ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਵੇਂ ਹੋ ਗਏ? ਇਹ ਸਭ ਅਗਿਆਨਤਾ ਹੈ ਤੇ ਜਰੂਰੀ ਹੈ ਕਿ ਅਗਿਆਨਤਾ ਵਿੱਚੋਂ ਬਾਹਰ ਨਿਕਲਿਆ ਜਾਵੇ। ਇਸ ਅਗਿਆਨਤਾ ਵਿੱਚੋਂ ਬਾਹਰ ਨਿਕਲਣ ਦਾ ਕੇਵਲ ਇੱਕ ਹੀ ਤਰੀਕਾ ਹੈ ਤੇ ਉਹ ਹੈ ਕਿ ਗੁਰਬਾਣੀ ਦਾ ਗਿਆਨ ਪ੍ਰਾਪਤ ਕਰਕੇ ਗਿਆਨਵਾਨ ਬਣਿਆ ਜਾਵੇ। ਇਸ ਲਈ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਗੁਰਦੁਆਰਿਆਂ ਦਾ ਸਿਸਟਮ ਸਹੀ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਲੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਨੂੰ ਅਪਨਾਇਆ ਜਾਵੇ। ਗੁਰਦੁਆਰਿਆਂ ਵਿੱਚ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਉਨ੍ਹਾਂ ਚਿਰ ਤੱਕ ਲਾਗੂ ਨਹੀਂ ਹੋ ਸਕਦੀ, ਜਿਨ੍ਹਾਂ ਚਿਰ ਤੱਕ "ਪੜੇ, ਲਿਖੇ, ਸੂਝਵਾਨ, ਅੰਮ੍ਰਿਤਧਾਰੀ, ਸਿੱਖ ਰਹਿਤ ਮਰਿਯਾਦਾ ਦੇ ਧਾਰਨੀ ਲੋਕ," ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵਿੱਚ ਆਉਣਾ ਸ਼ੁਰੂ ਨਹੀਂ ਕਰਦੇ। ਜਦੋਂ ਸਿੱਖ ਰਹਿਤ ਮਰਿਯਾਦਾ ਦੇ ਧਾਰਨੀ ਲੋਕ ਪ੍ਰਬੰਧਕ ਕਮੇਟੀਆਂ ਵਿੱਚ ਆਉਣਗੇ ਤਾਂ ਉਹ ਗ੍ਰੰਥੀ ਵੀ ਸਿੱਖ ਰਹਿਤ ਮਰਿਯਾਦਾ ਦਾ ਧਾਰਨੀ ਹੀ ਨਿਯੁਕਤ ਕਰਨਗੇ। ਮੌਜੂਦਾ ਸਮੇਂ ਜੇਕਰ ਗੁਰਦੁਆਰਿਆਂ ਦਾ ਸਿਸਟਮ ਸਹੀ ਨਹੀਂ ਹੈ ਤਾਂ ਇਸ ਦਾ ਕਾਰਣ ਹੈ ਕਿ ਗ੍ਰੰਥੀ, ਸਿੱਖ ਰਹਿਤ ਮਰਿਯਾਦਾ ਦੇ ਧਾਰਨੀ ਨਹੀਂ ਹਨ। ਇਸ ਲਈ ਆਵੋ ਸਾਰੇ ਆਪੋ ਆਪਣੇ ਫਰਜ਼ਾਂ ਨੂੰ ਪਹਿਚਾਣਦੇ ਹੋਏ ਗੁਰਦੁਆਰਿਆਂ ਵਿੱਚ ਗੁਰਮਤਿ ਦੇ ਜਾਣਕਾਰ ਅਤੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਦੇ ਧਾਰਨੀ ਸਿੱਖਾਂ ਨੂੰ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵਿੱਚ ਲੈ ਕੇ ਆਈਏ ਤਾਂ ਜੋ ਸਿੱਖ ਰਹਿਤ ਮਰਿਯਾਦਾ ਦੇ ਧਾਰਨੀ ਗ੍ਰੰਥੀ ਨਿਯੁਕਤ ਕਰਵਾ ਕੇ ਪੰਥ ਨੂੰ ਅਗਿਆਨਤਾ ਦੀ ਦਲਦਲ ਵਿੱਚੋਂ ਬਾਹਰ ਕੱਢ ਕੇ ਗਿਆਨਵਾਨ ਬਣਾ ਕੇ ਪੰਥ ਵਿੱਚ ਏਕਤਾ ਲਿਆਈਏ।

ਸਿੱਖੀ ਵਿੱਚ ਬਰਾਬਰਤਾ ਦਾ ਵਿਧਾਨ ਹੈ ਇਸ ਲਈ ਜੇਕਰ ਲੰਗਰ ਜ਼ਮੀਨ 'ਤੇ ਬੈਠਾ ਕੇ ਛਕਾਇਆ ਜਾ ਰਿਹਾ ਹੋਵੇ ਤਾਂ (ਕਿਸੇ ਤਕਲੀਫ਼ ਵਾਲੇ ਨੂੰ ਛੱਡ ਕੇ) ਹੋਰ ਕਿਸੇ ਨੂੰ ਉਚੇਚੇ ਤੌਰ ਤੇ ਮੇਜ਼ ਕੁਰਸੀ ਆਦਿ ਤੇ ਬੈਠਾ ਕੇ ਲੰਗਰ ਛਕਾਉਣਾ ਜਾਇਜ਼ ਨਹੀਂ ਹੈ ਇਸ ਤਰ੍ਹਾਂ ਹੀ ਜੇਕਰ ਲੰਗਰ ਕੁਰਸੀਆਂ ਆਦਿ ਤੇ ਛਕਾਇਆ ਜਾ ਰਿਹਾ ਹੋਵੇ ਤਾਂ ਕਿਸੇ ਨੂੰ ਘਿਰਣਾ ਦੇ ਤੌਰ ਤੇ ਜਮੀਨ ਤੇ ਬੈਠਾ ਕੇ ਲੰਗਰ ਛਕਾਉਣਾ ਵੀ ਜਾਇਜ਼ ਨਹੀਂ ਹੈ। ਜ਼ਰੂਰਤ ਮੰਦਾਂ ਦੀ ਜਰੂਰਤ ਨੂੰ ਵੇਖਦਿਆਂ ਹੋਇਆਂ ਤਬਦੀਲੀ ਕੀਤੀ ਜਾਵੇ ਤਾਂ ਗਲਤ ਨਹੀਂ ਹੈ। ਆਸ ਹੈ ਕਿ ਸਿਧਾਂਤ ਸਮਝ ਵਿੱਚ ਆ ਗਿਆ ਹੋਵੇਗਾ।

-0-



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐਪ ਕਰ ਸਕਦੇ ਹੋ।**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 4

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ ਪੰਥ ਦੇ ਵਿਚਾਰਨਯੋਗ ਮਸਲੇ ਅਤੇ ਸਮਾਧਾਨ



ਗਿਆਨੀ ਜਗਤਾਰ ਸਿੰਘ ਜਾਚਕ

ਪਾਠਕਾਂ ਨੂੰ ਗਿਆਤ ਹੋਵੇ ਕਿ ਪਾਠ ਭੇਦ ਸੂਚੀ ਦੇ ਬੇਬਾਕ ਖੋਜੀਆਂ ਨੇ ਉਪਰੋਕਤ ਬੀੜਾਂ ਦੇ ਹਵਾਲੇ ਨਾਲ ਜਿਥੇ ਆਸਾ ਦੀ ਵਾਰ ਦਾ ਸੰਖੇਪ ਮੰਗਲ '੧ਓ ਸਤਿਗੁਰ ਪ੍ਰਸਾਦਿ ॥' ਸਹੀ ਪ੍ਰਵਾਨ ਕੀਤਾ ਹੈ । ਉਥੇ 'ਆਸਾ ਕੀ ਵਾਰ ਸਲੋਕਾ ਨਾਲਿ ਮਹਲਾ ੧ ॥ ਟੁੰਡੇ ਅਸਰਾਜੈ ਕੀ ਧੁਨਿ ॥' ਸਿਰਲੇਖ ਹੀ ਉਚਿੱਤ ਮੰਨਿਆ ਹੈ ਅਤੇ ਸੂਚੀ ਦੀਆਂ ਐਸੀਆਂ ਬੀੜਾਂ ਦੇ ਹਵਾਲੇ ਹੇਠਾਂ ਵਿਸ਼ੇਸ਼ ਲੀਕ ਖਿਚੀ ਹੈ । ਭਾਵ, ਅੰਡਰਲਾਈਨ ਕੀਤਾ ਹੈ । ਉਸ ਟੀਮ ਨੇ ਸ਼੍ਰੋਮਣੀ ਕਮੇਟੀ ਨੂੰ ਜੋ ਅਸਲ ਰੀਪੋਰਟ ਸਉਂਪੀ ਹੈ, ਉਹਦੇ ਵਿੱਚ ਅਜਿਹੀਆਂ ਲੀਕਾਂ ਲਾਲ ਰੰਗ ਦੀਆਂ ਹੋਣਗੀਆਂ । ਮੰਨਿਆ ਜਾਂਦਾ ਹੈ ਕਿ ਇਸੇ ਲਈ 'ਪਾਠ ਭੇਦ ਸੂਚੀ' ਪੁਸਤਕ ਦੇ ਉਪਰੋਕਤ ਨੋਟ ਵਿੱਚ ਲਾਲ ਲੀਕਾਂ ਦਾ ਵਿਸ਼ੇਸ਼ ਵਰਨਣ ਹੈ ।

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ. ੧੯ ਵਿਖੇ ੩੫ ਹੱਥ ਲਿਖਤ ਬੀੜਾਂ ਦਾ ਵਰਨਣ ਮਿਲਦਾ ਹੈ, ਜਿਨ੍ਹਾਂ ਵਿੱਚ 'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ' ਸੂਚਨਾ ਦਰਜ ਨਹੀਂ, ਕਿਉਂਕਿ ਵਾਰ ਵਿੱਚ 'ਮਹਲਾ ੨(ਦੂਜਾ)' ਦੇ ਸਲੋਕ ਵੀ ਅੰਕਿਤ ਹਨ । ਜਿਵੇਂ ਬੀੜ ਨੰ. ੧, ੨, ੯, ੧੮, ੨੦, ੨੨, ੨੫, ੨੬, ੨੭, ੩੦, ੩੩, ੩੪, ੪੦, ੪੨, ੪੫, ੫੨, ੫੬, ੫੮, ੫੯, ੬੪, ੬੬, ੬੭, ੬੮, ੭੩, ੭੯, ੮੨, ੮੪, ੯੮, ੧੦੦, ੧੦੪, ੧੦੬, ੧੧੫, ੧੧੯, ੧੩੩, ੧੪੮ । ਯੂਨੀਵਰਸਿਟੀ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ' ਵਿਖੇ ਉਪਰੋਕਤ ਬੀੜਾਂ ਨੂੰ ਕਦੋਂ ਵੀ ਘੋਖਿਆ ਜਾ ਸਕਦਾ ਹੈ । ਇਹੀ ਕਾਰਣ ਹੈ ਕਿ ਸਿੱਖ ਬੁੱਕ ਕਲੱਬ ਵਾਲੀ ਬੀੜ ਵਿਖੇ ਆਸਾ ਦੀ ਵਾਰ ਦਾ ਸਿਰਲੇਖ ਇੰਞ ਅੰਕਿਤ ਹੋਇਆ ਮਿਲਦਾ ਹੈ :

੧ਓ ਸਤਿ ਗੁਰ ਪ੍ਰਸਾਦਿ ॥

ਆਸਾ ਕੀ ਵਾਰ ਸਲੋਕਾਂ ਨਾਲਿ ਮਹਲਾ ੧ ॥ ਟੁੰਡੇ ਅਸਰਾਜੈ ਕੀ ਧੁਨੀ ॥

ਸਲੋਕ ਮਃ ੧ ॥ ਬਲਿਹਾਰੀ ਗੁਰ ਆਪਣੇ...... ॥

ਬਸੰਤ ਕੀ ਵਾਰ ਮਹਲੁ ੫ ॥੧ਓ ਸਤਿਗੁਰ ਪ੍ਰਸਾਦਿ ॥ (ਪੰ. ੧੧੯੩) ਛਪ ਰਹੇ ਪ੍ਰਚਲਿਤ ਸਿਰਲੇਖ ਦੀ ਥਾਂ, ਜਥੇਦਾਰ ਵੇਦਾਂਤੀ ਜੀ ਨੇ ਹੇਠ ਲਿਖੇ ਅਨੁਸਾਰ ਮੰਗਲ ਸੱਜੇ ਤੇ ਵਾਰ ਦਾ ਸਿਰਲੇਖ ਲਿਖ ਕੇ ਉਸ ਦੇ ਤਿੰਨੇ ਪਦਿਆਂ ਦੀ ਅਰੰਭਤਾ ਵਿੱਚ 'ਪਉੜੀ' ਸਿਰਲੇਖ ਵਿਸ਼ੇਸ਼ ਦਰਜ ਕੀਤਾ । ਜਿਵੇਂ :

੧ਓ ਸਤਿ ਗੁਰ ਪ੍ਰਸਾਦਿ ॥

ਬਸੰਤ ਕੀ ਵਾਰ ਮਹਲਾ ੫ ॥ ਪਉੜੀ ॥ ਹਰਿ ਕਾ ਨਾਮੁ ਧਿਆਇ ਕੈ... ॥ ੧॥

ਪਉੜੀ ॥ ਪੰਜੇ ਬਧੇ ਮਹਾਬਲੀ... ॥ ੨ ॥

ਪਉੜੀ ॥ ਕਿਥਹੁ ਉਪਜੈ ਕਹ ਰਹੈ... ॥ ੩ ॥

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ. ੩੩ ਅਨੁਸਾਰ ੧੨੨ ਐਸੀਆਂ ਬੀੜਾਂ ਯੂਨੀਵਰਸਿਟੀ ਵਿੱਚ ਮੌਜੂਦ ਹਨ, ਜਿਨ੍ਹਾਂ ਵਿਖੇ ਬਸੰਤ ਕੀ ਵਾਰ ਦੇ ਸਿਰਲੇਖ ਵਿੱਚ 'ਮਹਲੁ' ਪਦ ਦੀ ਥਾਂ 'ਮਹਲਾ' ਹੈ । ਜਿਵੇਂ ਬੀੜ ਨੰ. ੨, ੩, ੪, ੫, ੬, ੭, ੮, ੯. ੧੦, ੧੧, ੧੨, ੧੩, ੧੪, ੧੫, ੧੬, ੧੭, ੧੮, ੧੯, ੨੦, ੨੨, ੨੩, ੨੪, ੨੫, ੨੬ ਤੇ ੨੭ ਆਦਿਕ ।

ਸ਼੍ਰੋਮਣੀ ਕਮੇਟੀ ਵਾਲੀ ਮੌਜੂਦਾ ਬੀੜ ਦਾ ਸਿਰਲੇਖ ਹੈ :

ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

੧ਓ ਸਤਿਗੁਰਪ੍ਰਸਾਦਿ ॥ ਨਾਉ ਕਰਤਾ ਕਾਦਰੁ ਕਰੇ... ॥ (ਪੰ. ੯੬੬)

**ਜਥੇਦਾਰ ਵੇਦਾਂਤੀ ਜੀ ਸੋਧ ਕੇ ਲਿਖਿਆ :**

੧ਓ ਸਤਿ ਗੁਰ ਪ੍ਰਸਾਦਿ ॥

ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ ॥ ਨਾਉ ਕਰਤਾ ਕਾਦਰੁ ਕਰੇ... ॥

ਇਸ ਲਈ ਜਥੇਦਾਰ ਵੇਦਾਂਤੀ ਜੀ ਦੁਆਰਾ ਸੋਧੀ ਤੇ ਸਿੱਖ ਬੁੱਕ ਕਲੱਬ ਅਮਰੀਕਾ ਦੁਆਰਾ ਔਨਲਾਈਨ ਪ੍ਰਕਾਸ਼ਤ ਕੀਤੀ ਪਾਵਨ ਬੀੜ ਦੇ ਖਰੜੇ ਵਿਖੇ ਸਮੂਹ ਸ਼ਬਦਾਂ ਤੇ ਵਾਰਾਂ ਦੀ ਸਿਰਲੇਖਕ ਤਰਤੀਬ ਓਹੀ ਰੱਖੀ ਗਈ ਹੈ, ਜੋ ਭਾਈ ਬੰਨੋ ਵਾਲੀ ਸ਼ਾਖ ਤੋਂ ਬਗੈਰ ਬਾਕੀ ਦੀਆਂ ਵਧੇਰੇ ਹੱਥ-ਲਿਖਤ ਬੀੜਾਂ ਵਿੱਚ ਮੌਜੂਦ ਹੈ । ਸ਼ਬਦਾਂ ਦੇ ਸਮੂਹ ਸਿਰਲੇਖਾਂ ਵਿੱਚ ਬਾਣੀਕਾਰ ਗੁਰੂ ਦਾ ਪ੍ਰਤੀਕ 'ਮਹਲਾ' ਅਤੇ ਵਾਰਾਂ ਵਿੱਚ ਉਸ ਦਾ ਸੰਖੇਪ ਰੂਪ 'ਮਃ' ਹੀ ਦਰਜ ਕੀਤਾ ਹੈ ।

**ਚੌਥਾ ਮਸਲਾ ਹੈ ਬਾਣੀਕਾਰਾਂ ਤੇ ਬਾਣੀਆਂ ਦੀ ਇੱਕ ਬਝਵੀਂ ਤਰਤੀਬ ਦਾ**; ਕਿਉਂਕਿ ਗੁਰਬਾਣੀ ਦੇ ਰਾਗੁ-ਮੁਕਤ ਤੇ ਰਾਗ-ਬਧ ਹਰੇਕ ਸੰਗ੍ਰਹਿ ਵਿੱਚ ਸਭ ਤੋਂ ਪਹਿਲਾਂ ਮਃ ੧ (ਪਹਿਲੇ ਸਤਿਗੁਰੂ ਨਾਨਕ ਪਾਤਿਸ਼ਾਹ), ਫਿਰ ਮਃ ੩ (ਤੀਜੇ ਸਤਿਗੁਰੂ ਅਮਰਦਾਸ ਪਾਤਿਸ਼ਾਹ), ਮਃ ੪ (ਚੌਥੇ ਸਤਿਗੁਰੂ ਰਾਮਦਾਸ ਪਾਤਿਸ਼ਾਹ), ਮਃ ੫ (ਪੰਜਵੇਂ ਸਤਿਗੁਰੂ ਅਰਜਨ ਪਾਤਿਸ਼ਾਹ) ਅਤੇ ਅੰਤ ਵਿੱਚ ਮਃ ੯ (ਨੌਵੇਂ ਸਤਿਗੁਰੂ ਤੇਗ ਬਹਾਦਰ ਪਾਤਿਸ਼ਾਹ) ਦੀ ਬਾਣੀ ਅੰਕਤ ਕੀਤੀ ਹੈ । ਮਃ ੨ (ਦੂਜੇ ਸਤਿਗੁਰੂ ਅੰਗਦ ਪਾਤਿਸ਼ਾਹ) ਜੀ ਨੇ ਕੇਵਲ ੬੨ ਸਲੋਕ ਹੀ ਰਚੇ ਹਨ, ਜੋ ਕੁਝ ਵਾਰਾਂ ਦੀਆਂ ਪਉੜੀਆਂ ਨਾਲ ਸਸ਼ੋਭਤ ਹਨ । ਜੈਜਾਵੰਤੀ ਰਾਗ ਵਿੱਚ ਬਾਣੀ ਦਾ ਉਚਾਰਨ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਹੀ ਕੀਤਾ ਹੈ । ਇਸ ਲਈ ਉਥੇ ਕੇਵਲ ਚਾਰ ਸ਼ਬਦ ਮਃ ੯ ਦੇ ਹੀ ਅੰਕਿਤ ਹਨ ।

ਭਗਤ ਬਾਣੀ ਦੇ ਸੰਗ੍ਰਹਿ ਰਾਗਾਂ ਦੀਆਂ ਵਾਰਾਂ ਤੋਂ ਪਿਛੋਂ ਹਨ । ਹਾਂ, ਜਿਸ ਰਾਗ ਦੀ ਵਾਰ ਨਹੀਂ, ਉਥੇ ਭਗਤ-ਬਾਣੀ, ਗੁਰਬਾਣੀ ਤੋਂ ਪਿੱਛੋਂ ਦਰਜ ਕੀਤੀ ਹੋਈ ਹੈ । ਐਸੇ ਹਰੇਕ ਸੰਗ੍ਰਹਿ ਵਿੱਚ ਪਹਿਲਾਂ ਭਗਤ ਕਬੀਰ ਜੀ, ਫਿਰ ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਅਤੇ ਫਿਰ ਭਗਤ ਤ੍ਰਿਲੋਚਨ ਜੀ ਜਾਂ ਹੋਰ ਭਗਤਾਂ ਵਿੱਚੋਂ ਕਿਸੇ ਦੀ ਬਾਣੀ ਅੰਕਿਤ ਹੈ । ਇਸੇ ਤਰਾਂ ਹਰੇਕ ਰਾਗ ਦੀ ਛੰਦਕ ਤਰਤੀਬ ਵਿੱਚ ਪਹਿਲਾਂ ਸ਼ਬਦ, ਫਿਰ ਅਸਟਪਦੀਆਂ, ਛੰਤ, ਵਾਰ ਅਤੇ ਭਗਤਾਂ ਦੀਆਂ ਰੂਹਾਨੀ ਰਚਨਾਵਾਂ ਹਨ, ਜੋ ਹੈਨ ਵੀ ਗੁਰੂ ਸਾਹਿਬਾਨ ਤੇ ਭਗਤ-ਜਨ ਵਿਅਕਤੀਆਂ ਦੀ ਸਥਾਪਿਤ ਤਰਤੀਬ ਮੁਤਾਬਿਕ । ਪ੍ਰੰਤੂ, ਜਦੋਂ ਅਸੀਂ ਛਾਪੇ ਦੀ ਪ੍ਰਚਲਿਤ ਬੀੜ ਦੇ ਦਰਸ਼ਨ ਕਰਦੇ ਹਾਂ ਤਾਂ ਕਈ ਥਾਈਂ ਬਾਣੀਕਾਰਾਂ ਤੇ ਛੰਦਾਂ ਦੀ ਉਪਰੋਕਤ ਕਿਸਮ ਦੀ ਬਝਵੀਂ ਤਰਤੀਬ ਦੀ ਉਲੰਘਣਾ ਹੋਈ ਮਿਲਦੀ ਹੈ । ਭਾਈ ਗੁਰਦਾਸ ਵਾਲੀ ਸ਼ਾਖ ਅਤੇ ਦਮਦਮੀ ਸ਼ਾਖ ਦੀਆਂ ਬੀੜਾਂ ਵਿੱਚ ਬਾਣੀਕਾਰਾਂ ਦੀ ਉਪਰੋਕਤ ਬਝਵੀਂ ਤਰਤੀਬ ਨੂੰ ਮੁਖ ਰਖਦਿਆਂ ਭਗਤ ਕਬੀਰ ਤੇ ਫ਼ਰੀਦ ਜੀ ਦੇ ਸਲੋਕਾਂ ਨੂੰ ਵੀ 'ਸਲੋਕ ਵਾਰਾਂ ਤੇ ਵਧੀਕ ਸੰਗ੍ਰਹਿ ਵਿੱਚ ਮਃ੧ ਤੋਂ ਮਃ੯ ਤਕ ਦੇ ਸਾਰੇ ਸਲੋਕ ਲਿਖ ਕੇ ਪਿੱਛੋਂ ਦਰਜ ਕੀਤਾ ਹੈ । ਭੱਟਾਂ ਦੇ ਸਵਈਆਂ 'ਤੇ ਭੋਗ ਪਾਇਆ ਹੈ । ਮੁੰਦਾਵਣੀ ਨਾਲ ਦਾ 'ਸਲੋਕ ਮਃ ੫ ॥ ਤੇਰਾ ਕੀਤਾ ਜਾਤੋ ਨਾਹੀ... ॥ ਵੀ ਵਾਰਾਂ ਤੇ ਵਧੀਕ 'ਸਲੋਕ ਮਃ ੫ ॥ ਰਤੇ ਸੇਈ ਜਿ ਮੁਖੁ... ॥ ਸੰਗ੍ਰਹਿ ਦੇ ਅੰਤ ਵਿੱਚ ਅੰਕਿਤ ਕੀਤਾ ਹੋਇਆ ਮਿਲਦਾ ਹੈ ।

'ਪਾਠ ਭੇਦ ਸੂਚੀ' ਅਨੁਸਾਰ ਬੀੜ ਨੰ. ੨੨/੩੨, ੨੩ ਤੇ ੪੪ ਵਿਖੇ 'ਸਲੋਕ ਮਃ ੫ ॥ ਤੇਰਾ ਕੀਤਾ ਜਾਤੋ ਨਾਹੀ... ॥' ਸਲੋਕ ਪਿਛਲੇ ਵਾਰਾਂ ਤੇ ਵਧੀਕ 'ਸਲੋਕ ਮਃ ੫ ॥ ਰਤੇ ਸੇਈ ਜਿ ਮੁਖੁ... ॥ ਦੇ ਸੰਗ੍ਰਹਿ ਵਿੱਚ ਬਿਨਾਂ ਸਿਰਲੇਖ ਦੇ ਸਿਲਸਲੇਵਾਰ ਅੰਕ ੨੩ ਪੁਰਿ ਦਰਜ ਹੈ। (ਪੰ. ੮੫੭)

'ਪਾਠ ਭੇਦ ਸੂਚੀ' ਵਾਲੇ ਖੋਜੀ ਵਿਦਵਾਨਾਂ ਮੁਤਾਬਿਕ "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਈ ਪ੍ਰਾਚੀਨ ਲਿਖਤੀ ਸੰਚਿਆਂ ਵਿੱਚ ਸਮੁੱਚੀ ਬਾਣੀ 'ਸਵਈਆਂ' ਪੁਰ ਹੀ ਸਮਾਪਤਿ ਹੁੰਦੀ ਹੈ। ਅਤੇ "ਸਲੋਕ ਵਾਰਾਂ ਤੇ ਵਧੀਕ", ਚਉਬੋਲਿਆਂ ਤੋਂ ਬਾੱਦ ਸਹੀ ਟਿਕਾਣੇ ਲਿਖੇ ਹੋਏ ਹਨ, ਸਣੇ 'ਭਗਤਾਂ ਦੇ ਸਲੋਕਾਂ' ਦੇ। ਲੇਕਿਨ ਮਗਰੋਂ ਉਤਾਰੇ ਕਰਨ ਵਾਲੇ ਲੇਖਕਾਂ ਨੇ 'ਸਲੋਕ ਮਃ ੯ ਸ਼ਾਮਲ ਕਰਨ ਤੇ 'ਮੁੰਦਾਵਣੀ ਮਃ ੫' ਅੰਤ ਪੁਰ ਪੜ੍ਹਨ ਦੇ ਖਿਆਲ ਨਾਲ ਮਹਲਾਂ ਦੇ ਸਲੋਕ ਤਾਂ ਉਥੋਂ ਚੁੱਕ ਕੇ 'ਸਵਈਆਂ' ਦੇ ਅਖੀਰ 'ਤੇ ਜਾ ਪਾਏ ਹਨ; ਪਰ ਭਗਤਾਂ- 'ਕਬੀਰ ਜੀ' ਤੇ 'ਫਰੀਦ ਜੀ' ਦੇ ਉਥੇ ਹੀ ਰਹਿਣ ਦਿੱਤੇ ਹਨ। ਇਹ ਅੱਮਲ, ਬੱਧੀ ਮਰਯਾਦਾ ਦੇ ਅਨਕੂਲ ਨਹੀਂ। ਸਾਡੀ ਵਿਚਾਰ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਇਤਿਹਾਸ ਸਯੁੰਕਤ ਬਾਣੀ- "ਸਵਈਆਂ"- ਉਥੇ ਹੀ ਪੈਣਾ ਚਾਹੀਦਾ ਇ; ਤੇ "ਮੁੰਦਾਵਣੀ" ਮਹਲਾ ੫ ਦੇ ਸਲੋਕਾਂ ਨਾਲ ਹੀ ਸੋਭਾ ਪਾਉਂਦੀ ਹੈ। ਜਿਵੇਂ ਕਿ ਅੱਗੇ ਦਸੀਆਂ ਬੀੜਾਂ ਵਿਚ :- ਬੀੜ ਨੰ: ੧ (ਸੰਮਤ ੧੬੬੭ ਵਾਲੀ ਲਹੌਰੀ); ਨੰ: ੨ (ਭਾਈ ਬੂੜੇ 'ਸੰਧੂ' ਲਿਖਤ ਸੰਮਤ ੧੭੧੧); ਨੰ: ੩ (ਸੰਮਤ ੧੭੧੮- ਕਾਨ੍ਹਗੜ ਵਾਲੀ); ਨੰ: ੪/੩ (ਸੰਮਤ ੧੭੨੨ ਵਿੱਚ ਸੰਪੂਰਨ ਹੋਈ); ਨੰ: ੯/੯ (ਸੰਮਤ ੧੭੪੩ ਵਾਲੀ); ਨੰ: ੧੧/੪੯੮੬ (ਭਾਈ ਪਾਖਰ ਮਲ 'ਢਿਲੋਂ' ਲਿਖਤ ਸੰਮਤ ੧੭੪੫); ਨੰ: ੧੩ (ਭਾਈ ਰਾਮਰਾਇ ਦਰਬਾਰੀ ਲਿਖਾਰੀ ਦਾ ਸੰਮਤ ੧੭੪੯ ਵਿਚ ਲਿਖਿਆ ਗ੍ਰੰਥ ਸਾਹਿਬ); ਨੰ: ੧੪/੧੫ (ਸੰਮਤ ੧੭੫੧ ਵਾਲੀ); ਨੰ: ੧੭/੨੭ (ਸੰਮਤ ੧੭੬੨); ਨੰ: ੩੨/੬੨੯੧ (ਬਨਾਰਸੀ ਬੀੜ; ੪੪, ਤੇ ਗ੍ਰੰਥ ਨੰ: ੫੭ (ਬਿਨਾਂ ਤਿਥਿ ਸੰਮਤ) ਆਦਿ ॥

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ. ੫੧ (ਪੰ.੨੮੦) ਮੁਤਾਬਿਕ ਭੱਟਾਂ ਦੀ ਸਵਈਆਂ ਉੱਤੇ ਸਮਾਪਤੀ ਵਾਲੀਆਂ ਬੀੜਾਂ ਦੀ ਸੂਚੀ : ੧, ੭, ੨੫, ੪੪, ੫੨, ੬੭, ੭੯, ੮੨, ੯੯, ੧੧੦ (ਕੁੱਲ-੧੦)

ਅੰਤਿਕਾ ਨੰ.੫੨ (ਉਪਰੋਕਤ ਪੁਸਤਕ ਪੰ. ੨੮੦) ਅਨੁਸਾਰ ਸਲੋਕ ਸੇਖ ਫ਼ਰੀਦ ਉੱਤੇ ਸਮਾਪਤੀ ਵਾਲੀਆਂ ਬੀੜਾਂ ਦੀ ਸੂਚੀ : ੮, ੧੪, ੨੦, ੧੦੪ (ਕੁੱਲ-੪)

ਅੰਤਿਕਾ ਨੰ. ੪੭ (ਉਪਰੋਕਤ ਪੁਸਤਕ ਪੰ. ੨੭੯) ਮੁਤਾਬਿਕ ਉਨ੍ਹਾਂ ਬੀੜਾਂ ਦੀ ਸੂਚੀ, ਜਿਨ੍ਹਾਂ ਵਿੱਚ ਮੁੰਦਾਵਣੀ ਤੋਂ ਬਾਅਦ ਆਉਂਦਾ ਸਲੋਕ 'ਤੇਰਾ ਕੀਤਾ ਜਾਤੋ ਨਾਹੀ..' ਸਲੋਕ ਵਾਰਾਂ ਤੇ ਵਧੀਕ ਵਿੱਚ ਸਲੋਕ ਮਹਲਾ ੫ ਦੇ ਸਲੋਕਾਂ ਦੇ ਅਖੀਰ ਵਿੱਚ ਦਰਜ ਹੋਇਆ ਮਿਲਦਾ ਹੈ : ੧, ੭, ੮, ੯, ੨੦, ੨੫, ੨੬, ੩੪, ੫੨, ੬੦, ੬੭, ੬੮, ੭੯, ੮੦, ੮੨, ੧੦੬, ੧੧੫, ੧੪੮ (ਕੁੱਲ-੧੮)

ਜਥੇਦਾਰ ਵੇਦਾਂਤੀ ਤੇ ਭਾਈ ਤਲਵਾੜਾ ਜੀ ਵਾਲੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਪਾਵਨ ਬੀੜ ਅੰਦਰਲੀ ਬਾਣੀਕਾਰਾਂ ਦੀ ਬੱਝਵੀਂ ਤਰਤੀਬ ਅਨੁਸਾਰ ਉਪਰੋਕਤ ਕਿਸਮ ਦੀ ਅੰਤਮ ਤਰਤੀਬ ਨੂੰ ਸਹੀ ਮੰਨਦੀ ਸੀ। ਪ੍ਰੰਤੂ ਫਿਰ ਵੀ ਪੰਥਕ ਮਾਨਸਿਕਤਾ ਨੂੰ ਧਿਆਨ ਵਿੱਚ ਰੱਖ ਕੇ ਭਗਤ ਸ੍ਰੀ ਕਬੀਰ ਦੇ ਸਲੋਕਾਂ ਤੋਂ ਲੈ ਕੇ ਮੁੰਦਾਵਣੀ ਤੇ 'ਸਲੋਕ ਮ: ੫ ॥ ਤੇਰਾ ਕੀਤਾ... ॥' ਤੱਕ ਦੀ ਛਾਪੇ ਦੀ ਪ੍ਰਚਲਿਤ ਬੀੜ ਵਾਲੀ ਸਥਾਪਿਤ ਤਰਤੀਬ ਨੂੰ ਹੀ ਪ੍ਰਵਾਨ ਕਰਕੇ ਚੱਲਣ ਦੀ ਰਾਇ ਰੱਖਦੀ ਸੀ। ਇਸ ਲਈ ਜਥੇਦਾਰ ਵੇਦਾਂਤੀ ਜੀ ਨੇ ਵੀ ਪਾਵਨ ਬੀੜ ਦੀ ਸੁਧਾਈ ਵੇਲੇ ਛਾਪੇ ਵਾਲੀ ਪ੍ਰਚਲਿਤ ਤਰਤੀਬ ਨੂੰ ਹੀ ਕਾਇਮ ਰੱਖਿਆ ਹੈ, ਕਿਉਂਕਿ ਦਮਦਮੀ ਸ਼ਾਖ (ਸਾਬੋ ਕੀ ਤਲਵੰਡੀ) ਦੀਆਂ ਕੁਝ ਪ੍ਰਾਚੀਨ ਬੀੜਾਂ ਵਿੱਚ ਐਸੀ ਤਰਤੀਬ ਵੀ ਮੌਜੂਦ ਹੈ। ਪ੍ਰਾਚੀਨ ਬੀੜਾਂ ਦੇ ਪ੍ਰਸਿੱਧ ਖੋਜੀ ਡਾ. ਅਮਰ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ 'ਸ੍ਰੀ ਗੁਰੂ ਗ੍ਰੰਥ ਅਧਿਐਨ ਕੇਂਦਰ' ਵਿਖੇ ਡਿਜੀਟਾਈਜ਼ ਕੀਤੀਆਂ ੪੦੦ ਤੋਂ ਵਧੇਰੇ ਹੱਥ ਲਿਖਤਾਂ ਵਿੱਚ ਕੇਵਲ ਚਾਰ ਬੀੜਾਂ ਐਸੀਆਂ ਹਨ, ਜਿਨ੍ਹਾਂ ਨੂੰ ਉਪਰੋਕਤ ਸ਼ਾਖਾ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

**ਪੰਜਵਾਂ ਮਸਲਾ ਹੈ ਅੰਕ-ਵਿਧਾਨ ਦੀ ਬੇਤਰਤੀਬੀ ਤੇ ਵਿਗਾੜ ਦਾ :** ਜਥੇਦਾਰ ਵੇਦਾਂਤੀ ਤੇ ਉਨ੍ਹਾਂ ਦੇ ਸਾਥੀਆਂ ਦਾ ਮਤ ਸੀ ਕਿ ਹੱਥ-ਲਿਖਤੀ ਪੁਰਾਣੀਆਂ ਬੀੜਾਂ ਵਿੱਚ ਵਧੇਰੇ ਕਰਕੇ ਅੰਕ-ਵਿਧਾਨ ਦੀ ਇੱਕ ਬਝਵੀਂ ਤਰਤੀਬ ਹੈ। ਉਸ ਮੁਤਾਬਿਕ ਪਹਿਲੇ ਚਾਰ ਗੁਰੂ ਸਾਹਿਬਾਨ ਦੇ ਸ਼ਬਦਾਂ, ਅਸਟਪਦੀਆਂ ਤੇ ਛੰਤਾਂ ਆਦਿਕ ਦੀ ਵੱਖ ਵੱਖ ਗਿਣਤੀ ਕਰਕੇ ਫਿਰ ਇੱਕ ਸਾਂਝਾ ਜੋੜ ਕੀਤਾ ਗਿਆ ਹੈ। ਹਰੇਕ ਥਾਂ ਪੰਜਵੇਂ ਗੁਰੂ ਸਾਹਿਬ ਦੀ ਬਾਣੀ ਦਾ ਵੱਖਰਾ ਜੋੜ ਕਰਕੇ ਫਿਰ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਨੂੰ ਤਰਤੀਬ ਤੇ ਵੇਰਵੇ ਸਹਿਤ ਲਿਖ ਕੇ ਕੁੱਲ ਜੋੜ ਕੀਤਾ ਹੋਇਆ ਹੈ। ਜਿਥੇ ਨਾਵੇਂ ਗੁਰੂ ਪਾਤਸ਼ਾਹ ਦੀ ਬਾਣੀ ਚੜ੍ਹਾਈ ਗਈ ਹੈ, ਉਥੇ ਮਃ ੫ ਦੀ ਬਾਣੀ ਪਿਛੋਂ ਕੁਲ ਜੋੜ ਕਰਨ ਦੀ ਥਾਂ ਮਃ ੯ ਦੀ ਬਾਣੀ ਦਾ ਜੋੜ ਕਰਨ ਉਪਰੰਤ ਬਾਣੀ ਨੂੰ ਵੇਰਵੇ ਸਹਿਤ ਦਰਸਾਅ ਕੇ ਕੁੱਲ-ਜੋੜ (ਜੁਮਲਾ) ਅੰਕ ਪਾਇਆ ਗਿਆ ਹੈ।

ਭਗਤ ਬਾਣੀ ਦੇ ਸ਼ਬਦਾਂ ਦੀ ਗਿਣਤੀ ਵੀ ਬਾਣੀਕਾਰਾਂ ਮੁਤਾਬਿਕ ਵੱਖਰੀ ਵੱਖਰੀ ਹੈ ਅਤੇ ਕੁਝ ਥਾਵਾਂ 'ਤੇ ਉਨ੍ਹਾਂ ਦਾ ਸਾਂਝਾ ਜੋੜ ਵੀ ਮਿਲਦਾ ਹੈ, ਜੋ ਹਰੇਕ ਥਾਂ ਲੋੜੀਂਦਾ ਹੈ। ਬਾਣੀਕਾਰਾਂ ਦੇ ਵਖ ਵਖ ਸੰਗ੍ਰਹਿਆਂ ਵਿੱਚ ਉਪਰਾਗ 'ਤੇ ਘਰ ਬਦਲਣ ਕਾਰਣ ਗਿਣਤੀ ਬਦਲਦੀ ਹੈ। ਅਸਟਪਦੀਆਂ ਨੂੰ ਛੱਡ ਕੇ ਦੁਪਦੇ, ਤਿਪਦੇ ਆਦਿਕ ਗਿਣਤੀ ਨੂੰ ਪ੍ਰਭਾਵਤ ਨਹੀਂ ਕਰਦੇ। ਇਉਂ ਪ੍ਰਤੀਤ ਹੁੰਦਾ ਹੈ ਕਿ ਆਦਿ ਬੀੜ (ਪੋਥੀ ਸਾਹਿਬ) ਦੇ ਸੰਪਾਦਕ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਤੋਂ ਪਹਿਲਾਂ ਦੇ ਚਾਰ ਗੁਰੂ ਸਾਹਿਬਾਨ ਵੱਲੋਂ ਪ੍ਰਾਪਤ ਹੋਏ 'ਪਿਊ ਦਾਦੇ' ਦੇ ਬਾਣੀ ਰੂਪ ਵਿਰਾਸਤੀ ਖਜ਼ਾਨੇ ਨੂੰ ਹਰੇਕ ਥਾਂ ਵਿਸ਼ੇਸ਼ ਤੌਰ 'ਤੇ ਵੱਖਰਾ ਦਰਸਾਇਆ ਹੈ, ਜਿਸ ਪ੍ਰਤੀ ਉਨ੍ਹਾਂ ਦਾ ਅੰਮ੍ਰਿਤ ਬਚਨ ਹੈ:

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥ {ਗਉੜੀ ਮਃ ੫, ਪੰ. ੧੮੬}

ਪ੍ਰੰਤੂ ਛਾਪੇ ਦੀ ਪ੍ਰਚਲਿਤ ਬੀੜ ਵਿੱਚ ਭਗਤ ਬਾਣੀ ਨੂੰ ਛੱਡ ਕੇ ਬਾਕੀ ਹੋਰ ਕਿਸੇ ਵੀ ਰਾਗ ਵਿੱਚ ਗੁਰੂ ਬਾਣੀਕਾਰਾਂ ਦੀ ਬਾਣੀ ਦੇ ਜੋੜ-ਅੰਕ ਉਪਰੋਕਤ ਕਿਸਮ ਦੀ ਬਝਵੀਂ ਤਰਤੀਬ ਵਿੱਚ ਨਹੀਂ ਮਿਲਦੇ। ਹਰ ਥਾਂ ਜੋੜ ਅੰਕਾਂ ਦਾ ਵਿਧਾਨ ਭਿੰਨ ਭਿੰਨ ਹੈ। ਕਈ ਥਾਂਈ ਜੋੜ-ਅੰਕ ਵੀ ਭੁਲੇਖੇ ਦਾ ਸ਼ਿਕਾਰ ਹੋਏ ਹਨ। ਜਿਵੇਂ :

ਸਿਰੀਰਾਗ :- ਮਃ ੧, ੩ ਤੇ ਮਃ ੪ ਦੇ ਸ਼ਬਦਾਂ ਦੀ ਸਾਂਝੀ ਗਿਣਤੀ ਕਰਦਿਆਂ ਅੰਤ ਸਾਂਝਾ ਜੋੜ ਕਰਕੇ ਇਉਂ ਵਖਰਾਇਆ ਹੈ : ॥ ੪ ॥ ੩੩ ॥ ੩੧ ॥ ੬ ॥ ੭੦ ॥ (ਭਾਵ : ਮ.੧-੩੩ ॥ ਮ.੩-੩੧ ॥ ਮ.੪-੬ ॥ ਕੁਲ ਜੋੜ ੭੦)

ਮਃ ੫ ਦੇ ਸ਼ਬਦਾਂ ਦੀ ਗਿਣਤੀ ਵਖਰੀ ਨਹੀਂ ਰੱਖੀ, ਉਸ ਨੂੰ ਪਿਛਲੇ ੭੦ ਨਾਲ ਇਉਂ ਸਾਂਝਾ (੪ ॥ ੧ ॥ ੭੧ ॥) ਕਰਕੇ ਅੱਗੇ ਤੋਰਿਆ ਹੈ ਅਤੇ ਅੰਤ 'ਤੇ ਕੁੱਲ ਸਾਂਝਾ ਜੋੜ ਫਿਰ ਇਉ ਲਿਖ ਦਿੱਤਾ ਹੈ (੪ ॥ ੩੦ ॥ ੧੦੦ ॥) ਭਾਵ, ਇਥੇ ਮ.੫ ਤਕ ਦੇ ਸ਼ਬਦਾਂ ਦਾ ਵੱਖਰਾ ਵੱਖਰਾ ਵੇਰਵਾ ਨਹੀਂ ਦਿੱਤਾ। ਮਃ ੫ ਦੇ ੩੦ ਲਿਖ ਕੇ ਮਃ੧, ਮਃ੩ ਤੇ ਮਃ੪ ਦੇ ੭੦ ਸ਼ਬਦਾਂ ਨੂੰ ਜੋੜ ਕੇ ਫਿਰ ਇਕੱਠੀ ਹੀ ਕੁੱਲ ਗਿਣਤੀ ੧੦੦ ਲਿਖ ਦਿੱਤੀ ਗਈ ਹੈ।

ਅਸਟਪਦੀਆਂ ਤੇ ਛੰਤਾਂ ਦੀ ਗਿਣਤੀ ਵੀ ਉਪਰੋਕਤ ਢੰਗ ਨਾਲ ਕੀਤੀ ਹੋਈ ਹੈ। ਪੰਨਾ ੫੦ ਤੋਂ ੫੨ ਤਕ ਦੇ ਸ਼ਬਦਾਂ ਤੋਂ ਜਾਣਿਆ ਜਾ ਸਕਦਾ ਹੈ 'ਘਰੁ' ਬਦਲਣ ਤੇ ਗਿਣਤੀ ਨਹੀਂ ਬਦਲਦੀ ਅਤੇ ਅਸਟਪਦੀਆਂ ਵਿੱਚ ਵੀ ਇਹੋ ਢੰਗ ਪਨਾਇਆ ਗਿਆ ਹੈ।

**ਰਾਗੁ ਮਾਝ :** ਮਃ ੪ ਤੇ ਮਃ ੫ ਦੇ ਸ਼ਬਦਾਂ ਦੀ ਗਿਣਤੀ ਤੇ ਜੋੜ ਸਾਂਝਾ ਹੈ। ਅੰਤ ਵਿੱਚ ਵੀ ਮਃ੪ ਤੇ ਮਃ ੫ ਦੇ ਸ਼ਬਦਾਂ ਨੂੰ ਵਖਰਾ ਵਖਰਾ ਨਹੀਂ ਦਰਸਾਇਆ। ਮਃ ੪ ਦੇ ੭ ਚਉਪਦਿਆਂ ਨੂੰ ਜੋੜ ਕੇ ਇਉਂ ਲਿਖਿਆ ਹੈ : ॥ ੪ ॥ ੪੩ ॥ ੫੦ ॥

ਅਸਟਪਦੀਆਂ ਦੀ ਗਿਣਤੀ ਵੇਲੇ ਮਃ ੧ ਦੀ ੧ ਅਤੇ ਮਃ ੩ ਦੀਆਂ ੩੨ ਜੋੜ ਕੇ ਵਖਰਾ ਵਖਰਾ ਦਰਸਾਉਂਦਿਆਂ ਇਉਂ ਲਿਖਿਆ ਹੈ : ॥ ੮ ॥ ੧ ॥ ੩੨ ॥ ੩੩ ॥ ਫਿਰ ਮਃ ੪ ਦੀ ੧ ਅਸਟਪਦੀ ਨਾਲ ਉਪਰੋਕਤ ਜੋੜ ਸਾਂਝਾ ਕਰਕੇ ਲਿਖਿਆ ਹੈ ॥ ੮ ॥ ੧ ॥ ੩੪ ॥ ਮਃ ੫ ਦੀਆਂ ਅਸਟਪਦੀਆਂ ਮੁੱਕਣ 'ਤੇ ਕੁਲ ਜੋੜ ਇਉਂ ਵਖਰਾਇਆ ਹੈ ॥ ॥ ੮ ॥ ੫ ॥ ੩੯ ॥ ੧ ॥ ੩੨ ॥ ੧ ॥ ੫ ॥ ੩੯ ॥

ਭਾਵ, ਇਸ ਰਾਗ ਵਿੱਚ ਸ਼ਬਦਾਂ ਦੀ ਗਿਣਤੀ ਸਾਂਝੀ ਹੈ, ਪਰ ਅਸਟਪਦੀਆਂ ਦੀ ਵਖਰੀ ਵਖਰੀ।

**ਰਾਗ ਗਉੜੀ** : ਸ਼ਬਦਾਂ ਦੀ ਗਿਣਤੀ ਵੇਲੇ ਰਾਗ ਦੀਆਂ ਕਿਸਮਾਂ ਬਦਲਣ ਕਾਰਨ ਮਃ ੧ ਦੀ ਅੰਦਰਲੀ ਗਿਣਤੀ ਵੱਖ ਵੱਖ ਸਾਂਝੀ ਕਰਦਿਆਂ, ਜਦੋਂ ਮਃ ੩ ਦੇ ਸ਼ਬਦਾਂ ਦੀ ਸਾਂਝੀ ਗਿਣਤੀ ॥ ੪ ॥ ੧੪ ॥ ੩੪ ॥ ’ਤੇ ਪਹੁੰਚੀ ਤਾਂ ਅੱਗੋਂ ਪੰ. ੧੬੨ ’ਤੇ ਗਉੜੀ ਬੈਰਾਗਣਿ ਸ਼ੁਰੂ ਹੋ ਗਈ। ਇਸ ਲਈ ਅੰਕ ਚੌਹਰਾ ਕਰਕੇ ਅੱਗੇ ਸਾਂਝੀ ਗਿਣਤੀ ਇਉਂ ਸ਼ੁਰੂ ਕਰ ਦਿੱਤੀ ਗਈ ॥ ੪ ॥ ੧ ॥ ੧੫ ॥ ੩੫ ॥ ਭਾਵ, ਮਃ ੩ ਦੇ ੧੫ ਸਬਦਾਂ ਦੀ ਗਿਣਤੀ ਵੱਖਰੀ ਵਿਖਾ ਕੇ ਉਸ ਵਿੱਚ ਮਃ ੧ ਤੇ ਮਃ ੩ ਦੀ ਪਿਛਲੀ ਗਿਣਤੀ ਜੋੜਦਿਆਂ ਵੱਡਾ ਜੋੜ-ਅੰਕ ਵਖਰਾ ਸ਼ੁਰੂ ਕਰ ਦਿਤਾ ਗਿਆ, ਕਿਉਂਕਿ ਰਾਗ ਦੀ ਕਿਸਮਾਂ ਦੇ ਸ਼ਬਦਾਂ ਦੀ ਗਿਣਤੀ ਨੂੰ ਵੱਖ ਦਰਸਾਉਣਾ ਲੋੜੀਂਦਾ ਹੈ।

ਮਃ ੪ ਦੇ ਸ਼ਬਦਾਂ ਵਿੱਚ ਗਉੜੀ ਗੁਆਰੇਰੀ ਤੋਂ ਪਿਛੋਂ ੧੬੫ ਤੇ ਜਦੋਂ ਬੈਰਾਗਣਿ ਸ਼ੁਰੂ ਹੁੰਦੀ ਹੈ ਤਾਂ ਉਪਰ ਦੀ ਤਰ੍ਹਾਂ ਚੌਹਰਾ ਅੰਕ ਇਉਂ ਸ਼ੁਰੂ ਹੋ ਜਾਂਦਾ ਹੈ ॥ ੪ ॥ ੧ ॥ ੭ ॥ ੪੫ ॥

ਪੰ.੧੭੫ ਉੱਤੇ ਜਦੋਂ ਮਃ ੪ ਦੇ ਸ਼ਬਦ ਸੰਪੂਰਨ ਹੁੰਦੇ ਹਨ ਤਾਂ ਫਿਰ ਇੱਕਠਾ ਜੋੜ ਇਉਂ ਦਿੱਤਾ ਹੈ ॥੪ ॥੬ ॥੨੦ ॥੧੯ ॥੩੨ ॥੭੦ ॥

**ਇਥੋਂ ਅੱਗੇ ਪੰ. ੧੭੫ ਤੋਂ ਮਃ ੫ ਦੇ ਸ਼ਬਦ ਸ਼ੁਰੂ ਹੁੰਦੇ ਹਨ। ਇਥੇ ਲਿਖਾਰੀ ਦੀ ਬੇਧਿਆਨੀ ਕਾਰਣ ਪਹਿਲੇ ਸ਼ਬਦ ਨੂੰ ਕੋਈ ਅੰਕ ਨਹੀਂ ਦਿੱਤਾ ਗਿਆ। ਮਃ ੫ ਦੇ ਦੂਜੇ ਸ਼ਬਦ ਪਿਛੋਂ ਵਿਚਕਾਰਲੀ ਗਿਣਤੀ ਤਾਂ ੨ ਠੀਕ ਲਿਖੀ ਗਈ, ਪਰ ਇਥੋਂ ਨਾਲ ਵੱਡਾ ਜੋੜ ੭੧ ਸ਼ੁਰੂ ਕਰ ਦਿੱਤਾ ਗਿਆ ਹੈ। ਜਿਵੇਂ ॥੪ ॥੨ ॥੭੧ ॥ {ਜੇ ਮਃ ੫ ਦੀ ਗਿਣਤੀ ਵਿੱਚ ਮਃ ੪ ਤਕ ਦੇ ਸਬਦਾਂ ਦੀ ਗਿਣਤੀ ਜੋੜ ਕੇ ਸਾਂਝੀ ਕਰਨੀ ਲੋੜੀਂਦੀ ਹੈ ਤਾਂ ਲਿਖਣਾ ਚਾਹੀਦਾ ਸੀ ॥੪ ॥੨ ॥੭੨ ॥} ਲਿਖਾਰੀ ਦੀ ਬਾਹਰੀ ਗਿਣਤੀ ਦੀ ਇਹ ਭੁੱਲ ਪੰ. ੨੦੦ ’ਤੇ ਜੋੜ ਅੰਕ ॥੪ ॥੧੦੫ ॥੧੭੪ ॥ ਤਕ ਨਿਰੰਤਰ ਚੱਲਦੀ ਹੈ। ਇਥੇ ਪਹੁੰਚ ਕੇ ਜਦੋਂ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੁੰਦਾ ਹੈ ਤਾਂ ਵੱਡਾ ਤੀਹਰਾ ਅੰਕ ਛੱਡ ਕੇ ਅੱਗੋਂ ਦੂਹਰਾ ਅੰਕ ਸੁਰੂ ਕਰ ਦਿੰਦਾ ਹੈ, ਕਿਉਂਕਿ ਉਹ ਠੀਕ ਚੱਲ ਰਿਹਾ ਸੀ। ਪੰ. ੨੧੯ ’ਤੇ ਮਃ੫ ਦੇ ਸ਼ਬਦਾਂ ਦਾ ਅੰਕ ਤੀਹਰਾ ਹੈ। ਸਪਸ਼ਟ ਹੈ ਕਿ ਮਃਪੰਜਵੇਂ ਦੇ ਸ਼ਬਦਾਂ ਨੂੰ ਪਹਿਲੇ ਗੁਰੂ ਸਾਹਿਬਾਨ ਤੋਂ ਵਖਰਾ ਗਿਣਿਆ ਹੈ, ਜਿਵੇਂ ॥੪ ॥੪ ॥੧੭੨ ॥**

ਇਥੇ ਕੁੱਲ ਜੋੜ ਨਹੀਂ ਕੀਤਾ, ਕਿਉਂਕਿ ਅੱਗੇ ੯ ਸ਼ਬਦ ਮਃ ੯ ਦੇ ਹਨ। ਪਰ ਅਸੀਂ ਦੇਖਦੇ ਹਾਂ ਕਿ ਉਥੇ ਸਾਰਾ ਜੋੜ ਤਾਂ ਭਾਵੇਂ ਇਉਂ ਕਰ ਦਿੱਤਾ ਹੈ।੨ ॥੯ ॥੨੫੧ ॥ ਪਰ ਇਥੇ ਬਾਣੀਕਾਰ ਗੁਰੂਆਂ ਦੀ ਤਰਤੀਬਵਾਰ ਗਿਣਤੀ ਵੱਖਰੀ ਵੱਖਰੀ ਨਹੀਂ ਦਰਸਾਈ। ਬਝਵੀਂ ਤਰਤੀਬ ਮੁਤਾਬਿਕ ਸਾਰਾ ਜੋੜ ਇਉਂ ਲਿਖਣਾ ਚਾਹੀਦਾ ਸੀ :

**੨ ॥੯ ॥ ॥੨੦ ॥੧੯ ॥੩੨ ॥੧੭੨ ॥੯ ॥੨੫੧ ॥** (ਭਾਵ : ਮ.੧-੨੦, ਮ.੩-੧੯, ਮ.੪-੩੨, ਮ.੫-੧੭੨, ਮ.੯-੯, ਕੁਲ ਜੋੜ ੨੫੧)

**ਨੋਟ** : ਛਾਪੇ ਦੀ ਬੀੜ ਦੇ ਪੰਨਾ ੧੭੫ ਵਾਲੀ ਉਪਰੋਕਤ ਭੁੱਲ ਨੂੰ ਸਮਝਣ ਤੇ ਦੂਰ ਕਰਨ ਹਿੱਤ ਵੀ ਪੁਰਾਣੀਆਂ ਹੱਥ ਲਿਖਤੀ ਬੀੜਾਂ ਸਹਾਇਕ ਹੁੰਦੀਆਂ ਹਨ। ਜਿਵੇਂ ਮੁਕਤਸਰ ਤੇ ਕਾਨਗੜ੍ਹ ਵਾਲੀਆਂ ਬੀੜਾਂ ਵਿੱਚ ਪਹਿਲੇ ਸ਼ਬਦ ਪਿਛੋਂ ਕੇਵਲ ॥੧ ॥ ਅੰਕ ਹੀ ਪਾਇਆ ਹੈ, ਪਹਿਲੇ ਚਾਰ ਗੁਰੂ ਸਾਹਿਬਾਨ ਦੇ ੭੦ ਸ਼ਬਦਾਂ ਨੂੰ ਇਸ ਸੰਗ੍ਰਹਿ ਨਾਲ ਨਹੀਂ ਜੋੜਿਆ ਗਿਆ। ਇਥੋਂ ਇਹ ਹਕੀਕਤ ਵੀ ਪ੍ਰਗਟ ਹੁੰਦੀ ਹੈ ਕਿ ਪੰਜਵੇਂ ਪਾਤਸ਼ਾਹ ਨੇ ਆਪਣੇ ਸ਼ਬਦਾਂ ਦੀ ਗਿਣਤੀ ਸਭ ਥਾਂਈ ਵੱਖਰੀ ਰੱਖੀ ਹੈ।

**ਰਾਗੁ ਆਸਾ** : ਮਃ ੧ ਤੋਂ ਮਃ ੪ ਤਕ ਗਿਣਤੀ ਸਾਂਝੀ ਚਲਦੀ ਅਤੇ ਅੰਤ ’ਤੇ ਕੁਲ ਜੋੜ ਇਉਂ ਦਿੱਤਾ ਹੈ - ॥੨ ॥੩੯ ॥੧੩ ॥੧੫ ॥੬੭ ॥ ਪ੍ਰੰਤੂ ਲਿਖਣਾ ਚਾਹੀਦਾ ਸੀ ॥੨ ॥੨ ॥੧੫ ॥ ॥੨ ॥੩੯ ॥੧੩ ॥੧੫ ॥੬੯ ॥

ਨੋਟ : ਛਾਪੇ ਦੀ ਬੀੜ ਵਾਲੇ ਜੋੜ ਵਿੱਚ ‘ਸੋ ਦਰੁ’ ਤੇ ‘ਸੋ ਪੁਰਖ’ ਦੇ ੨ ਸ਼ਬਦ ਨਹੀਂ ਸਨ ਜੋੜੇ ਗਏ; ਕਿਉਂਕਿ ਰਾਗੁ ਆਸਾਵਰੀ ਸੁਧੰਗ ਮਹਲਾ ੪ ਘਰ ੧੬ ਕੇ ੨ ॥ ਸਿਰਲੇਖ ਹੇਠ ੨ ਦੁਪਦੇ ਹਨ, ਜਿਨ੍ਹਾਂ ਦਾ ਵੇਰਵਾ ਸਿਰਲੇਖ ਵਿੱਚ ਦਿੱਤੇ ਜਾਣ ਕਰਕੇ ਲਿਖਾਰੀ ਨੇ ਗਿਣਤੀ ਵਾਲਾ ੨ (ਦੂਆ) ਪਾਉਣ ਦੀ ਲੋੜ ਨਹੀਂ ਸਮਝੀ, ਪਰ ਅਜਿਹਾ ਕਰਨ ਵੇਲੇ ਉਹ ਦੂਜੇ ਦੁਪਦੇ ਦਾ ਪ੍ਰਤੀਕ ੨ ਹਿੰਦਸਾ ਵੀ ਛੱਡ ਗਿਆ। ਕੁੱਲ ਜੋੜ ਕਰਨ ਵੇਲੇ ਉਸ ਨੂੰ ਭੁਲੇਖਾ ਲੱਗਾ ਕਿ ਜੋੜ ਦੇ ਵੇਰਵੇ ਵਿੱਚ ਪਹਿਲਾ ੨ ਅੰਕ ਦੁਪਦੇ ਦਾ ਪ੍ਰਤੀਕ ਹੈ, ਸ਼ਬਦਾਂ ਦੀ ਗਿਣਤੀ ਦਾ ਨਹੀਂ। ਜਦ ਕਿ ਉਹ ੨ (ਦੂਆ) ਸੋ ਦਰੁ ਤੇ ਸੋ ਪੁਰਖ ਦੇ ੨ ਸ਼ਬਦਾਂ ਦਾ ਪ੍ਰਤੀਕ ਸੀ। ਇਸ ਪ੍ਰਕਾਰ ਇਹ ਦੋ ਸ਼ਬਦ ਕੁੱਲ ਗਿਣਤੀ ਵਿੱਚ ਸ਼ਾਮਲ ਨਾ ਹੋ ਸਕੇ।

ਮਹਲਾ ੫ ਦੀ ਗਿਣਤੀ ੧੬੩ ਵਖਰੀ ਕਰਕੇ ਫਿਰ ਪਹਿਲੇ ਗੁਰੂ ਸਾਹਿਬਾਨ ਦੇ ੬੯ ਸ਼ਬਦ ਜੋੜ ਕੇ ਕੁਲ ਜੋੜ ਇਉਂ ਲਾਇਆ ਹੈ ॥੨ ॥੭ ॥੧੬੩ ॥੨੩੨ ॥

ਮਹਲਾ ੯ ਦੇ ਇੱਕ ਸ਼ਬਦ ਨੂੰ ਜੋੜ ਕੇ ਅੰਤ ਵਿੱਚ ਫਿਰ ਕੁੱਲ ਜੋੜ ਇਉਂ ॥੨ ॥੧ ॥੨੩੩ ॥ ਲਿਖਿਆ ਹੈ। ਭਾਵ, ਇਥੇ ਵੀ ਜੋੜ ਵੇਲੇ ਬਾਣੀਕਾਰਾਂ ਨੂੰ ਵੱਖ ਵੱਖ ਨਹੀਂ ਪ੍ਰਗਟਾਇਆ।

ਅਸਟਪਦੀਆਂ ਵਿੱਚ ‘ਘਰੁ’ ਬਦਲਣ ਤੇ ਗਿਣਤੀ ਨਿਰੰਤਰ ਚਲਦੀ ਹੈ, ਭਾਵ ਬਦਲਦੀ ਨਹੀਂ। ਪ੍ਰੰਤੂ ਮਃ ੫ ਦੇ ਘਰੁ ੨ ਤੇ ਘਰੁ ੩ ਦੀ ਇੱਕ ਇੱਕ ਅਸਟਪਦੀ ਦਾ ਜੋੜ ਵੱਖਰਾ ਵੱਖਰਾ ਹੈ, ਸਾਂਝਾ ਨਹੀਂ।

ਮਃ ੧ ਤੇ ੩ ਦੇ ਛੰਤਾ ਵਿੱਚ ਘਰ ਬਦਲਣ ’ਤੇ ਨਵੀਂ ਗਿਣਤੀ ਸ਼ੁਰੂ ਹੁੰਦੀ ਹੈ। ਭਾਵ ਇਥੇ ‘ਘਰ’ ਗਿਣਤੀ ਨੂੰ ਪ੍ਰਭਾਵਤ ਕਰਦੇ ਹਨ।ਮਃ ੩ ਦੇ ਛੰਤਾਂ ਉਪਰੰਤ ਮ. ੧ ਤੇ ਮ,੩ ਦੇ ਛੰਤਾਂ ਦਾ ਜੋੜ ਕਰਕੇ ਵਖਰਾਇਆ ਵੀ ਗਿਆ ਹੈ, ਮਃ ੪ ਦੇ ਛੰਤਾਂ ਉਪਰੰਤ ਵੀ ਜੋੜ ਮਿਲਦਾ ਹੈ। ਫਿਰ ਮਃ ੫ ਦੀ ਗਿਣਤੀ ਵਖਰੀ ਸ਼ੁਰੂ ਹੁੰਦੀ ਹੈ, ਇਥੇ ਵੀ ‘ਘਰ’ ਗਿਣਤੀ ਨੂੰ ਪ੍ਰਭਾਵਤ ਕਰਦੇ ਹਨ। ਮਃ ੫ ਦੇ ਛੰਤਾਂ ਦਾ ਵੱਖਰਾ ਜੋੜ ਲਿਖਣ ਉਪਰੰਤ ਮਃ ੧, ੩, ੪ ਤੇ ਮਃ ੫ ਦਾ ਕੁੱਲ ਜੋੜ (ਜੁਮਲਾ) ਨਹੀਂ ਲਿਖਿਆ।

ਨੋਟ : ਪੰਨਾ ੩੫੪ ਤੋਂ ੩੬੦ ਤਕ ਦੇ ਵੱਖ ਵੱਖ ਸ਼ਬਦ ਸੰਗ੍ਰਹਿਆਂ ਤੋਂ ਨਿਸ਼ਚੇ ਹੁੰਦਾ ਹੈ ਕਿ ‘ਘਰੁ’ ਬਦਲਣ ’ਤੇ ਸੰਖੇਪ ਮੰਗਲਾਚਰਣ ਵੀ ਪੈਂਦਾ ਹੈ ਅਤੇ ਜੋੜ-ਅੰਕ ਦੀ ਗਿਣਤੀ ਵੀ ਨਵੀਂ ਸ਼ੁਰੂ ਹੁੰਦੀ ਹੈ। ਤਿਪਦੇ, ਦੁਤੁਕੇ ਆਦਿਕ ਗਿਣਤੀ ਨੂੰ ਪ੍ਰਭਾਵਤ ਨਹੀਂ ਕਰਦੇ ਅਤੇ ਨਾ ਹੀ ਆਦਿ ਮੰਗਲ ਲੋੜੀਂਦਾ ਹੈ।

ਰਾਗੁ ਗੂਜਰੀ : ਮਃ ੧ ਤੇ ਮਃ ੩ ਦੀ ਗਿਣਤੀ ਤੇ ਜੋੜ ਸਾਂਝਾ ਹੈ ਅਤੇ ਮਹਲਾ ੪ ਦਾ ਜੋੜ ਵੱਖਰਾ ਕਰਕੇ ਅੰਤ ਵਿੱਚ ਮਃ ੧, ੩ ਤੇ ੪ ਦਾ ਕੁੱਲ ਜੋੜ ਲਿਖ ਦਿਤਾ ਗਿਆ ਹੈ। ਇਥੇ ‘ਘਰ’ ਗਿਣਤੀ ਨੂੰ ਪ੍ਰਭਾਵਤ ਕਰ ਰਹੇ ਹਨ। ਭਾਵ, ‘ਘਰੁ’ ਬਦਲਣ ਤੇ ਗਿਣਤੀ ਦੇ ਅੰਕ ਬਦਲ ਰਹੇ ਹਨ।

ਮਃ ੫ ਦੀ ਗਿਣਤੀ ਵੱਖਰੀ ਹੈ, ਪਰ ਇਥੇ ਸ਼ਬਦਾਂ ਦਾ ਕੁਲ ਜੋੜ ਨਹੀਂ ਕੀਤਾ। ਅਸਟਪਦੀਆਂ ਵਿੱਚ ਵੀ ਇਹੋ ਤਰਤੀਬ ਹੈ।

**ਰਾਗ ਦੇਵਗੰਧਾਰੀ ਤੇ ਬਿਹਾਗੜਾ** ਵਿੱਚ ਵੀ ਲਗਭਗ ਗੂਜਰੀ ਰਾਗ ਵਾਲੀ ਹੀ ਵਿੱਧੀ ਅਪਨਾਈ ਹੈ, ਪਰ ੬, ੬ ਸ਼ਬਦਾਂ ਦੇ ਛੱਕੇ ਕਾਇਮ ਕੀਤੇ ਹੋਏ ਹਨ।

**ਰਾਗ ਵਡਹੰਸ** ਵਿੱਚ ਹਰੇਕ ਮਹਲੇ ਦੀ ਗਿਣਤੀ ਵੱਖਰੀ ਵੱਖਰੀ ਕੀਤੀ ਹੈ, ਸ਼ਬਦਾਂ ਦਾ ਕੁੱਲ ਜੋੜ ਕਿਤੇ ਵੀ ਨਹੀਂ। ਅਸਟਪਦੀਆਂ ਤੇ ਛੰਤਾਂ ਵਿੱਚ ਵੀ ਸ਼ਬਦਾਂ ਵਾਲੀ ਵਿਧੀ ਅਪਨਾਈ ਗਈ ਹੈ।

**ਰਾਗੁ ਸੋਰਠਿ ਵਿੱਚ** ਵੀ ਹਰੇਕ ਮਹਲੇ ਦੀ ਗਿਣਤੀ ਵਖਰੀ ਵਖਰੀ ਕਰਦਿਆਂ ਕੁੱਲ ਜੋੜ ਮਹਲਾ ੯ ਦੇ ਸ਼ਬਦਾਂ ਪਿਛੋਂ ਹੈ ਅਤੇ ਉਹ ਵੀ ਵਖਰਾਇਆ ਹੋਇਆ ਨਹੀਂ। ਜਿਵੇਂ ॥੩ ॥੧੨ ॥੧੩੯ ॥

ਅਸਟਪਦੀਆਂ ਵਿੱਚ ਵੀ ਮਹਲਾ ੧ ਦੀਆਂ ੩ ਅਤੇ ਮਃ ੫ ਦੀਆਂ ੩, ਵਖ ਵਖ ਗਿਣੀਆਂ ਹਨ, ਕੁਲ ਜੋੜ ੬ ਨਹੀ ਦਿੱਤਾ।

**ਰਾਗੁ ਧਨਾਸਰੀ ਵਿੱਚ** ਵੀ ਹਰੇਕ ਮਹਲੇ ਦੇ ਸ਼ਬਦਾਂ ਦੀ ਗਿਣਤੀ ਵੱਖ ਵੱਖ ਹੈ ਅਤੇ ਮਃ ੯ ਦੇ ਸ਼ਬਦਾਂ ਉਪਰੰਤ ਕੁੱਲ ਜੋੜ ਪੰ. ੬੯੫ ’ਤੇ ਇਉਂ ਲਿਖਿਆ ਹੈ: ॥੨ ॥੪ ॥੯ ॥੯ ॥੧੩ ॥੫੯ ॥੪ ॥੯੩ ॥

ਭਾਵ, ਮਃ ੯ ਦੇ ੪, ਮਃ ੧ ਦੇ ੯, ਮਃ ੩ ਦੇ ੯, ਮਃ ੪ ਦੇ ੧੩, ਮਃ ੫ ਦੇ ੫੯ ਅਤੇ ਮਃ ੯ ਦੇ ੪ ॥ ਕੁੱਲ ਜੋੜ ॥੯੩ ॥

ਅਸਟਪਦੀਆਂ ਤੇ ਛੰਤਾਂ ਦੀ ਗਿਣਤੀ ਵੀ ਉਪਰੋਕਤ ਢੰਗ ਦੀ ਹੈ।

**ਜੈਤਸਰੀ** ਵਿੱਚ ਵੀ **ਮਃ** ੪, **ਮਃ** ੫ ਤੇ **ਮਃ** ੯ ਦੀ ਗਿਣਤੀ ਵੱਖ ਵੱਖ ਹੈ ਅਤੇ ਸਾਂਝਾ ਕੁੱਲ ਜੋੜ ਨਹੀਂ।

**ਰਾਗੁ ਟੋਡੀ** ਵਿੱਚ ਵੀ ਉਪਰੋਕਤ ਵਿਧੀ ਹੈ ਅਤੇ ਸਾਂਝਾ ਕੁਲ ਜੋੜ ਮ.੯ ਦੇ ਸ਼ਬਦਾਂ ਉਪਰੰਤ ਹੈ।

**ਰਾਗੁ ਬੈਰਾੜੀ** ਵਿੱਚ ਉਪਰੋਕਤ ਵਿਧੀ ਅਪਨਾਈ ਹੈ ਅਤੇ ਸਾਂਝਾ ਕੁਲ ਜੋੜ ਮ.੫ ਦੇ ਸ਼ਬਦਾਂ ਉਪਰੰਤ ਹੈ।

**ਰਾਗੁ ਤਿਲੰਗ** ਵਿੱਚ ਉਪਰੋਕਤ ਜੋੜ ਵਿਧੀ ਹੈ। ਮਃ ੧, ੪ ਤੇ ੫ ਦਾ ਸਾਂਝਾ ਕੁੱਲ ਜੋੜ ਨਹੀਂ ਮਿਲਦਾ।

**ਰਾਗੁ ਸੂਹੀ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੧ ਤੇ ੪ ਦਾ ਜੋੜ ਸਾਂਝਾ ਹੈ, ਪਰ ਵਖਰਾਇਆ ਨਹੀਂ। ਮਃ ੫ ਦਾ ਜੋੜ ਵਖਰਾ ਹੈ।

**ਰਾਗੁ ਬਿਲਾਵਲ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੧, ੩, ੪ ਤੇ ੫ ਵਾਂ ਦੀ ਗਿਣਤੀ ਵੱਖ ਵੱਖ ਹੈ, ਪਰ ਪਹਿਲਾਂ ਮਃ ੧ ਤੇ ਮਃ ੩ ਦਾ ਸਾਂਝਾ ਜੋੜ ਕਰਕੇ ਵਖਰਾਇਆ ਹੈ। ਮਹਲਾ ੪ ਦੇ ਸ਼ਬਦਾਂ ਪਿਛੋਂ ਵੀ ਕੁਲ-ਜੋੜ ਕਰਕੇ ਵਖਰਾਇਆ ਹੈ ਅਤੇ ਮਃ ੫ ਦਾ ਤੇ ਮਃ ੯ ਦਾ ਜੋੜ ਵਖਰਾ ਹੈ। ਅੰਤ ਸਾਂਝਾ ਕੁੱਲ ਜੋੜ ਨਹੀਂ।

**ਰਾਗੁ ਗੋਂਡ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੪ ਤੇ ੫ ਵਾਂ ਦੀ ਗਿਣਤੀ ਵੱਖ ਵੱਖ ਕਰਕੇ ਦੋਵਾਂ ਦੇ ਸਾਂਝੇ ਜੋੜ ਨੂੰ ਵਖਰਾਇਆ ਗਿਆ ਹੈ।

**ਰਾਗੁ ਰਾਮਕਲੀ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੧, ੩ ਤੇ ਮਃ ੪ ਦੀ ਗਿਣਤੀ ਵੱਖ ਵੱਖ ਕਰਕੇ ਤਿੰਨਾਂ ਦੇ ਸਾਂਝੇ ਜੋੜ ਨੂੰ ਵਖਰਾਇਆ ਨਹੀਂ ਗਿਆ। ਮਃ ੫ ਦੀ ਗਿਣਤੀ ਵਖਰੀ ਹੈ, ਪਰ ਇਥੇ ਸਾਂਝਾ ਕੁੱਲ ਜੋੜ ਨਹੀਂ। ਭਗਤ ਬਾਣੀ ਦੀ ਗਿਣਤੀ ਵੱਖ ਵੱਖ ਹੈ, ਸਾਂਝਾ ਕੁਲ-ਜੋੜ ਨਹੀਂ।

**ਰਾਗੁ ਨਟ ਨਰਾਇਣ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੪ ਤੇ ੫ ਵਾਂ ਦੀ ਗਿਣਤੀ ਵੱਖ ਵੱਖ ਕਰਕੇ ਦੋਵਾਂ ਦੇ ਸਾਂਝੇ ਜੋੜ ਨੂੰ ਵਖਰਾਇਆ ਨਹੀਂ ਗਿਆ।

**ਰਾਗੁ ਮਾਲੀ ਗਉੜਾ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੪ ਤੇ ੫ ਵਾਂ ਦੀ ਗਿਣਤੀ ਵੱਖ ਵੱਖ ਕਰਕੇ ਦੋਵਾਂ ਦੇ ਸਾਂਝੇ ਜੋੜ ਨੂੰ ਵਖਰਾਇਆ ਗਿਆ ਹੈ। ਭਾਵ, ਜੋੜ ਵਿੱਚ ਬਾਣੀਕਾਰਾਂ ਦੇ ਸ਼ਬਦਾਂ ਦੀ ਗਿਣਤੀ ਵੱਖ ਵੱਖ ਕਰਕੇ ਕੁੱਲ ਜੋੜ ਕੀਤਾ ਗਿਆ ਹੈ।

**ਰਾਗੁ ਮਾਰੂ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੧, ੩, ੪, ੫ ਤੇ ਮਃ ੯ ਦੀ ਗਿਣਤੀ ਵੱਖ ਵੱਖ ਕਰਕੇ ਉਨ੍ਹਾਂ ਦਾ ਸਾਂਝਾ ਜੋੜ ਵੀ ਨਹੀਂ ਕੀਤਾ ਗਿਆ। ਭਗਤ ਬਾਣੀ ਦੀ ਵੱਖਰੀ ਵਖਰੀ ਗਿਣਤੀ ਦਾ ਸਾਂਝਾ ਜੋੜ ਹੈ।

**ਰਾਗੁ ਤੁਖਾਰੀ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮ.੧, ਮ.੪, ੫ ਦੇ ਛੰਤਾਂ ਦੀ ਗਿਣਤੀ ਵੱਖ ਵੱਖ ਹੈ। ਪਰ ਪਹਿਲਾਂ ਮਃ ੧ ਤੇ ਮਃ ੪ ਦਾ ਸਾਂਝਾ ਜੋੜ ਹੈ ਅਤੇ ਫਿਰ ਮਃ ੫ ਦਾ ਇੱਕ ਛੰਤ ਜੋੜਦਿਆਂ ਉਥੇ ਵੀ ਸਾਂਝਾ ਜੋੜ ਕੀਤਾ ਗਿਆ।

**ਰਾਗੁ ਕੇਦਾਰਾ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੪ ਤੇ ਮਃ ੫ ਦੀ ਗਿਣਤੀ ਵੱਖ ਵੱਖ ਹੈ ਅਤੇ ਅੰਤ ਸਾਂਝਾ ਜੋੜ ਹੈ। ਭਗਤ ਬਾਣੀ ਦੀ ਗਿਣਤੀ ਵੱਖ ਵੱਖ ਹੈ , ਪਰ ਸਾਂਝਾ ਜੋੜ ਨਹੀਂ।

**ਰਾਗੁ ਭੈਰਉ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੧, ਮਃ ੩, ਮਃ ੪ ਤੇ ਮਃ ੫ ਦੇ ਸਬਦਾਂ ਦੀ ਗਿਣਤੀ ਵੱਖ ਵੱਖ ਹੈ ਅਤੇ ਅੰਤ ਵਿੱਚ ਸਾਂਝਾ ਜੋੜ ਕਰਕੇ ਵਖਰਾਇਆ ਗਿਆ ਹੈ। ਭਗਤ ਬਾਣੀ ਦੀ ਵੱਖਰੀ ਵਖਰੀ ਗਿਣਤੀ ਹੈ, ਸਾਂਝਾ ਜੋੜ ਨਹੀਂ।

**ਰਾਗੁ ਬਸੰਤ ਹਿੰਡੋਲ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੧, ਮਃ ੩, ਮਃ ੪ ਤੇ ਮਃ ੫ ਦੀ ਗਿਣਤੀ ਵੱਖ ਵੱਖ ਹੈ। ਪਰ ਪਹਿਲਾਂ ਮਃ ੧ ਤੇ ਮਃ ੩ ਦਾ ਜੋੜ ਵਖਰਾਇਆ ਗਿਆ ਹੈ। ਫਿਰ ਮਃ ੪ ਦੇ ਅੰਤ ਵਿੱਚ ਸਾਂਝਾ ਜੋੜ ਕਰਕੇ ਵਖਰਾਇਆ ਹੈ। ਮਃ ੫ ਤੇ ਮਃ ੯ ਦਾ ਸਾਂਝਾ ਜੋੜ ਹੈ। ਭਗਤ ਬਾਣੀ ਦੀ ਵੱਖਰੀ ਵਖਰੀ ਗਿਣਤੀ ਹੈ, ਸਾਂਝਾ ਜੋੜ ਨਹੀਂ।

**ਰਾਗੁ ਸਾਰੰਗ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੧, ਮਃ ੪ ਤੇ ਮਃ ੫ ਦੀ ਗਿਣਤੀ ਵੱਖ ਵਖ ਹੈ, ਅੰਤ ਵਿੱਚ ਸਾਂਝਾ ਜੋੜ ਕਰਕੇ ਵਖਰਾਇਆ ਹੈ। ਮਃ ੯ ਦੀ ਬਾਣੀ ਪਿਛੋਂ ਵੀ ਸਾਂਝਾ ਜੋੜ ਵਖਰਾਇਆ ਗਿਆ ਹੈ। ਭਗਤ ਬਾਣੀ ਦੀ ਵੱਖਰੀ ਵਖਰੀ ਗਿਣਤੀ ਕਰਕੇ ਅੰਤ ਸਾਂਝਾ ਜੋੜ ਹੈ।

**ਰਾਗੁ ਮਲਾਰ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੧, ੩ ਤੇ ੪ ਦੀ ਗਿਣਤੀ ਵੱਖ ਵਖ ਕਰਕੇ ਅੰਤ ਵਿੱਚ ਸਾਂਝਾ ਜੋੜ ਵਖਰਾਇਆ ਗਿਆ ਹੈ। ਮਃ ੫ ਦੀ ਬਾਣੀ ਪਿਛੋਂ ਸਾਂਝਾ ਜੋੜ ਨਹੀਂ। ਭਗਤ ਬਾਣੀ ਦੀ ਵੱਖਰੀ ਵਖਰੀ ਗਿਣਤੀ ਹੈ, ਸਾਂਝਾ ਜੋੜ ਨਹੀਂ।

**ਰਾਗੁ ਕਾਨੜਾ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੪ ਤੇ ਮਃ ੫ ਦੀ ਗਿਣਤੀ ਵੱਖ ਵਖ ਕਰਕੇ ਅੰਤ ਵਿੱਚ ਸਾਂਝਾ ਜੋੜ ਵਖਰਾਇਆ ਹੈ। ਘਰੁ ਬਦਲਣ ਅਤੇ ਸੰਖੇਪ ਮੰਗਲਾਚਰਣ 'ਤੇ ਗਿਣਤੀ ਨਵੀਂ ਸ਼ੁਰੂ ਹੁੰਦੀ ਹੈ।

**ਰਾਗੁ ਕਲਿਆਨ** ਵਿੱਚ ਵੀ ਉਪਰੋਕਤ ਵਿਧੀ ਅਪਨਾਉਂਦਿਆਂ ਮਃ ੪ ਤੇ ਮਃ ੫ ਦੇ ਸ਼ਬਦਾਂ ਦੀ ਗਿਣਤੀ ਵੱਖ-ਵੱਖ ਕਰਕੇ ਅੰਤ ਵਿੱਚ ਸਾਂਝਾ ਜੋੜ ਨਹੀਂ ਕੀਤਾ।

**ਰਾਗੁ ਪ੍ਰਭਾਤੀ** ਵਿੱਚ ਵੀ ਮਃ ੧ ਤੇ ਮਃ ੩ ਦੀ ਗਿਣਤੀ ਵੱਖ ਵਖ ਹੈ। ਪਰ ਇਥੇ ਮਃ ੧ ਤੇ ਮਃ ੩ ਦਾ ਸਾਝਾਂ ਜੋੜ ਕਰਕੇ ਵਖਰਾਇਆ ਹੈ। ਮਃ ੪ ਤੇ ਮਃ ੫ ਦੇ ਸ਼ਬਦਾਂ ਦੀ ਗਿਣਤੀ ਵੀ ਵੱਖ ਵੱਖ ਹੈ, ਪਰ ਦੋਹਾਂ ਦਾ ਸਾਂਝਾ ਜੋੜ ਨਹੀਂ ਕੀਤਾ।

ਉਪਰੋਕਤ ਵੇਰਵੇ ਤੋਂ ਭਲੀ-ਭਾਂਤ ਸਪੱਸ਼ਟ ਹੁੰਦਾ ਹੈ ਕਿ ਹਰੇਕ ਰਾਗ ਦੀ ਬਾਣੀ ਦੇ ਜੋੜ-ਅੰਕਾਂ ਦਾ ਢੰਗ ਵਖਰਾ ਵਖਰਾ ਹੈ। ਭਾਵ, ਅੰਕ-ਵਿਧਾਨ ਵਿੱਚ ਇਕਸਾਰਤਾ ਨਹੀਂ ਹੈ। ਰਾਗ ਗਉੜੀ ਤੇ ਆਸਾ ਵਿੱਚ ਜੋੜ-ਅੰਕ ਵੀ ਓਵੇਂ ਸਹੀ ਕਰਨ ਵਾਲੇ ਹਨ, ਜਿਵੇਂ ਪਾਠ-ਭੇਦ ਸੂਚੀ ਪ੍ਰਕਾਸ਼ਤ ਹੋਣ ਉਪਰੰਤ ਛਾਪੇ ਦੀ ਬੀੜ ਵਿਖੇ ਭੱਟ-ਬਾਣੀ ਦੇ ਕੁੱਲ-ਜੋੜ (ਜੁਮਲਾ) ਨੂੰ ਸੋਧ ਕੇ ਲਿਖਿਆ ਗਿਆ ਸੀ। ਜਿਵੇਂ ਜਨਵਰੀ ੧੯੭੭ ਵਾਲੀ 'ਪਾਠ-ਭੇਦ ਸੂਚੀ' ਤਿਆਰ ਕਰਨ ਵਾਲੇ ਵਿਦਵਾਨਾਂ ਪਾਸ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਜੋ ਸੰਥਾ-ਸੰਚੀ ਸੀ, ਉਸ ਵਿੱਚ ਸਵਈਆਂ ਦੇ ਅਖ਼ੀਰ ਪੁਰ ਜੋੜ-ਅੰਕ ਇਉਂ ਲਿਖੇ ਸਨ : ੨੧ ॥੯ ॥੧੦ ॥੧੧ ॥੨੨ ॥੬੦ ॥੧੨੨ ॥ ਪ੍ਰੰਤੂ ਅਜੋਕੀਆਂ ਪਾਵਨ ਬੀੜਾਂ ਤੇ ਸੰਥਾ ਸੰਚੀਆਂ ਵਿੱਚ ਜੋੜ-ਅੰਕ ਸੂਚੀ ਮੁਤਾਬਿਕ ਸੋਧ ਕੇ ਇੰਝ ਲਿਖਿਆ ਹੈ :

॥੨ ॥੨੧ ॥੯ ॥੧੧ ॥੧੦ ॥੧੦ ॥੨੨ ॥੬੦ ॥੧੪੩ ॥

ਭਾਵ, ਭੱਟ ਸਵਈਏ ਮਹਲੇ ਪੰਜਵੇਂ ਦੇ ੨੧, ਸਵਯੇ ਸ੍ਰੀ ਮੁਖਬਾਕ੍ਯ ਮਃ੫ ਦੋ


# ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ

**M:** 79733-70542
**Email:** gurmatvirsa@gmail.com

ਸੰਗ੍ਰਹਿ (੯ ॥੧੧), ਭੱਟ ਸਵਈਏ ਮਃ ਪਹਿਲੇ ਦੇ ੧੦, ਦੂਜੇ ਦੇ ੧੦, ਤੀਜੇ ਦੇ ੨੨, ਚੌਥੇ ਦੇ ੬੦ ਕੁੱਲ ਜੋੜ ੧੪੩ । ਕਿਉਂਕਿ ੧੨੩ ਸਵਈਏ ਤਾਂ ਕੇਵਲ ਭੱਟਾਂ ਦੇ ਹਨ ਅਤੇ ੨੦ (੯+੧੧) ਸ੍ਰੀ ਮੁਖਵਾਕ੍ਯ ਮਃ ਪੰਜਵੇਂ ਦੇ ।

ਪਰ ਇਸ ਸੁਧਾਈ ਵਿੱਚ ਘਾਟ ਇਹ ਹੈ ਕਿ ਇੱਕ ਤਾਂ ਬਾਣੀਕਾਰਾਂ ਦੀ ਤਰਤੀਬ ਸਹੀ ਨਹੀਂ ਅਤੇ ਦੂਜੇ ਮੁਖਬਾਕ੍ਯ ਮਃ੫ ਦੇ ਸਵਈਆਂ ਨੂੰ ਭੱਟਾਂ ਦੇ ਸਵਈਆਂ ਨਾਲ ਮਿਲਾ ਕੇ ਕੁੱਲ ਜੋੜ ਕਰਨਾ ਵੀ ਠੀਕ ਨਹੀਂ, ਕਿਉਂਕਿ ਕਿਧਰੇ ਵੀ ਗੁਰੂ ਸਾਹਿਬਾਨ ਦੀ ਬਾਣੀ ਨੂੰ ਭਗਤਾਂ ਦੀ ਬਾਣੀ ਨਾਲ ਮਿਲਾ ਕੇ ਸਾਂਝਾ ਜੋੜ ਕੀਤਾ ਨਹੀਂ ਮਿਲਦਾ । ਭਾਵ, ਗੁਰਬਾਣੀ ਤੇ ਭਗਤਬਾਣੀ ਨੂੰ ਵੱਖ ਵੱਖ ਰੱਖਿਆ ਹੈ । ਇਸ ਲਈ ਸੰਪੂਰਨ ਬਾਣੀ ਬਝਵੀਂ ਤਰਤੀਬ ਮੁਤਾਬਿਕ ਚੌਥੇ ਮਹਲੇ ਦੇ ੬੦ ਅੰਕ ਲਿਖਣ ਤੋਂ ਪਿੱਛੋਂ ਮਹਲੇ ਪੰਜਵੇਂ ਦੇ ੨੧ ਦੁਬਾਰਾ ਲਿਖਣੇ ਚਾਹੀਦੇ ਸਨ । ਇਸ ਪ੍ਰਕਾਰ ਭਟ-ਬਾਣੀ ਦਾ ਵੇਰਵੇ ਭਰਪੂਰ ਸਹੀ ਜੋੜ-ਅੰਕ ਬਣਦਾ ਹੈ : ॥੨ ॥੨੧ ॥੧੦ ॥੧੦ ॥੨੨ ॥੬੦ ॥੨੧ ॥੧੨੩ ॥ ਪ੍ਰੰਤੂ ਹੋਰ ਵੀ ਅੱਛਾ ਹੋਵੇ ਜੇ ਪਦ-ਛੇਦ ਕਰਕੇ ਵਿੱਥ ਸਹਿਤ ਇਉਂ ਲਿਖਿਆ ਜਾਏ :

॥੨ ॥੨੧ ॥ ॥੧੦ ॥੧੦ ॥੨੨ ॥੬੦ ॥੨੧ ॥੧੨੩ ॥

ਕਿਉਂਕਿ ਇਸ ਪ੍ਰਕਾਰ ਪੁਰਾਤਨਤਾ ਜੋੜ-ਵਿਧੀ ਵੀ ਕਾਇਮ ਰਹਿੰਦੀ ਹੈ ਅਤੇ ਭੁਲੇਖਾ ਲਗਣ ਦੀ ਸੰਭਾਵਨਾ ਵੀ ਬਹੁਤ ਘਟ ਜਾਂਦੀ ਹੈ । ਇਸ ਜੋੜ-ਅੰਕ ਪ੍ਰਤੀ ਪਾਠ-ਭੇਦ ਸੂਚੀ ਦਾ ਹੇਠ ਲਿਖਿਆ ਨੋਟ ਵੀ ਪੜ੍ਹਨਯੋਗ ਹੈ :

**ਨੋਟ (੧)** "ਸੰਚੀ ਵਿੱਚ ਸਵਈਆਂ ਦੇ ਅਖ਼ੀਰ ਪੁਰ ਜੋੜ ਅੰਕ ਇਉਂ ਲਿਖੇ ਹਨ:-

੨੧ ॥੯ ॥੧੦ ॥੧੧ ॥੨੨ ॥੬੦ ॥੧੨੨ ॥ ਇਹ ਸਹੀ ਨਹੀਂ । ਕਿਉਂ ਜੋ ੧੨੩ ਛੰਦ ਤਾਂ ਕੇਵਲ ਭੱਟਾਂ ਦੇ ਹੀ ਹਨ । ਇਨ੍ਹਾਂ ਵਿੱਚ "੯ ॥੧੧" ਜੋੜ "ਮੁਖਵਾਕ ਮਹਲਾ ੫" ਦੇ ਵੀ ਲਿਖਾਰੀ ਨੇ ਸ਼ਾਮਿਲ ਕੀਤੇ ਹਨ । ਇਹ ਪਾ ਕੇ ਕੁੱਲ ਜੋੜ ੧੪੩ ਬਣਦਾ ਹੈ । ਲੇਕਿਨ ਪਿਛੇ ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ, ਭਗਤਾਂ ਦੇ ਸ਼ਬਦ ਸਤਿਗੁਰਾਂ ਨਾਲ ਮਿਲਾ ਕੇ, ਕਿਤੇ ਜੋੜ ਨਹੀਂ ਕੀਤਾ । ਬੱਧੀ ਮਰਿਯਾਦਾ ਕਾਇਮ ਰਖਦਿਆਂ ਹੋਇਆਂ, ਇਥੇ ਜੋੜ ਅੰਕ ਇੰਝ ਲਿਖਣੇ ਚਾਹੀਦੇ ਹਨ :-

੨੧ ॥ ਮਃ ੧ ਕੇ ੧੦ ॥ ਮਃ ੨ ਕੇ ੧੦ ॥ ਮਃ ੩ ਕੇ ੨੨ ॥ ਮਃ ੪ ਕੇ ੬੦ ॥
ਜੋੜ ਭੱਟਾਂ ਕੇ ਸਵਈਆਂ ਕਾ ੧੨੩ ॥"

ਉਪਰੋਕਤ ਵੀਚਾਰ ਤੋਂ ਸਪਸ਼ਟ ਹੁੰਦਾ ਹੈ ਕਿ ਇੱਕ ਤਾਂ ਛਾਪੇ ਦੀ ਬੀੜ ਵਿੱਚ ਬਾਣੀਕਾਰਾਂ ਦੇ ਵੇਰਵੇ ਵਾਲੇ ਜੋ ਕੁੱਲ ਜੋੜ-ਅੰਕ (ਜੁਮਲਾ) ਹਨ, ਇੱਕ ਤਾਂ ਉਨ੍ਹਾਂ ਦੀ ਲਿਖਣ ਵਿਧੀ ਵੀ ਵੀਚਾਰਨਯੋਗ ਹੈ ਅਤੇ ਦੂਜੇ, ਪਾਠਕਾਂ ਦੇ ਸੁਖਾਲਾ ਸਮਝਣ ਲਈ ਸੰਪੂਰਨ ਬਾਣੀ ਨੂੰ ਪਦ-ਛੇਦ ਕਰਨ ਵਾਂਗ ਸਾਰੇ ਜੁਮਲਿਆਂ ਨੂੰ ਵੀ ਪਦ-ਛੇਦ ਕਰਨਾ ਲੋੜੀਂਦਾ ਹੈ । ਜਿਵੇਂ ਰਾਗ ਮਾਝ ਵਿੱਚ ਮਃ ੫ ਦੀਆਂ ਅਸਟਪਦੀਆਂ ਮੁੱਕਣ 'ਤੇ ਕੁਲ ਜੋੜ ਇਉਂ ਵਖਰਾਇਆ ਹੈ :

॥੮ ॥੫ ॥੩੯ ॥੧ ॥੩੨ ॥੧ ॥੫ ॥੩੯ ॥

ਅਸੀਂ ਵੇਖਦੇ ਹਾਂ ਕਿ ਇਸ ਤਰ੍ਹਾਂ ਅੰਕ ੫ ਤੇ ੩੯ ਦੋ ਵਾਰ ਲਿਖੇ ਹਨ, ਜਿਸ ਕਰਕੇ ਪਾਠਕ ਨੂੰ ਗਿਣਤੀ ਵਿੱਚ ਭੁਲੇਖਾ ਲਗਦਾ ਹੈ । ਹੱਥ ਲਿਖਤੀ ਤੇ ਛਾਪੇ ਦੀਆਂ ਬੀੜਾਂ ਵਿੱਚ ਵਧੇਰੇ ਇਹੀ ਢੰਗ ਅਪਨਾਇਆ ਗਿਆ ਹੈ । ਪਰ ਜੇ ਇਸ ਜੋੜ ਨੂੰ ਪਦ-ਛੇਦ ਕਰਕੇ ਹੇਠ ਲਿਖੇ ਅਨੁਸਾਰ ਲਿਖਿਆ ਜਾਏ ਤਾਂ ਕੋਈ ਭਲੇਖਾ ਵੀ ਨਹੀਂ ਪੈਂਦਾ ਤੇ ਸਧਾਰਨ ਵਿਅਕਤੀ ਵੀ ਸ਼ਬਦਾਂ ਦਾ ਵੇਰਵਾ ਸੁਖਾਲੇ ਹੀ ਸਮਝ ਸਕਦਾ ਹੈ :

**॥੮ ॥੫ ॥ ॥੧ ॥੩੨ ॥੧ ॥੫ ॥੩੯ ॥** ਭਾਵ-{ ਮਃ ੧-੧, ਮਃ ੩-੩੨, ਮਃ ੪-੧, ਮਃ ੫-੫ ॥ ਕੁੱਲ ਜੋੜ ੩੯}

ਰਾਗੁ ਧਨਾਸਰੀ ਵਿੱਚ ੬੯੫ 'ਤੇ ਸ਼ਬਦਾਂ ਦਾ ਕੁੱਲ-ਜੋੜ ਇਉਂ ਲਿਖਿਆ ਹੈ ॥੨ ॥੪ ॥੯ ॥੯ ॥੧੩ ॥੫੮ ॥੪ ॥੯੩ ॥

ਭਾਵ, ਮਃ ੯ ਦੇ ੪, ਮਃ ੧ ਦੇ ੯, ਮਃ ੩ ਦੇ ੯, ਮਃ ੪ ਦੇ ੧੩, ਮਃ ੫ ਦੇ ੫੮ ਅਤੇ ਮਃ ੯ ਦੇ ੪ ॥ ਕੁੱਲ ਜੋੜ ॥੯੩ ॥

ਪਰ ਜੇ ਉਪਰੋਕਤ ਜੋੜ ਨੂੰ ਕਿਸੇ ਪ੍ਰਕਾਰ ਦੀ ਤਬਦੀਲੀ ਤੋਂ ਬਗੈਰ ਪਦ-ਛੇਦ ਕਰਕੇ ਇਉਂ ਲਿਖਿਆ ਜਾਏ ਤਾਂ ਕਿਸੇ ਕਿਸਮ ਦੇ ਭੁਲੇਖੇ ਵੀ ਗੁੰਜਾਇਸ਼ ਵੀ ਨਹੀਂ ਰਹਿੰਦੀ ਤੇ ਸਮਝ ਵੀ ਸੁਖਾਲੇ ਪੈਂਦੀ ਹੈ :

**॥੨ ॥੪ ॥ ॥੯ ॥੯ ॥੧੩ ॥੫੮ ॥੪ ॥੯੩ ॥**

ਇਸ ਲਈ ਜਥੇਦਾਰ ਵੇਦਾਂਤੀ ਜੀ ਦੁਆਰਾ ਸੋਧੀ ਅਤੇ ਸਿੱਖ ਬੁੱਕ ਕਲੱਬ ਦੁਆਰਾ ਔਨਲਾਈਨ ਪ੍ਰਕਾਸ਼ਤ ਕੀਤੇ ਬੀੜ ਦੇ ਖਰੜੇ ਵਿਖੇ ਯਤਨ ਕੀਤਾ ਜਾਪਦਾ ਹੈ ਕਿ ਹੱਥ-ਲਿਖਤ ਬੀੜਾਂ ਦੇ ਚਾਨਣ ਵਿੱਚ ਜੋੜ ਅੰਕਾਂ ਦੀਆਂ ਭੁੱਲਾਂ ਨੂੰ ਦੂਰ ਕਰਕੇ ਅੰਕ-ਵਿਧਾਨ ਪੱਖੋਂ ਵੀ ਇਕਸਾਰਤਾ ਕਾਇਮ ਹੋ ਸਕੇ । ਵੇਦਾਂਤੀ ਜੀ ਆਖਿਆ ਕਰਦੇ ਸਨ ਕਿ ਗੁਰਬਾਣੀ ਪ੍ਰੇਮੀਆਂ ਲਈ ਬਾਣੀ ਤਾਂ ਪਦ-ਛੇਦ ਹੋ ਗਈ, ਜਿਸ ਨਾਲ ਗੁਰਮੁਖੀ ਜਾਨਣ ਵਾਲੇ ਹਰੇਕ ਮਾਈ-ਭਾਈ ਲਈ ਬਾਣੀ ਪੜ੍ਹਨੀ ਤੇ ਸਮਝਣੀ ਸੌਖੀ ਹੋ ਗਈ, ਪਰ ਜੁਮਲੇ ਪਦ-ਛੇਦ ਹੋਣੋ ਰਹਿ ਗਏ ਸਨ । ਪਾਵਨ ਬੀੜ ਦੇ ਇਸ ਖਰੜੇ ਵਿੱਚ ਇਹ ਉਪਰਾਲਾ ਵੀ ਕੀਤਾ ਜਾਪਦਾ ਹੈ ਕਿ ਉਨ੍ਹਾਂ ਨੂੰ ਵੀ ਸ਼ੁਧ ਤੇ ਪਦ-ਛੇਦ ਕਰਕੇ ਹੀ ਲਿਖਿਆ ਜਾਏ । ਭਗਤ-ਬਾਣੀ ਦੇ ਜੁਮਲੇ (ਕੁੱਲ-ਜੋੜ) ਵੀ ਲਿਖੇ ਜਾਣ । ਜੋੜ ਅੰਕਾਂ ਦੀ ਸਪਸ਼ਟਤਾ ਪੱਖੋਂ ਹੋਰ ਵੀ ਚੰਗਾ ਹੋਵੇ ਜੇਕਰ ਪੰਥਕ ਪਧਰ ਦੀ ਵੀਚਾਰ ਸਦਕਾ ਸ਼ਬਦਾਂ ਦੀ ਕੁੱਲ ਗਿਣਤੀ ਵਾਲੇ ਜੋੜਾਂ (ਜੁਮਲਿਆਂ) ਵਿੱਚ ਬਾਣੀਕਾਰਾਂ ਦੇ ਸੰਖੇਪ ਪ੍ਰਤੀਕ ਮਃ੧ ਤੇ ਮਃ੩, ੪, ੫ ਤੇ ੯ਵਾਂ ਆਦਿਕ ਦਾ ਵੇਰਵਾ ਵੀ ਦਰਜ ਕਰ ਦਿੱਤਾ ਜਾਵੇ । ਕਾਰਣ ਹੈ ਕਿ ਕੁਝ ਪ੍ਰਾਚੀਨ ਹੱਥ-ਲਿਖਤੀ ਬੀੜਾਂ ਵਿੱਚ ਇਹ ਢੰਗ ਅਪਨਾਇਆ ਮਿਲਦਾ ਹੈ । ਜਿਵੇਂ 'ਪਾਠ-ਭੇਦ ਸੂਚੀ' ਮੁਤਾਬਿਕ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ਦੀ ਸੰਨ ੧੬੭੦ ਵਾਲੀ ਲਹੌਰੀ ਬੀੜ ਨੰ. ੧ ਤੋਂ ਇਲਾਵਾ ੨੧/੩੪, ੩੨/੬੨੮੧ ਅਤੇ ੪੭ ਨੰ. ਬੀੜਾਂ ਵਿੱਚ ਗਉੜੀ ਰਾਗ ਦੀਆਂ ਅਸਟਪਦੀਆਂ ਦਾ ਕੁੱਲ ਜੋੜ (ਜੁਮਲਾ) ਇਉਂ ਲਿਖਿਆ ਹੈ :

ਅਸਟਪਦੀਆ ਮਃ ੧ ॥੧੮ ॥ ਮਃ ੩ ॥੯ ॥ ਮਃ ੪ ॥੨ ॥ ਮਃ ੫ ॥੧੫ ॥ ਤਿਨ ਕਾ ਜੁਮਲਾ ੪੪ ॥

(...ਚੱਲਦਾ)

# ਧੰਨ ਆ ਤੁਸੀਂ...

ਵਾਕਿਆ ਇਹੀ ਰੋਕ ਸਕਦੇ ਸੀ ਸਿਕੰਦਰ ਨੂੰ...... ਮਾਝੇ ਵਾਲੇ...... ਜੇ ਕਦੇ ਤੁਸੀਂ ਦਰਿਆ ਨਾਲ ਖੁਰਦੇ ਕਿਨਾਰਿਆਂ ਨੂੰ ਮਿੱਟੀ ਲਾਉਂਦੇ ਸਿੰਘਾਂ ਦੇ ਜੈਕਾਰੇ ਸੁਣੋ ਤਾਂ ਪਤਾ ਆਪਣੇ ਆਪ ਲੱਗ ਜਾਊ...... ਵੀਡੀਓ ਦੇਖ ਡਰ ਆਉਂਦਾ ਪਾਣੀ ਤੋਂ...... ਸਾਫ ਪਤਾ ਲੱਗਦਾ ਜੇ ਟੁੱਟ ਗਿਆ......... ਬੰਨਣ ਵਾਲਿਆਂ ਦੇ ਵੀ ਪੈਰ ਨੀ ਲੱਗਣ ਦੇਣੇ....... ਪਰ ਜਦੋਂ ਫਸਲ ਦਾ ਸਵਾਲ ਹੋਵੇ...... ਜਦੋਂ ਕੀਤੀ ਮਿਹਨਤ ਖੇਤਾਂ 'ਚ ਖੜੀ ਹੋਵੇ...... ਜਦੋਂ ਕਿਸੇ ਦੀ ਛੱਤ ਰੁੜਨ ਦਾ ਖਤਰਾ ਹੋਵੇ...... ਫਿਰ ਹਿੰਮਤੀ ਹੱਥ ਸਾਹ ਚੱਲਣ ਤੱਕ ਹਰਕਤ ਵਿੱਚ ਰਹਿੰਦੇ ਆ...... ਵਾਕਿਆ ਦਰਿਆ ਦੇ ਨੱਕੇ 'ਚ ਖੜੇ ਸਿੰਘਾਂ ਨੂੰ ਦੇਖ ਕੇ ਮਹਿਸੂਸ ਹੁੰਦਾ ਏ...... ਉਹੀ ਆ ਇਹ ਜਿੰਨਾ ਤੋਪ ਦਾ ਚੱਕਾ ਟੁੱਟਣ ਤੇ...... ਹੇਠਾਂ ਮੋਢਾ ਦੇ ਲਿਆ ਹੋਊ....... ਇਹ ਉਹੀ ਆ ਜਿਨ੍ਹਾਂ ਨੇ ਗੁਰੂ ਸਾਹਿਬ ਨੂੰ ਕਿਹਾ ਸੀ...... 'ਮੇਰੇ ਤੇ ਪਰਖੋ ਨਿਸ਼ਾਨਾ'.........

ਮਾੜੇ ਬੰਦੇ ਨੂੰ ਸੁਪਨੇ 'ਚ ਐਨਾ ਪਾਣੀ ਦਿਸ ਜਾਵੇ ਸਵੇਰੇ ਕਿਸੇ ਬਾਬੇ ਕੋਲ ਜਾ ਖੜਦਾ ਏ ....... 'ਮਹਾਰਾਜ ਮੈਨੂੰ ਰਾਤ ਪਾਣੀ ਦਿਸਿਆ...... ਦੱਸੋ ਕੋਈ ਸੰਕਟ ਤਾਂ ਨੀ'

ਐਧਰ ਕੋਈ ਲੇਖਾ ਪਤਾ ਈ ਨੀ......... ਕਿਸੇ ਦੇ ਪਸ਼ੂ ਰੁੜ੍ਹ ਗਏ...... ਪਰ ਚਾਹ ਪੁੱਛੀ ਜਾਂਦਾ ਏ...... ਪਤਾ ਲੈਣ ਗਏ ਨੂੰ...... ਕਿਸੇ ਦੇ ਦਾਣੇ ਰੁੜ੍ਹ ਗਏ, ਪਰ 'ਲੰਗਰ ਦੀ ਸੇਵਾ ਦੱਸੋ'....... ਕਹੀ ਜਾਂਦਾ ਏ...... ਹਰੇਕ ਤੀਜੇ ਸਾਲ ਏਨਾ ਦਾ ਸਾਰਾ ਕੁਝ ਰੁੜ੍ਹ ਜਾਂਦਾ ਏ..... ਪਰ ਚੜ੍ਹਦੀ ਕਲਾਂ ਪਤਾ ਨੀ ਕਿਸ ਖੂੰਜੇ ਪਈ ਰਹਿ ਜਾਂਦੀ ਆ...... ਵਾਹ ਓ ਗੁਰੂ ਦਿਓ ਸਿੰਘੋ, ਧੰਨ ਆ ਤੁਸੀਂ.......।

## ਕਾਵਿ ਕਿਆਰੀ

# ਮਾਤਾ ਗੁਜਰੀ ਜੀ

**ਚਰਨ ਸਿੰਘ ਸਫ਼ਰੀ**

ਮਾਤਾ ਗੁਜਰੀ ਦੇ ਕੋਲ ਭੱਜਾ ਭੱਜਾ
ਇਕ ਗਇਆ ਜੱਲਾਦ ਤੇ ਕਹਿਣ ਲੱਗਾ।
ਇਕ ਜੋੜਾ ਮਾਸੂਮਾਂ ਦਾ ਰਹਿ ਗਿਆ ਸੀ
ਅੱਜ ਜਾਪਦਾ ਉਹ ਵੀ ਨੀ ਰਹਿਣ ਲੱਗਾ।
ਵੱਡੇ ਪੋਤਰੇ ਦਾਦੇ ਦੇ ਮਗਰ ਤੁਰ ਗਏ
ਛੋਟੇ ਆਸਰਾ ਸਨ ਉਹ ਵੀ ਢਹਿਣ ਲੱਗਾ।
ਬੈਠ 'ਨ੍ਹੇਰੇ 'ਚ ਅੰਮੀਏ ਅੱਜ ਤੇਰੇ
ਪੂਰੇ ਚੰਦ ਨੂੰ ਲੱਗਣ ਗ੍ਰਹਿਣ ਲੱਗਾ।
ਬੇਟਾ ਲਾ-ਪਤਾ ਏ ਅੱਗੋਂ ਦੇਖ ਕਿਸਮਤ
ਤੇਰੇ ਬੇਟੇ ਦੇ ਬੇਟੇ ਔਹ ਜਾ ਰਹੇ ਨੇ।
ਰੇਸ਼ਮ ਵਿਚ ਲਪੇਟ ਕੇ ਰੱਖਦੀ ਸੈਂ
ਇੱਟਾਂ ਵਿਚ ਲਪੇਟੇ ਔਹ ਜਾ ਰਹੇ ਨੇ।
ਜੇ ਮੈਂ ਜ਼ਰਾ ਵੀ ਅੰਮੀਏ ਝਿਜਕਿਆ ਤਾਂ
ਮੈਨੂੰ ਮੇਰਿਆਂ ਮਾਲਕਾਂ ਝਿੜਕਣਾ ਏਂ।
ਇੱਟਾਂ ਭਾਰੀਆਂ ਨੇ ਜਿੰਦਾਂ ਹਲਕੀਆਂ ਨੇ
ਇਹਨਾਂ ਡੋਲਣਾ ਕੰਬਣਾ ਥਿੜਕਣਾ ਏਂ।
"ਪਾਣੀ" ਕਿਹਾ ਮਾਸੂਮਾਂ ਨੇ ਸਹਿਮ ਕੇ ਤਾਂ
ਤੇਰੇ ਦੀਦਿਆਂ ਨੇ ਲਹੂ ਛਿੜਕਣਾ ਏਂ।
ਲਾ ਲੈ ਕਾਲਜੇ 'ਨਾ ਜਾ ਕੇ ਬੱਚਿਆਂ ਨੂੰ
ਤੇਰਾ ਫੇਰ ਜੂ ਕਾਲਜਾ ਤਿੜਕਣਾ ਏਂ।
ਮੇਰਾ ਦਿਲ ਗਵਾਹ ਹੈ ਅੱਜ ਜੇਕਰ
ਤੁਹਾਡੀ ਜ਼ਾਮਨੀ ਜੇ ਕੁਈ ਸ਼ਖ਼ਸ ਦੇਵੇ।
ਸੂਬਾ ਬੁੱਢੜੀ ਮਾਂ 'ਤੇ ਤਰਸ ਖਾ ਕੇ
ਖ਼ਬਰੇ ਭੁੱਲ ਮਾਸੂਮਾਂ ਦੀ ਬਖ਼ਸ਼ ਦੇਵੇ।
ਬੁੱਢੀ ਮਾਂ ਨੂੰ ਬੁਰਜ ਦੀ ਕੈਦ ਅੰਦਰ
ਜਦੋਂ ਏਦਾਂ ਦਾ ਸੁੱਖ ਸੁਨੇਹਾ ਆਇਆ।
ਉਹਦੇ ਚਿਹਰੇ ਦੀਆਂ ਝੁਰੜੀਆਂ ਭੜਕ ਉਠੀਆਂ
ਹਿਰਦੇ ਵਿਚ ਉਬਾਲ ਅਜਿਹਾ ਆਇਆ।
ਬੈਠੀ ਜ਼ਿੰਦਗੀ ਪੁੱਛਦੀ ਜ਼ਿੰਦਗੀ ਨੂੰ
ਸਮਾਂ ਜ਼ਿੰਦਗੀ ਵਿਚ ਇਹ ਕੇਹਾ ਆਇਆ।
ਇਹ ਦਸਮੇਸ਼ ਦੀ ਮਾਂ ਏਂ ਸੂਬ੍ਹਾ ਜਿਹਨੂੰ
ਪਿਆਲਾ ਪਾਣੀ ਦਾ ਤੇ ਟੁੱਕਰ ਬੇਹਾ ਆਇਆ।
ਕਹਿਣ ਲੱਗੀ ਜੱਲਾਦ ਨੂੰ ਜੀ ਸਦਕੇ
ਏਥੋਂ ਤਿਕ ਤੂੰ ਆਇਆ ਏਂ ਜੀ ਸਦਕੇ।
ਮੇਰੇ ਨੈਣਾਂ 'ਚ ਨਮੀਂ ਲਿਆਉਣ ਖ਼ਾਤਿਰ
ਨਵੀਂ ਖ਼ਬਰ ਲਿਆਇਆ ਏਂ ਜੀ ਸਦਕੇ।
ਹੁਕਮ ਮੰਨਦਾ ਏਂ ਤੈਨੂੰ ਕੌਣ ਕਹਿੰਦਾ
ਬੇ-ਘਿਣਿਆਂ ਕਰੀ ਬੇ-ਘਿਣੀ ਜਾਨੈਂ।
ਕੰਧ ਮਿਣੀ ਜਾਨੈਂ ਵਾਰ ਵਾਰ ਜਿਹੜੀ
ਕਫ਼ਨ ਮੁਗ਼ਲ ਹਕੂਮਤ ਦਾ ਮਿਣੀ ਜਾਨੈਂ।
ਕਹਿਨੈਂ ਕਾਲਜੇ 'ਨਾ ਲਾ ਲਾਂ ਬੱਚਿਆਂ ਨੂੰ
ਮਿਹਰਬਾਨੀਆਂ ਦੀ ਗਿਣਤੀ ਗਿਣੀ ਜਾਨੈਂ।
ਮੇਰਾ ਕਾਲਜਾ ਬੀਬਿਆ ਇੱਟ ਹੈ ਸੋ
ਇੱਟਾਂ ਵਿਚ ਤਾਂ ਲਾਲਾਂ ਨੂੰ ਚਿਣੀ ਜਾਨੈਂ।
ਮਸਾਂ ਰਾਜ ਦਰਬਾਰ ਵਿਚ ਕੰਮ ਲੱਭਾ
ਇਹੁ ਜੇਹੀ ਮਜੂਰੀ ਕਿਉਂ ਛੱਡ ਆਇਉਂ।
ਜਿੱਥੇ ਸਿੱਖੀ ਦੇ ਮਹਿਲ ਦੀ ਛੱਤ ਪੈਣੀ
ਉਹ ਦੀਵਾਰ ਅਧੂਰੀ ਕਿਉਂ ਛੱਡ ਆਇਉਂ।
ਪਰਤ ਗਿਆ ਜੱਲਾਦ ਫਿਰ ਦੁਖੀ ਹੋ ਕੇ
ਖ਼ੂਨੀ ਕੰਧ ਉੱਤੇ ਇੱਟਾਂ ਲਾਉਣ ਲੱਗਾ।
ਅੰਬਰ ਵਿਚ ਕਹਾਰੀ ਦੇ ਛੇਕ ਪੈ ਗਏ।
ਸੀਨਾ ਪ੍ਰਿਥਵੀ ਦਾ ਥਰ-ਥਰਾਉਣ ਲੱਗਾ।
ਫ਼ਤਿਹ ਸਿੰਘ ਮਾਸੂਮ ਦੇ ਮੂੰਹ ਉਤੇ
ਜਦੋਂ ਰੱਦਾ ਅਖ਼ੀਰਲਾ ਆਉਣ ਲੱਗਾ।
ਪੱਜ ਗਾਰੇ ਦੇ ਫੇਰ ਜੱਲਾਦ ਭੱਜਾ
ਮਾਤਾ ਗੁਜਰੀ ਤਾਈਂ ਸੁਨਾਉਣ ਲੱਗਾ।
"ਮਾਤਾ ਗੁਜਰੀਏ ਕਿਹੁ ਜਿਹੀ ਗੁਜ਼ਰਦੀ ਏ"
ਦੋ ਜਿੰਦਾਂ ਪਿਆਰੀਆਂ ਗੁਜ਼ਰ ਗਈਆਂ।
ਗਇਆ ਗੁਜ਼ਰਿਆ ਸ਼ਹਿਰ ਵੀ ਆਖਦਾ ਏ
ਗੁਜਰੀ ਉਤੇ ਕਹਾਰੀਆਂ ਗੁਜ਼ਰ ਗਈਆਂ।
ਮਾਤਾ ਗੁਜਰੀ ਅਗੋਂ ਜਵਾਬ ਦਿੱਤਾ
ਮੇਰਾ ਨਾਂ ਗੁਜਰੀ ਮੇਰੀ ਅੱਲ ਗੁਜਰੀ।
ਇਹੁ ਜਿਹੀ ਕਹਾਰੀ ਤਾਂ ਮੇਰੇ ਉਤੇ
ਘੜੀ ਘੜੀ ਗੁਜਰੀ ਪਲ ਪਲ ਗੁਜਰੀ
ਪਹਿਲਾਂ ਪਤੀ ਦਿੱਤਾ ਫਿਰ ਮੈਂ ਪੋਤੇ ਦਿੱਤੇ
ਆ ਹੁਣ ਮੌਤ ਮੈਨੂੰ ਕਹਿੰਦੀ ਚੱਲ ਗੁਜਰੀ।
ਗੁਜਰੀ ਲੋਕ ਮੈਨੂੰ ਤਾਹੀਉਂ ਆਖਦੇ ਨੇ
ਜਿਹੜੀ ਆਈ ਸਿਰ 'ਤੇ ਉਹ ਮੈਂ ਝੱਲ ਗੁਜਰੀ।
ਇਹ ਹੈ ਉਹ ਗੁਜਰੀ ਜਿਹਨੇ ਦੇਸ਼ ਖ਼ਾਤਿਰ
ਸਾਰਾ ਜਿਗਰ ਦਾ ਖ਼ੂਨ ਤਰੌਂਕ ਦਿੱਤਾ।
